ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 6 | Issue 22 | 31 May to 06 June 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਰਸੋਈਏ ਦੀ 'ਖੱਡ' 'ਚ ਡਿੱਗ ਸਕਦਾ ਹੈ ਰਾਣਾ ਗੁਰਜੀਤ ਸਿੰਘ

### *ਵਿਧਾਨ ਸਭਾ ਸੈਸ਼ਨ 'ਚ ਵਿਰੋਧ ਤੋਂ ਬਚਣ ਲਈ ਰਾਣਾ ਗੁਰਜੀਤ ਖ਼ਿਲਾਫ਼ ਜਾਂਚ ਦੇ ਹੁਕਮ*

### *ਨੈਤਿਕ ਆਧਾਰ 'ਤੇ ਰਾਣਾ ਗੁਰਜੀਤ ਵਲੋਂ ਪੇਸ਼ ਅਸਤੀਫ਼ਾ ਨਾ ਮਨਜ਼ੂਰ*



**ਚੰਡੀਗੜ੍ਹ/ਬਿਊਰੋ ਨਿਊਜ਼ :** ਬਿਜਲੀ ਤੇ ਸਿੰਜਾਈ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਰਸੋਈ ਅਮਿਤ ਬਹਾਦੁਰ ਵਲੋਂ 26 ਕਰੋੜ ਵਿਚ ਖ਼ਰੀਦੀ ਗਈ ਖੱਡ ਨੇ ਭਾਵੇਂ ਕੈਪਟਨ ਸਰਕਾਰ ਦਾ ਮੂੰਹ ਕੌੜਾ ਕਰ ਦਿੱਤਾ ਹੈ ਪਰ ਕੈਪਟਨ ਨੇ ਇਸ ਮਾਮਲੇ ਦੀ ਜਾਂਚ ਦਾ ਹੁਕਮ ਦੇ ਕੇ ਵਿਰੋਧੀਆਂ ਦਾ 'ਮੂੰਹ ਮਿੱਠਾ' ਕਰਾਉਣ ਦਾ ਯਤਨ ਕੀਤਾ ਹੈ। ਰਾਣਾ ਗੁਰਜੀਤ ਖ਼ਿਲਾਫ਼ ਨਾਰੰਗ ਜਾਂਚ ਕਮਿਸ਼ਨ ਬਿਠਾ ਕੈਪਟਨ ਅਮਰਿੰਦਰ ਸਿੰਘ ਨੇ ਵਿਰੋਧੀ ਧਿਰ ਤੇ ਕਾਂਗਰਸ ਦੇ ਅੰਦਰੂਨੀ ਵਿਰੋਧ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਨਾਰੰਗ ਜਾਂਚ ਕਮਿਸ਼ਨ ਨੂੰ ਇਕ ਮਹੀਨੇ ਦੇ ਅੰਦਰ ਅੰਦਰ ਰਿਪੋਰਟ ਦੇਣ ਲਈ ਕਿਹਾ ਹੈ। ਸਾਫ਼ ਹੈ ਕਿ ਕੈਪਟਨ ਦੀ ਨਜ਼ਰ ਆਉਣ ਵਾਲੇ ਬੱਜਟ ਸੈਸ਼ਨ 'ਤੇ ਹੈ। ਕੈਪਟਨ ਜਾਣਦੇ ਹਨ ਕਿ ਜੇਕਰ ਰਾਣਾ ਦੇ ਮਾਮਲੇ ਵਿਚ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਬੱਜਟ ਸੈਸ਼ਨ ਵਿਚ ਵਿਰੋਧੀ ਧਿਰ ਦੇ ਵਿਰੋਧ ਦਾ ਸਾਹਮਣਾ ਕਰਨਾ ਪਏਗਾ। ਇਸ ਮਾਮਲੇ ਨੂੰ ਲੈ ਕੇ ਕੈਪਟਨ, ਪਾਰਟੀ ਪ੍ਰਧਾਨ ਸੁਨੀਲ ਜਾਖੜ, ਏ.ਜੀ. ਅਤੁਲ ਨੰਦਾ ਅਤੇ ਮੁੱਖ ਮੰਤਰੀ ਦਫ਼ਤਰ ਦੇ ਅਫਸਰਾਂ ਦੀਆਂ 3 ਮੀਟਿੰਗਾਂ ਹੋਈਆਂ, ਜਿਸ ਵਿਚ

ਬਾਕੀ ਸਫ਼ਾ 34 'ਤੇ

## ਰਾਣਾ ਗੁਰਜੀਤ ਖ਼ਿਲਾਫ਼ ਕਾਰਵਾਈ ਦੀ ਮੰਗ ਨੂੰ ਲੈ ਕੇ 'ਆਪ' ਵਿਧਾਇਕਾਂ ਨੇ ਦਿੱਤੀਆਂ ਗ੍ਰਿਫ਼ਤਾਰੀਆਂ

**ਚੰਡੀਗੜ੍ਹ/ਬਿਊਰੋ ਨਿਊਜ਼ :** 'ਆਪ' ਅਤੇ ਲੋਕ ਇਨਸਾਫ਼ ਪਾਰਟੀ ਦੇ ਵਿਧਾਇਕਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕੋਠੀ ਵੱਲ ਮਾਰਚ ਦੌਰਾਨ ਪੁਲੀਸ ਨੂੰ ਭਾਜੜਾਂ ਪਾਈ ਰੱਖੀਆਂ। ਬਾਅਦ ਵਿੱਚ ਪੁਲੀਸ ਨੇ ਵਿਧਾਇਕਾਂ ਨੂੰ ਸੈਕਟਰ-2 ਤੇ 3 ਦੇ ਚੌਕ ਨੇੜੇ ਹਿਰਾਸਤ ਵਿਚ ਲੈ ਕੇ ਥਾਣੇ ਡੱਕ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ 'ਆਪ' ਅਤੇ ਲੋਕ ਇਨਸਾਫ ਪਾਰਟੀ ਨੇ ਬਿਜਲੀ ਤੇ ਸਿੰਜਾਈ ਮੰਤਰੀ ਰਾਣਾ ਗੁਰਜੀਤ ਸਿੰਘ ਨੂੰ ਮਾਈਨਿੰਗ ਦੀ ਬੋਲੀ ਦੇ ਮਾਮਲੇ ਵਿੱਚ ਮੰਤਰੀ ਮੰਡਲ ਵਿਚੋਂ ਕੱਢਣ ਅਤੇ ਸ੍ਰੀ ਰਾਣਾ ਦੇ ਖਾਨਸਾਮਿਆਂ ਵੱਲੋਂ ਮਾਈਨਿੰਗ ਦੀਆਂ ਖੱਡਾਂ ਖਰੀਦਣ ਦੇ ਮਾਮਲੇ ਦੀ ਜਾਂਚ ਲਈ ਜਸਟਿਸ ਜੇਐੱਸ ਨਾਰੰਗ ਦੀ ਅਗਵਾਈ ਹੇਠ ਬਣਾਏ ਕਮਿਸ਼ਨ ਨੂੰ ਰੱਦ ਕਰਕੇ ਕਿਸੇ ਮੌਜੂਦਾ ਜੱਜ ਦੀ ਅਗਵਾਈ ਹੇਠ ਕਮਿਸ਼ਨ ਬਣਾਉਣ ਦੀ

ਬਾਕੀ ਸਫ਼ਾ 34 'ਤੇ



ਪੰਜਾਬ ਵਿਧਾਨ ਸਭਾ ਤੋਂ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਮਾਰਚ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਆਗੂ।

## ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸੰਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ 'ਚ ਚੌਥਾ ਮਹਾਨ ਨਗਰ ਕੀਰਤਨ 11 ਜੂਨ ਨੂੰ

### *ਸਾਨ ਫਰਾਂਸਿਸਕੋ 'ਚ ਹੋਣ ਵਾਲੇ ਨਗਰ ਕੀਰਤਨ ਦੀਆਂ ਤਿਆਰੀਆਂ ਮੁਕੰਮਲ*

**ਸਾਨ ਫਰਾਂਸਿਸਕੋ/ਬਿਊਰੋ ਨਿਊਜ਼:** ਸਮੂਹ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਵਲੋਂ ਸਾਂਝੇ ਤੌਰ ਉੱਤੇ ਕੱਢੇ ਜਾਣ ਵਾਲੇ ਸਾਨ ਫਰਾਂਸਿਸਕੋ ਨਗਰ ਕੀਰਤਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸੰਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਚੌਥਾ ਮਹਾਨ ਨਗਰ ਕੀਰਤਨ 11 ਜੂਨ 2017 ਨੂੰ ਕੈਲੀਫੋਰਨੀਆ ਦੇ ਪ੍ਰਸਿੱਧ ਸ਼ਹਿਰ ਸਾਨ ਫਰਾਂਸਿਸਕੋ ਦੇ ਡਾਊਨ ਟਾਊਨ ਵਿਚ ਸਜਾਇਆ ਜਾ ਰਿਹਾ ਹੈ। ਇਹ ਨਗਰ ਕੀਰਤਨ 50, 2nd ਸਟਰੀਟ ਤੋਂ ਆਰੰਭ ਹੋ ਕੇ ਸਿਵਿਕ ਸੈਂਟਰ ਉੱਤੇ ਜਾ ਕੇ ਸਮਾਪਤ ਹੋਵੇਗਾ। ਸਿਵਿਕ ਸੈਂਟਰ ਵਿਖੇ ਸਜਾਏ ਜਾਣ ਵਾਲੇ ਵਿਸ਼ੇਸ਼ ਦੀਵਾਨ ਵਿਚ ਕੀਰਤਨ ਕਵੀਸ਼ਰੀ ਜਥਿਆਂ, ਜਥਿਆਂ ਤੋਂ ਇਲਾਵਾ ਪੰਥਕ ਬੁਲਾਰਿਆਂ ਵਲੋਂ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਉਂਦਿਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਜੂਨ 1984 ਵਿਚ ਹਿੰਦੋਸਤਾਨੀ ਹਾਕਮਾਂ ਵੱਲੋਂ ਸਿੱਖਾਂ ਦੇ ਪਾਵਨ ਪਵਿੱਤਰ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਹੋਏ ਵਹਿਸ਼ੀ ਹਮਲੇ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਦਿਆਂ ਸ਼ਹਾਦਤਾਂ ਪ੍ਰਾਪਤ ਕਰਨ ਵਾਲੇ ਸਿੰਘਾਂ, ਸਿੰਘਣੀਆਂ, ਬੱਚਿਆਂ ਅਤੇ ਬਜ਼ੁਰਗਾਂ ਦੀਆਂ ਸ਼ਹਾਦਤਾਂ ਨੂੰ ਸਿਜਦਾ ਕੀਤਾ ਜਾਵੇਗਾ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਾਹਿਤ

ਬਾਕੀ ਸਫ਼ਾ 34 'ਤੇ

## 'ਦਿ ਬਲੈਕ ਪ੍ਰਿੰਸ' : ਪ੍ਰਚਾਰ ਮੁਹਿੰਮ ਦੀ ਸ਼ੁਰੂਆਤ

### *ਫ਼ਿਲਮ ਦੀ ਸਮੁੱਚੀ ਟੀਮ ਨੇ ਫ਼ਿਲਮ ਦੇ ਇਤਿਹਾਸਕ ਪਲਾਂ ਨਾਲ ਇਨਸਾਫ਼ ਕੀਤਾ : ਸ਼ਬਾਨਾ ਆਜ਼ਮੀ*

**ਲੁਧਿਆਣਾ/ਬਿਊਰੋ ਨਿਊਜ਼ :** 'ਦਿ ਬਲੈਕ ਪ੍ਰਿੰਸ' ਦੇ ਅਦਾਕਾਰ ਸਤਿੰਦਰ ਸਰਤਾਜ ਤੇ ਅਦਾਕਾਰਾ ਸ਼ਬਾਨਾ ਆਜ਼ਮੀ ਫ਼ਿਲਮ ਦੀ ਪ੍ਰਮੋਸ਼ਨ ਲਈ ਹੋਟਲ ਹਿਆਤ ਵਿਚ ਪੁੱਜੇ। ਫ਼ਿਲਮ ਵਿਚ ਸਤਿੰਦਰ



ਸਰਤਾਜ ਮਹਾਰਾਜਾ ਦਲੀਪ ਸਿੰਘ ਅਤੇ ਅਦਾਕਾਰਾ ਸ਼ਬਾਨਾ ਆਜ਼ਮੀ ਮਹਾਰਾਣੀ ਜਿੰਦਾਂ ਦੀ ਭੂਮਿਕਾ ਨਿਭਾਅ ਰਹੀ ਹੈ। ਫ਼ਿਲਮ ਵਿਚ ਪੰਜਾਬ ਦੇ ਆਖਰੀ ਸ਼ਾਸ਼ਕ ਮਹਾਰਾਜ ਦਲੀਪ ਸਿੰਘ ਦੀ ਅਣਕਹੀ ਕਹਾਣੀ ਨੂੰ ਪੇਸ਼ ਕੀਤਾ ਜਾਵੇਗਾ, ਜੋ ਭਾਰਤ ਦੀ ਅਮੀਰ ਵਿਰਾਸਤ ਦੇ ਆਖਰੀ ਵਾਰਿਸ ਨੂੰ ਆਈਆਂ ਮੁਸ਼ਕਲਾਂ ਨੂੰ ਪਰਦੇ 'ਤੇ ਰੂਪਮਾਨ ਕੀਤਾ ਗਿਆ ਹੈ। ਸ਼ਬਾਨਾ ਇਸ ਬਾਰੇ ਦੱਸਦੇ ਹਨ, "ਜਦੋਂ ਮੈਨੂੰ ਇਹ ਕਿਰਦਾਰ ਨਿਭਾਉਣ ਲਈ ਪ੍ਰਸਤਾਵ ਆਇਆ ਤਾਂ ਇਸ ਬਾਰੇ ਮੈਂ ਕਾਫ਼ੀ ਉਤਸ਼ਾਹਤ ਹੋਈ ਕਿਉਂਕਿ ਫ਼ਿਲਮ ਬਾਰੇ ਅਜਿਹੀਆਂ ਬਹੁਤ ਗੱਲਾਂ ਸਨ ਜੋ ਮੈਂ ਪਹਿਲਾਂ ਨਹੀਂ ਸੀ ਜਾਣਦੀ।

ਬਾਕੀ ਸਫ਼ਾ 34 'ਤੇ

## ਘੱਲੂਘਾਰਾ ਦਿਵਸ ਸ਼ਾਂਤਮਈ ਤਰੀਕੇ ਨਾਲ ਮਨਾਉਣ ਲਈ ਪ੍ਰੋ. ਬਡੂੰਗਰ ਵਲੋਂ ਸਿਮਰਨਜੀਤ ਸਿੰਘ ਮਾਨ ਤੇ ਦਲ ਖਾਲਸਾ ਆਗੂਆਂ ਨਾਲ ਮੁਲਾਕਾਤ

**ਫ਼ਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :** 6 ਜੂਨ 1984 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਫ਼ੌਜ ਦੇ ਹਮਲੇ ਦੌਰਾਨ ਸ਼ਹੀਦ ਹੋਏ ਸਿੱਖਾਂ ਦੀ ਯਾਦ ਵਿਚ ਹਰੇਕ ਸਾਲ ਮਨਾਏ ਜਾਂਦੇ ਘੱਲੂਘਾਰਾ ਦਿਵਸ 'ਤੇ ਸ਼ਾਂਤਮਈ ਤੇ ਅਮਨਪਸੰਦ ਤਰੀਕੇ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਦੇ ਮੰਤਵ ਨਾਲ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਵੱਲੋਂ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਹੋਰ ਪਾਰਟੀ ਅਹੁਦੇਦਾਰਾਂ ਨਾਲ ਬੰਦ ਕਮਰਾ ਮੀਟਿੰਗ ਕੀਤੀ। ਇਸ ਤੋਂ ਇਲਾਵਾ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ



ਦਲ ਖ਼ਾਲਸਾ ਜਥੇਬੰਦੀ ਦੇ ਸਕੱਤਰ ਜਨਰਲ ਕੰਵਰਪਾਲ ਸਿੰਘ ਬਿੱਟੂ ਸਮੇਤ ਹੋਰ ਆਗੂਆਂ ਨਾਲ ਵੀ ਵੱਖਰੀ-ਵੱਖਰੀ ਮੁਲਾਕਾਤ ਕੀਤੀ ਗਈ। ਮੀਟਿੰਗ ਉਪਰੰਤ ਜਾਣਕਾਰੀ ਦਿੰਦਿਆਂ ਪ੍ਰੋ. ਬਡੂੰਗਰ ਨੇ ਕਿਹਾ ਕਿ ਸ਼ਹੀਦ ਸਾਰਿਆਂ ਦੇ ਸਾਂਝੇ ਹੁੰਦੇ ਹਨ ਤੇ ਘੱਲੂਘਾਰਾ ਦਿਵਸ ਸਿੱਖ ਕੌਮ ਲਈ ਅਹਿਮ ਹੈ, ਇਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਾਕਾ ਨੀਲਾ ਤਾਰਾ ਦਿਵਸ 'ਤੇ ਇਕਜੁੱਟ ਹੋ ਕੇ ਅਰਦਾਸ ਕਰਨ ਲਈ

ਬਾਕੀ ਸਫ਼ਾ 34 'ਤੇ


ਵਿਸ਼ੇਸ਼ ਸੂਚਨਾ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਜੈ ਸਿੰਘ
ਫੋਨ ਨੰਬਰ
510-677-2777

SAVE $2500 ON DIESEL PER TRUCK WITH ONE CALL!
11¢ DISCOUNT PER GALLON
✓ No more Pre-Paid Cards
✓ Get Rid of Bank Wires ✓ Low Transaction Fee
TRANS-ALLIANCE (855) 641-6955 • (888) 795-7035
sales@trans-alliance.com • www.trans-alliance.com

JASPREET SINGH
Attorney-At-law
Loan Modification
Bankruptcy, Immigration,
Political Asylum, Deportation Defense,
Citizenship, L-1, H-1, Family Law, Divorce
FREMONT
44790 S. GRIMMER BLVD
# 204, FREMONT, CA 94538
Phone : 510-657-6444, Fax : 510-657-6443
SACRAMENTO
2945 W. CATPITOL AVENUE
W. SACRAMENTO, CA 95691
Phone : 916-372-4448, Fax : 916-372-4440

Punjabi Radio USA
408-272-5200

KHALSA INSURANCE AGENCY, INC.
Khalsa Insurance Agency is among TOP 50 agencies
COVERED CALIFORNIA
OBAMACARE
Call Now for the Lowest Health Insurance Premiums available
Some Households qualify for FREE HEALTHCARE
408-272-2500

Global Visa Service
• Indian visa
• Indian passport renewals
• Oci cards
• Renunciation
• Notary services
• China visa
• Russia visa
• Brazil visa
• Providing consistent, fast and reliable Visa service to US travelers
JAY SUMMAN
415.850.9278
39271 Mission Blvd, #210, Fremont, CA 94539

FLY AIR TRAVEL
Fly Air Travel
Best Deals to India
Flights-Hotels-Cars-Vacations
Visa & Passport Services
Best Deals to
India - Fiji - Europe
Australia - Asia
Corporate Travel Management
Domestic Special Fares & Packages
Group Specials
Fly Air Travel
39111 Paseo Padre Parkway Suite 201A
Fremont, CA 94538
Please Contact : Preeti Kang
Phone : 510-744-5152, 510-509-8890
Email: info@flyairtravel.us
VISA MasterCard DISCOVER NETWORK AMERICAN EXPRESS

Opening Soon
Help wanted
★ Cook
★ Tandoria
★ server and
★ other helpers
Please call Manit Nagra at
317-750-1900.
Tiffin Indian Restaurant
1480 N State Road 1, Cambridge City, IN 47327
Truckers Best Truck Stop Dhaba Restaurant

Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines
Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
Best of 2016 Fremont
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com




CHAAT BHAVAN®

Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING
FOR YOUR SPECIAL EVENT
from 50 to upto 10,000 guests.
*Setup a Tasting Appointment Today!*

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM

ੴ ਸਤਿਗੁਰ ਪ੍ਰਸਾਦਿ ॥

ਜਨਮ ਮਰਨ ਦੁਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥

# ਗੁਰਦੁਆਰਾ ਸਾਹਿਬ ਵਰਮੌਂਟ, ਲਾਸ ਏਂਜਲਸ

## Vermont Gurudwara Sahib

1966 N Vermont Ave. Los Angles CA-90027 Phone 323-665-7707

## ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 67 ਵੀਂ ਬਰਸੀ



ਸੰਤ ਪ੍ਰੇਮ ਸਿੰਘ ਜੀ ਸੋਸਾਇਟੀ ਆਫ਼ ਲਾਸ ਏਂਜਲਸ
ਅਤੇ ਗੁਰਦੁਆਰਾ ਸਾਹਿਬ ਵਰਮੌਂਟ
ਦੀ ਪ੍ਰਬੰਧਕ ਕਮੇਟੀ ਵਲੋਂ
ਗੁਰਦੁਆਰਾ ਸਾਹਿਬ ਵਰਮੌਂਟ
1966 North Vermont AVE, Los Angeles, CA 90027
ਵਿਖੇ ਬੜੀ ਧੂਮ ਧਾਮ ਨਾਲ ਮਨਾਈ ਜਾ ਰਹੀ ਹੈ।

ਆਪ ਸਾਰੀਆਂ ਸੰਗਤਾਂ ਨੂੰ ਨਿਮਰਤਾ ਸਾਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜੀ ਦੀ ਬਰਸੀ ਉਤੇ ਹੁੰਮ ਹੁਮਾ ਕੇ ਪੁੱਜੋ ਅਤੇ ਜੀਵਨ ਸਫ਼ਲ ਕਰੋ ਜੀ।

ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਸਿੱਖ ਪੰਥ ਵਿੱਚ ਇਕ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ।

### ਪ੍ਰੋਗਰਾਮ ਦਾ ਵੇਰਵਾ :

**ਸ਼ੁੱਕਰਵਾਰ ਜੂਨ 09, 2017**
ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ 09:30 ਵਜੇ ਸਵੇਰੇ
**ਐਤਵਾਰ ਜੂਨ 11, 2017**
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 09:30 ਵਜੇ ਸਵੇਰੇ
ਉਪਰੰਤ ਆਸਾ ਦੀ ਵਾਰ ਜੀ ਦੇ ਕੀਰਤਨ ਅਤੇ
ਕੀਰਤਨ ਦਰਬਾਰ ਸਜਾਏ ਜਾਣਗੇ।
ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ


ਭਾਈ ਅਜੀਤ ਸਿੰਘ


ਭਾਈ ਹਰਮਿੰਦਰ ਸਿੰਘ

ਭਾਈ ਹਰਮਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਭਾਈ ਅਜੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਬੰਗਲਾ ਸਾਹਿਬ ਦਿੱਲੀ ਵਾਲੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

**Hollywood Sikh Temple, 1966 N, Vermont Ave, Los Angeles, CA 90027 (323-665-7707)**
www.hollywoodsikhtemple.com • Follow us on : Facebook
S. Santokh Singh (Secretary) : 310-569-9506, Baldev S. Johal (Pres) : 661-965-5937

# ਰਿਲੀਜ਼ ਤੋਂ ਪਹਿਲਾਂ ਹੀ ਭਰਵੀਂ ਚਰਚਾ ’ਚ ਹੈ ‘ਦਿ ਬਲੈਕ ਪ੍ਰਿੰਸ’

## ਮਹਾਰਾਜਾ ਦਲੀਪ ਸਿੰਘ ਦੀ ਅਣਕਹੀ ਦਾਸਤਾਨ ਨੂੰ ਬਾਖ਼ੂਬੀ ਪੇਸ਼ ਕਰਦੀ ਹੈ ਬਾਲੀਵੁੱਡ ਦੀ ਫਿਲਮ

### ਪੰਜਾਬੀਆਂ ਦੀ ਉਡੀਕ ਖ਼ਤਮ ਕਰਦਿਆਂ 21 ਜੁਲਾਈ ਨੂੰ ਸਿਨੇਮਾ ਘਰਾਂ ਵਿਚ ਦੇਵੇਗੀ ਦਸਤਕ




**ਚੰਡੀਗੜ੍ਹ/ਬਿਊਰੋ ਨਿਊਜ਼ :** ਵਿਸ਼ਵ ਫ਼ਿਲਮ ਸਮਾਰੋਹਾਂ ’ਤੇ ਛਾ ਜਾਣ ਮਗਰੋਂ ਦਿ ਬਲੈਕ ਪ੍ਰਿੰਸ’ ਭਾਰਤ ਵਿਚ ਆਪਣਾ ਜਲਵਾ ਬਿਖੇਰਨ ਲਈ ਤਿਆਰ ਹੈ। ਪੰਜਾਬੀਆਂ ਵਲੋਂ ਬੇਸਬਰੀ ਨਾਲ ਉਡੀਕੀ ਜਾ ਰਹੀ ਇਹ ਫ਼ਿਲਮ 21 ਜੁਲਾਈ ਨੂੰ ਸਿਨੇਮਾ ਘਰਾਂ ਵਿਚ ਦਸਤਕ ਦੇਵੇਗੀ। ਪੰਜਾਬ ਦੀ ਅਮੀਰ ਰਿਆਸਤ ਦੇ ਆਖ਼ਰੀ ਵੰਸ਼ਜ ਮਹਾਰਾਜਾ ਦਲੀਪ ਸਿੰਘ ਦੀ ਅਣਕਹੀ ਦਾਸਤਾਨ ਨੂੰ ਫ਼ਿਲਮ ਦਿ ਬਲੈਕ ਪ੍ਰਿੰਸ’ ਨੇ ਬਾਖ਼ੂਬੀ ਪਰਦੇ ’ਤੇ ਉਤਾਰਿਆ ਹੈ। ਇਹ ਗੱਲ ਘੱਟ ਲੋਕ ਹੀ ਜਾਣਦੇ ਹੋਣਗੇ ਕਿ ਭਾਰਤ ਦੇ ਆਜ਼ਾਦੀ ਅੰਦੋਲਨ ਪਿਛੇ ਮਹਾਰਾਜਾ ਦਲੀਪ ਸਿੰਘ ਪ੍ਰੇਰਣਾ ਸ਼ਕਤੀ ਸਨ ਕਿਉਂਕਿ ਉਸ ਵੇਲੇ ਬਰਤਾਨਵੀ ਹਾਕਮ ਉਨ੍ਹਾਂ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਤੋਂ ਖ਼ੌਫ਼ਜ਼ਦਾ ਸਨ। ਇਹੀ ਕਾਰਨ ਸੀ ਕਿ ਉਨ੍ਹਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਆਪਣੀ ਜਨਮ ਭੂਮੀ ਤੋਂ ਦੂਰ ਰੱਖਣ ਦੇ ਇਰਾਦੇ ਨਾਲ ਬਰਤਾਨੀਆ ਦੇ ਮਾਹੌਲ ਵਿਚ ਹੀ ਪਲਣ ਦਿੱਤਾ। ਦਿ ਬਲੈਕ ਪ੍ਰਿੰਸ’ ਰਾਹੀਂ ਮਹਾਰਾਜਾ ਰਣਜੀਤ ਸਿੰਘ ਦੇ ਵੰਸ਼ਜ ਦੇ 1947 ਵਿਚ ਬਰਤਾਨਵੀ ਹਕੂਮਤ ਤੋਂ ਆਜ਼ਾਦੀ ਹਾਸਲ ਕਰਨ ਵਿਚ ਪਾਏ ਯੋਗਦਾਨ ਦੇ ਲੁਕਵੇਂ ਅਧਿਆਏ ਬਾਰੇ ਪਤਾ ਚਲਦਾ ਹੈ।

ਭਾਵੇਂ, ਮਹਾਰਾਜਾ ਦਲੀਪ ਸਿੰਘ ਨੂੰ ਮਹਿਜ਼ 5 ਵਰ੍ਹਿਆਂ ਦੀ ਉਮਰ ਵਿਚ ਸਿੰਘਾਸਨ ’ਤੇ ਬਿਠਾਇਆ ਗਿਆ ਤਾਂ ਜੋ ਉਨ੍ਹਾਂ ਦੇ ਭਰੋਸੇਮੰਦ ਦਰਬਾਰੀਆਂ ਹੱਥੋਂ ਖ਼ੂਨੀ ਰਾਜਧਰੋਹ ਰਾਹੀਂ ਸਿੰਘਾਸਨ ਲੁੱਟਿਆ ਜਾ ਸਕੇ। 15 ਵਰ੍ਹਿਆਂ ਦੀ ਉਮਰ ਵਿਚ ਉਨ੍ਹਾਂ ਨੂੰ ਆਪਣੀ ਮਾਂ ਮਹਾਰਾਣੀ ਜਿੰਦਾਂ ਕੋਲੋਂ ਖੋਹ ਕੇ ਇੰਗਲੈਂਡ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦੀ ਮੁਲਾਕਾਤ ਮਹਾਰਾਣੀ ਵਿਕਟੋਰੀਆ ਨਾਲ ਕਰਵਾਈ ਗਈ, ਜਿਸ ਨੇ ਪਹਿਲੇ ਨਜ਼ਰੇ ਤਕਦਿਆਂ ਹੀ ਉਨ੍ਹਾਂ ਨੂੰ ਦਿ ਬਲੈਕ ਪ੍ਰਿੰਸ’ ਕਹਿ ਕੇ ਸੱਦਿਆ ਸੀ। ਇਸਾਈ ਧਰਮ ਵਿਚ ਤਬਦੀਲ ਕੀਤੇ ਜਾਣ ਦੇ ਬਾਵਜੂਦ ਮਹਾਰਾਜਾ ਦਲੀਪ ਸਿੰਘ ਸਿੱਖ ਧਰਮ ਅਤੇ ਆਪਣੀ ਧਰਤੀ ਦੇ ਲੋਕਾਂ ਬਾਰੇ ਜਾਣਨ ਲਈ ਉਤਾਵਲੇ ਸਨ। ਇਸ ਇੱਛਾ ਦੀ ਪੂਰਤੀ ਲਈ ਉਹ ਆਪਣੇ ਚਚੇਰੇ ਭਰਾ ਠਾਕੁਰ ਸਿੰਘ ਸੰਧਾਵਾਲੀਆ ਨਾਲ ਰਾਬਤਾ ਕਾਇਮ ਕਰਨ ਵਿਚ ਸਫਲ ਹੋ ਗਏ। 28 ਸਤੰਬਰ 1884 ਨੂੰ ਸੰਧਾਵਾਲੀਆ ਆਪਣੇ ਪੁੱਤਰਾਂ ਨਰਿੰਦਰ ਸਿੰਘ ਤੇ ਗੁਰਦਿੱਤ ਸਿੰਘ ਅਤੇ ਸਿੱਖ ਗ੍ਰੰਥੀ ਪ੍ਰਤਾਪ ਸਿੰਘ ਗਿਆਨੀ ਨੂੰ ਲੈ ਕੇ ਅੰਮ੍ਰਿਤਸਰ ਤੋਂ ਇੰਗਲੈਂਡ ਲਈ ਰਵਾਨਾ ਹੋਏ। ਸੰਧਾਵਾਲੀਆ ਨੇ ਦਲੀਪ ਸਿੰਘ ਨੂੰ ਉਨ੍ਹਾਂ ਦੀ ਭਾਰਤ ਵਿਚਲੀ ਸੰਪਤੀ ਦੀ ਸੂਚੀ ਵੀ ਸੌਂਪੀ।

ਦਲੀਪ ਸਿੰਘ ਨੇ ਭਾਰਤ ਵਾਪਸੀ ਦਾ ਰਾਹ ਚੁਣਿਆ ਅਤੇ ਬਰਤਾਨਵੀ ਹਕੂਮਤ ਦੇ ਵਿਰੋਧ ਦੇ ਬਾਵਜੂਦ ਉਹ 30 ਮਾਰਚ 1886 ਨੂੰ ਆਪਣੇ ਵਤਨ ਲਈ ਚੱਲ ਪਏ। 13 ਵਰ੍ਹਿਆਂ ਬਾਅਦ ਉਹ ਫੇਰ ਆਪਣੀ ਮਾਂ ਨੂੰ ਮਿਲੇ ਤੇ ਮਹਾਰਾਜਾ ਨੂੰ ਪੰਜਾਬ ਵਿਚਲੀ ਉਨ੍ਹਾਂ ਦੀ ਪਿਛਲੀ ਜ਼ਿੰਦਗੀ ਦੀਆਂ ਸਚਾਈਆਂ ਬਾਰੇ ਜਾਣੂ ਕਰਵਾਇਆ ਗਿਆ। ਜੋ ਕੁਝ ਉਹ ਗਵਾ ਚੁੱਕੇ ਸਨ, ਉਸ ਨੂੰ ਫੇਰ ਹਾਸਲ ਕਰਨ ਲਈ ਉਨ੍ਹਾਂ ਦੀ ਕਠਿਨ ਯਾਤਰਾ ਸ਼ੁਰੂ ਹੁੰਦੀ ਹੈ ਅਤੇ ਆਪਣੇ ਜਨਮ, ਸਿੱਖ ਧਰਮ ਦੀ ਆਸਥਾ ਨੂੰ ਫੇਰ ਤੋਂ ਸਵੀਕਾਰਦੇ ਹਨ।

ਮਹਾਰਾਜਾ ਦਲੀਪ ਸਿੰਘ ਦੀ ਸ਼ਖ਼ਸੀਅਤ ਦੋ ਸਭਿਆਚਾਰਾਂ ਵਿਚਾਲੇ ਵੰਡੀ ਹੋਈ ਸੀ ਤੇ ਇਸੇ ਕਾਰਨ ਉਨ੍ਹਾਂ ਨੂੰ ਦੁਬਿਧਾ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਫ਼ਿਲਮ ਵਿਚ ਉਨ੍ਹਾਂ ਦਾ ਮਹਾਰਾਣੀ ਵਿਕਟੋਰੀਆ ਨਾਲ ਰਿਸ਼ਤਾ ਕਾਫ਼ੀ ਪ੍ਰਭਾਵਸ਼ਾਲੀ ਹੈ। ਮਹਾਰਾਣਾ ਵਿਕਟੋਰੀਆ ਅੰਗਰੇਜ਼ੀ ਸਭਿਆਚਾਰ ਨੂੰ ਪੇਸ਼ ਕਰਦੀ ਹੈ, ਜਿਸ ਵਿਚ ਮਹਾਰਾਜਾ ਦਲੀਪ ਸਿੰਘ ਰਚਿਆ-ਵਸਿਆ ਹੋਇਆ ਹੈ। ਉਨ੍ਹਾਂ ਦੇ ਜੀਵਨ ਦੀ ਲੰਬੀ ਯਾਤਰਾ ਆਪਣੀ ਪਛਾਣ, ਗੌਰਵ ਅਤੇ ਰਾਜ ਨੂੰ ਮੁੜ ਹਾਸਲ ਕਰਨ ਨਾਲ ਆਰੰਭ ਹੁੰਦੀ ਹੈ। ਪਰ ਉਨ੍ਹਾਂ ਦੇ ਸੰਘਰਸ਼ ਨੂੰ ਸਫਲਤਾ ਨਹੀਂ ਮਿਲਦੀ ਕਿਉਂਕਿ ਉਹ ਆਪਣੀ ਧਰਤੀ ਪੰਜਾਬ ਵਿਚ ਮੁੜ ਪੈਰ ਜਮਾਉਣ ਦੇ ਮੌਕੇ ’ਤੇ ਜਿੱਤ ਹਾਸਲ ਨਾ ਕਰ ਸਕੇ।

ਫ਼ਿਲਮੀ ਪਰਦੇ ’ਤੇ ਉਤਾਰੀ ਗਈ ਇਸ ਦਰਦ ਭਰੀ ਦਾਸਤਾਨ ਨੂੰ ਧੁਰ ਅੰਦਰੋਂ ਮਹਿਸੂਸ ਕਰਵਾਉਣ ਲਈ ਸਰੋਤਿਆਂ ਦੇ ਹੁੰਗਾਰੇ ਦਾ ਇੰਤਜ਼ਾਰ ਹੈ। ਇਹ ਹਾਲੀਵੁੱਡ ਫ਼ਿਲਮ ਭਾਰਤ ਅਤੇ ਦੁਨੀਆ ਭਰ ਵਿਚ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਵਿਚ 21 ਜੁਲਾਈ ਨੂੰ ਰਿਲੀਜ਼ ਹੋਣ ਜਾ ਰਹੀ ਹੈ। ਇਹ ਫ਼ਿਲਮ ਪੰਜਾਬ ਦੇ ਆਖ਼ਰੀ ਸ਼ਾਸਕ ਮਹਾਰਾਜਾ ਦਲੀਪ ਸਿੰਘ ਦੀ ਅਣਕਹੀ ਦਾਸਤਾਨ ਪੇਸ਼ ਕਰੇਗੀ। ਇਸ ਫ਼ਿਲਮ ਰਾਹੀਂ ਭਾਰਤ ਦੀ ਅਮੀਰ ਰਿਆਸਤ ਦੇ ਆਖ਼ਰੀ ਵੰਸ਼ਜ ਦੀ ਜ਼ਿੰਦਗੀ ਦੇ ਉਤਾਰ-ਚੜ੍ਹਾਅ ਨੂੰ ਦੇਖਿਆ ਜਾ ਸਕਦਾ ਹੈ। ਦਿ ਬਲੈਕ ਪ੍ਰਿੰਸ’ ਵਿਚ ਨਾ ਸਿਰਫ਼ ਉੱਘੇ ਕਲਾਕਾਰਾਂ ਨੇ ਆਪਣੀਆਂ ਅਦਾਕਾਰੀਆਂ ਰਾਹੀਂ ਗਲੋਬਲ ਫ਼ਿਲਮ ਫੈਸਟੀਵਲਾਂ ਵਿਚ ਆਲੋਚਕਾਂ ਦੀ ਵਾਹ-ਵਾਹ ਖੱਟੀ ਹੈ, ਸਗੋਂ ਪਹਿਲੀ ਵਾਰ ਫ਼ਿਲਮ ਸਫ਼ਰ ਦੀ ਸ਼ੁਰੂਆਤ ਕਰਨ ਵਾਲੇ ਸੂਫ਼ੀ ਗਾਇਕ ਸਤਿੰਦਰ ਸਰਤਾਜ ਦੀ ਅਦਾਕਾਰੀ ਨੂੰ ਵੀ ਬੇਹੱਦ ਸਲਾਹਿਆ ਗਿਆ ਹੈ। ਸ਼ਬਾਨਾ ਆਜ਼ਮੀ ਦਲੀਪ ਸਿੰਘ ਦੀ ਮਾਂ ਮਹਾਰਾਣੀ ਜਿੰਦਾਂ ਦੇ ਕਿਰਦਾਰ ਵਿਚ ਨਜ਼ਰ ਆਏਗੀ।

ਫ਼ਿਲਮ ਦੇ ਡਾਇਰੈਕਟਰ ਕਵੀ ਰਾਜ਼ ਨੇ ਪੰਜਾਬ ਦੇ ਇਨ੍ਹਾਂ ਇਤਿਹਾਸਕ ਪੰਨਿਆਂ ਨੂੰ ਬੇਹੱਦ ਬਾਰੀਕੀ ਨਾਲ ਛੋਹਿਆ ਹੈ ਤੇ ਇਹ ਮਹਿਜ਼ ਕਿਤਾਬੀ ਪੰਨਿਆ ਦਾ ਉਤਾਰਾ ਨਹੀਂ, ਬਲਕਿ ਪਰਦੇ ਤੋਂ ਉਹੀ ਕੁਝ ਦਿਖਾਇਆ ਗਿਆ ਹੈ, ਜੋ ਅਸਲ ਵਿਚ ਵਾਪਰਿਆ।

ਪੰਜਾਬੀ ਮਿਊਜ਼ਕ ਇੰਡਸਟਰੀ ਦੀ ਪੁਰਾਣੀ ਖ਼ਿਡਾਰਣ ਸਾਗਾ ਮਿਊਜ਼ਕ’ ਵਲੋਂ ਵਿਸ਼ਵ ਪੱਧਰ ’ਤੇ ਫ਼ਿਲਮ ਦਾ ਸੰਗੀਤ ਰਿਲੀਜ਼ ਕੀਤਾ ਅੰਗਰੇਜ, ਸ਼ਿਵਾਏ’, ਕਮਾਂਡੋ-2’ ਤੇ ਲਾਹੌਰੀਏ ਵਰਗੀਆਂ ਫ਼ਿਲਮਾਂ ਦਿੱਤੀਆਂ ਹਨ, ਹੁਣ ਦਿ ਬਲੈਕ ਪ੍ਰਿੰਸ’ ਭਾਰਤ, ਆਸਟਰੇਲੀਆ, ਨਿਊਜ਼ੀਲੈਂਡ ਤੇ ਫਿਜ਼ੀ ਵਿਚ ਰਿਲੀਜ਼ ਕਰਨ ਜਾ ਰਹੀ ਹੈ।

CIS CALIFORNIA IMMIGRATION SERVICES
(Registered & Bonded)



- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES



Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office
4127 Bay Street, Suite 5
www.caials.com

Tracy Office
95 W. 11th Street, Suite 205
rosy@caials.com

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਜਹਾਜ਼ ਵਿਚ ਲੈਪਟੌਪ-ਟੇਬਲੈੱਟ 'ਤੇ ਪੂਰਨ ਪਾਬੰਦੀ ਲਗਾ ਸਕਦੇ ਹਨ ਅਮਰੀਕਾ-ਯੂਰਪ

**ਜੇਮਸ ਕੇਂਟਰ**

ਜਹਾਜ਼ ਤੇ ਹਵਾਈ ਅੱਡਿਆਂ 'ਤੇ ਖ਼ਤਰੇ ਦੇ ਨਵੇਂ ਅਲਰਟ ਦੇ ਮੱਦੇਨਜ਼ਰ ਜ਼ਿਆਦਾ ਭੀੜ-ਭਾੜ ਵਾਲੇ ਹਵਾਈ ਅੱਡਿਆਂ 'ਤੇ ਹੋਰ ਵੱਧ ਸੁਰੱਖਿਆ ਵਿਵਸਥਾ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅਮਰੀਕਾ ਅਤੇ ਯੂਰਪੀ ਦੇਸ਼ਾਂ ਨੂੰ ਸ਼ੱਕ ਹੈ ਕਿ ਅਤਿਵਾਦੀ ਕੰਜ਼ਿਊਮਰ ਡਿਵਾਈਸ 'ਚ ਵਿਸਫੋਟਕ ਫਿਟ ਕਰ ਕੇ ਪ੍ਰੇਸ਼ਾਨੀ ਵਧਾ ਸਕਦੇ ਹਨ। ਇਸ ਗੱਲ ਨੂੰ ਧਿਆਨ 'ਚ ਰੱਖਦਿਆਂ ਵੱਡੇ ਪੈਮਾਨੇ 'ਤੇ ਵਿਚਾਰ-ਚਰਚਾ ਕੀਤੀ ਜਾ ਰਹੀ ਹੈ ਕਿ ਕਿਉਂ



ਨਾ ਇੱਥੋਂ ਆਉਣ-ਜਾਣ ਵਾਲੀਆਂ ਉਡਾਣਾਂ 'ਚ ਲੈਪਟਾਪ-ਟੈਬਲੇਟ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਜਾਵੇ। ਬੈਲਜੀਅਮ ਦੀ ਰਾਜਧਾਨੀ ਬ੍ਰੱਸਲਜ਼ 'ਚ ਅਮਰੀਕੀ ਸੁਰੱਖਿਆ ਤੇ ਖ਼ੁਫ਼ੀਆ ਵਿਭਾਗ ਦੇ ਅਧਿਕਾਰੀ ਤੇ ਯੂਰਪੀ ਸੰਘ ਦੇ ਸੁਰੱਖਿਆ ਅਧਿਕਾਰੀਆਂ ਨੇ ਮੁਲਾਕਾਤ ਕੀਤੀ। ਉਨ੍ਹਾਂ ਵੱਲੋਂ ਯੂਰਪ ਤੋਂ ਅਮਰੀਕਾ ਅਤੇ ਉੱਥੋਂ ਵਾਪਸ ਆਉਣ ਵਾਲੀਆਂ ਉਡਾਣਾਂ ਦੀ ਸੁਰੱਖਿਆ ਦੀ ਗੱਲ ਕੀਤੀ ਗਈ। ਦੋਨਾਂ ਦੇਸ਼ਾਂ ਦੇ ਅਧਿਕਾਰੀ ਇਹ ਜਾਣਨ ਦੀ ਕੋਸ਼ਿਸ਼ ਕਰ ਰਹੇ ਸਨ ਕਿ ਅਤਿਵਾਦੀ ਖ਼ਤਰੇ ਨਾਲ ਨਜਿੱਠਣ ਲਈ ਭਵਿੱਖ 'ਚ ਕੀ ਤਿਆਰੀ ਕੀਤੀ ਜਾਣੀ ਹੈ।

ਇਕ ਅਮਰੀਕੀ ਸੁਰੱਖਿਆ ਅਧਿਕਾਰੀ ਨੇ ਦੱਸਿਆ ਕਿ ਅਤਿਵਾਦੀ ਸੰਗਠਨਾਂ ਨੇ ਦਹਿਸ਼ਤ ਮਚਾਉਣ ਲਈ ਨਵੇਂ ਤਰੀਕੇ ਤਿਆਰ ਕਰ ਲਏ ਹਨ। ਇਸ 'ਚ ਲੈਪਟੌਪ ਤੇ ਟੇਬਲੈੱਟ ਜਿਹੇ ਕੰਜ਼ਿਊਮਰ ਡਿਵਾਈਸ ਵੀ ਸ਼ਾਮਲ ਹਨ। ਹਾਲੇ 7 ਮੁਸਲਿਮ ਦੇਸ਼ਾਂ ਤੋਂ ਅਮਰੀਕਾ-ਬ੍ਰਿਟੇਨ ਆਉਣ ਵਾਲੀਆਂ ਉਡਾਣਾਂ 'ਚ ਲੈਪਟੌਪ-ਟੇਬਲੈੱਟ ਤੇ ਸਮਾਰਟਫੋਨ ਤੋਂ ਵੱਡੇ ਡਿਵਾਈਸਾਂ 'ਤੇ ਪਾਬੰਦੀ ਹੈ।

ਯੂਰਪੀ ਸੰਘ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਅਮਰੀਕੀ ਸੁਰੱਖਿਆ ਅਧਿਕਾਰੀਆਂ ਨੇ ਇਹ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਡਾ ਧਿਆਨ ਆਈ.ਐਸ. ਦੀਆਂ ਗਤੀਵਿਧੀਆਂ 'ਤੇ ਹੈ। ਉਸ ਨੇ ਅਜਿਹਾ ਬੰਬ ਤਿਆਰ ਕੀਤਾ ਹੈ, ਜਿਸ ਨੂੰ ਇਨ੍ਹਾਂ ਡਿਵਾਈਸਾਂ 'ਚ ਫਿਟ ਕੀਤਾ ਜਾ ਸਕਦਾ ਹੈ। ਯੂਰਪੀ ਜਹਾਜ਼ ਸੇਵਾ 'ਚ ਡਿਵਾਈਸ 'ਤੇ ਪਾਬੰਦੀਆਂ ਦਾ ਘੇਰਾ ਹੋਰ ਵਧਾਇਆ ਜਾ ਸਕਦਾ ਹੈ, ਕਿਉਂਕਿ ਕੌਮਾਂਤਰੀ ਹਵਾਈ ਸਫ਼ਰ 'ਚ ਸਭ ਤੋਂ ਵੱਧ ਭੀੜ-ਭਾੜ ਵਾਲੇ ਉੱਥੇ ਦੇ ਹਵਾਈ ਅੱਡੇ ਹਨ।

### ਬੈਟਰੀ ਤੋਂ ਵੱਧ ਸਕਦੀ ਹੈ ਪ੍ਰੇਸ਼ਾਨੀ

* ਕੁੱਝ ਕੰਪਨੀਆਂ ਆਪਣੇ ਸਟਾਫ਼ ਨੂੰ ਸਖ਼ਤ ਹਿਦਾਇਤਾਂ ਦਿੰਦੀਆਂ ਹਨ ਕਿ ਉਹ ਲੈਪਟਾਪ-ਟੇਬਲੈੱਟ ਦੀ ਜਾਂਚ ਨਾ ਕਰਨ, ਕਿਉਂਕਿ ਇਸ 'ਚ ਕਾਰੋਬਾਰ ਦੀਆਂ ਸੰਵੇਦਨਸ਼ੀਲ ਜਾਣਕਾਰੀਆਂ ਦੇ ਲੀਕ ਜਾਂ ਚੋਰੀ ਹੋਣ ਦਾ ਖ਼ਤਰਾ ਹੁੰਦਾ ਹੈ।
* ਕੁਝ ਜਹਾਜ਼ ਕੰਪਨੀਆਂ ਦੇ ਮਾਹਰਾਂ ਦਾ ਮੰਨਣਾ ਹੈ ਕਿ ਮੁਸਾਫ਼ਰ ਜਹਾਜ਼ 'ਚ ਉਡਾਣ ਸਮੇਂ ਵੱਧ ਗਿਣਤੀ 'ਚ ਡਿਵਾਈਸ ਹੋਣ ਕਾਰਨ ਖ਼ਤਰਾ ਜ਼ਿਆਦਾ ਹੁੰਦਾ ਹੈ, ਕਿਉਂਕਿ ਲਿਥੀਅਮ-ਆਇਨ ਬੈਟਰੀ ਛੇਤੀ ਅੱਗ ਫੜਦੀ ਹੈ।
* ਆਈ.ਏ.ਟੀ.ਏ. ਦੇ ਡਾਇਰੈਕਟਰ ਜਨਰਲ ਅਲੈਗਜੈਂਡਰ ਜੁਨਿਏਕ ਨੇ ਯੂਰਪੀ ਸੰਘ ਤੇ ਅਮਰੀਕੀ ਅਧਿਕਾਰੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਲਿਥੀਅਮ ਬੈਟਰੀ ਵਾਲੇ ਡਿਵਾਈਸ ਮੁਸਾਫ਼ਰ ਜਹਾਜ਼ ਦੇ ਕਾਰਗੋ 'ਚ ਰੱਖਣ ਵਾਲੇ ਨਿਯਮਾਂ ਤੋਂ ਬਚਣ।
* ਅਮਰੀਕਾ ਜਾਣ ਵਾਲੇ ਜਹਾਜ਼ਾਂ 'ਚ ਵੱਡੇ ਡਿਵਾਈਸ 'ਤੇ ਮੌਜੂਦਾ ਪਾਬੰਦੀਆਂ ਕਾਰਨ 50 ਉਡਾਣਾਂ ਰੋਜ਼ਾਨਾ ਪ੍ਰਭਾਵਤ ਹੁੰਦੀਆਂ ਹਨ। ਇਸ ਦਾ ਘੇਰਾ ਯੂਰਪ ਤੱਕ ਵਧਾਇਆ ਗਿਆ ਤਾਂ ਹਰ ਦਿਨ 390 ਉਡਾਣਾਂ ਪ੍ਰਭਾਵਤ ਹੋਣਗੀਆਂ, ਜਿਸ ਕਾਰਨ ਹਰ ਸਾਲ ਮੁਸਾਫ਼ਰਾਂ ਨੂੰ 6868 ਕਰੋੜ ਦਾ ਨੁਕਸਾਨ ਹੋਵੇਗਾ।
* ਲੈਪਟੌਪ 'ਤੇ ਪਾਬੰਦੀ 'ਤੇ ਆਪਸ਼ਨਲ ਉਪਾਅ ਅਪਣਾਉਣੇ ਚਾਹੀਦੇ ਹਨ, ਜਿਸ 'ਚ 'ਡਿਟੈਕਸ਼ਨ ਸਿਸਟਮ' ਦੀ ਵੱਧ ਵਰਤੋਂ ਸ਼ਾਮਲ ਹੈ। ਜਿਸ ਮੁਸਾਫ਼ਰ ਕੋਲ ਕੋਈ ਡਿਵਾਈਸ ਹੋਵੇਗਾ, ਉਸ ਨੂੰ ਕਿਹਾ ਜਾ ਸਕਦਾ ਹੈ ਕਿ ਉਹ ਉਸ ਨੂੰ ਆਨ ਕਰੇ ਤਾਂ ਕਿ ਖ਼ਤਰੇ ਦੀ ਜਾਂਚ ਕੀਤੀ ਜਾ ਸਕੇ।
* ਹਵਾਈ ਅੱਡਿਆਂ 'ਤੇ ਵੱਧ ਟਰੇਨਿੰਗ ਪ੍ਰਾਪਤ ਸਨਿਫਰ ਡਾਗਸ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਕਿ ਉਹ ਹਰ ਤਰ੍ਹਾਂ ਦੇ ਵਿਸਫੋਟਕ ਦੀ ਪਛਾਣ ਕਰ ਸਕਣ।

**'ਨਿਊ ਯਾਰਕ ਟਾਈਮਜ਼ ਤੋਂ ਧੰਨਵਾਦ ਸਹਿਤ'**

# ਘੱਲੂਘਾਰੇ ਦੀ ਯਾਦ ਵਿੱਚ 4 ਜੂਨ ਨੂੰ ਰੋਸ ਮੁਜ਼ਾਹਰੇ ਦੀਆਂ ਤਿਆਰੀਆਂ ਮੁਕੰਮਲ

## ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਬੁੱਚੜ ਗਿੱਲ ਦੀ ਮੌਤ 'ਤੇ ਖ਼ੁਸ਼ੀ ਦਾ ਪ੍ਰਗਟਾਵਾ

**ਲੰਡਨ/ਬਿਊਰੋ ਨਿਊਜ਼ :** ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਦੀ ਵਿਸ਼ੇਸ਼ ਇਕੱਤਰਤਾ ਬੀਤੇ ਦਿਨੀਂ ਬ੍ਰਮਿੰਘਮ ਵਿਖੇ ਹੋਈ ਜਿਸ ਵਿੱਚ ਮਾਨਚੈਸਟਰ ਵਿੱਚ ਬੰਬ ਧਮਾਕੇ ਦੌਰਾਨ ਮਾਰੇ ਗਏ ਨਿਰਦੋਸ਼ ਵਿਅਕਤੀਆਂ ਦੀ ਮੌਤ 'ਤੇ ਸ਼ੋਕ ਮਤਾ ਰੱਖਿਆ ਗਿਆ। ਪੀੜਤ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਦਾ ਇਜ਼ਹਾਰ ਕਰਦਿਆਂ ਇਸ ਘੌਫਨਾਕ ਕਾਰੇ ਨੂੰ ਅੰਜਾਮ ਦੇਣ ਵਾਲਿਆਂ ਦੀ ਨਿਖੇਧੀ ਕੀਤੀ ਗਈ। ਮੀਟਿੰਗ ਵਿੱਚ 4 ਜੂਨ, ਐਤਵਾਰ ਨੂੰ ਲੰਡਨ ਵਿਖੇ ਹੋ ਰਹੇ ਰੋਸ ਮੁਜ਼ਾਹਰੇ ਦੀਆਂ ਤਿਆਰੀਆਂ 'ਤੇ ਵਿਚਾਰਾਂ ਕਰਦਿਆਂ ਅੰਤਮ ਛੋਹਾਂ ਦਿੱਤੀਆਂ ਗਈਆਂ ਅਤੇ ਸਿੱਖ ਸੰਗਤਾਂ ਨੂੰ ਵੱਡੀ ਪੱਧਰ 'ਤੇ ਰੋਸ ਮੁਜ਼ਾਹਰੇ ਵਿੱਚ ਸ਼ਾਮਲ ਹੋਣ ਲਈ ਸਵੇਰੇ ਗਿਆਰਾਂ ਵਜੇ ਹਾਈਡ ਪਾਰਕ ਲੰਡਨ ਵਿਖੇ ਪੁੱਜਣ ਦੀ ਅਪੀਲ ਕੀਤੀ ਗਈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਨੇ ਪੰਜਾਬ ਪੁਲੀਸ ਦੇ ਸਾਬਕਾ ਬੁੱਚੜ ਡੀ.ਜੀ.ਪੀ ਕੇ.ਪੀ.ਐਸ. ਗਿੱਲ ਦੀ ਮੌਤ 'ਤੇ ਆਖਿਆ ਕਿ ਇਸ ਨਾਲ ਪੰਜਾਬ ਦੇ ਉਨ੍ਹਾਂ ਹਜ਼ਾਰਾਂ ਪਰਿਵਾਰਾਂ ਨੂੰ ਰਾਹਤ ਅਤੇ ਖ਼ੁਸ਼ੀ ਮਹਿਸੂਸ ਹੋਈ ਹੈ, ਜਿਨ੍ਹਾਂ ਦੇ ਪਰਿਵਾਰਾਂ ਦੇ ਮੈਂਬਰਾਂ 'ਤੇ ਇਸ ਜ਼ਾਲਮ ਪੁਲੀਸ ਅਫਸਰ ਨੇ ਅਕਹਿ ਅਤੇ ਅਸਹਿ ਤਸ਼ੱਦਦ ਕੀਤੇ। ਮੀਟਿੰਗ ਵਿੱਚ ਸਿੱਖ ਜਥੇਬੰਦੀਆਂ ਦੇ ਆਗੂ ਸਿੱਖ ਫੈਡਰੇਸ਼ਨ ਯੂ.ਕੇ. ਭਾਈ ਅਮਰੀਕ ਸਿੰਘ ਗਿੱਲ, ਭਾਈ ਦਵਿੰਦਰਜੀਤ ਸਿੰਘ, ਬੱਬਰ ਅਕਾਲੀ ਜਥੇਬੰਦੀ ਯੂ.ਕੇ. ਭਾਈ ਜੋਗਾ ਸਿੰਘ, ਧਰਮ ਯੁੱਧ ਜਥਾ ਦਮਦਮੀ ਟਕਸਾਲ ਭਾਈ ਚਰਨ ਸਿੰਘ, ਭਾਈ ਬਲਵਿੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ ਯੂ.ਕੇ. ਦੇ ਭਾਈ ਗੁਰਦੇਵ ਸਿੰਘ ਚੌਹਾਨ, ਖਾਲਿਸਤਾਨ ਜਲਾਵਤਨ ਸਰਕਾਰ ਭਾਈ ਗੁਰਮੇਜ ਸਿੰਘ ਗਿੱਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਕੇ. ਭਾਈ ਜਸਪਾਲ ਸਿੰਘ ਬੈਂਸ, ਯੂਨਾਈਟਿਡ ਖਾਲਸਾ ਦਲ ਯੂ.ਕੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਬ੍ਰਿਟਿਸ਼ ਸਿੱਖ ਕੌਂਸਲ ਭਾਈ ਤਰਸੇਮ ਸਿੰਘ ਦਿਉਲ ਨੇ ਸ਼ਮੂਲੀਅਤ ਕੀਤੀ।

# ਟੋਰਾਂਟੋ ਵਿਚ ਢਿਲੋਂ ਦੀ ਮੌਜੂਦਗੀ ਦੇ ਸਬੂਤਾਂ ਦੀ ਘਾਟ ਕਾਰਨ ਅਦਾਲਤ ਵਲੋਂ ਤਸ਼ਦਦ ਕੇਸ ਦੀ ਸੁਣਵਾਈ ਤੋਂ ਇਨਕਾਰ

**ਟੋਰਾਂਟੋ/ਬਿਊਰੋ ਨਿਊਜ਼ :** ਸਿੱਖਸ ਫਾਰ ਜਸਟਿਸ ਵਲੋਂ ਸੀ.ਆਰ.ਪੀ.ਐਫ. ਦੇ ਸੇਵਾ ਮੁਕਤ ਡੀ.ਆਈ.ਜੀ. ਟੀ.ਐਸ. ਢਿਲੋਂ ਖ਼ਿਲਾਫ਼ ਤਸ਼ਦਦ ਦੇ ਦੋਸ਼ਾਂ ਤਹਿਤ ਦਾਇਰ ਕੀਤੇ ਨਿੱਜੀ ਮੁਕੱਦਮੇ ਵਿਚ ਓਂਟਾਰੀਓ ਦੀ ਕੋਰਟ ਆਫ ਜਸਟਿਸ ਨੇ ਸੰਮਨ ਜਾਂ ਗ੍ਰਿਫ਼ਤਾਰੀ ਵਾਰੰਟ ਜਾਰੀ ਨਹੀਂ ਕੀਤੇ ਕਿਉਂਕਿ ਭਾਰਤੀ ਪੁਲੀਸ ਅਫਸਰ ਦੀ ਦੇਸ਼ ਵਿਚ ਮੌਜੂਦਗੀ ਨੂੰ ਪੂਰੀ ਤਰ੍ਹਾਂ ਸਿੱਧ ਨਹੀਂ ਕੀਤਾ ਜਾ ਸਕਿਆ।



ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਇਨਸਾਫ ਦਾ ਬੇਹੂਦਾ ਮਜ਼ਾਕ ਹੈ ਕਿ ਢਿਲੋਂ ਦੀ ਦੇਸ਼ ਵਿਚ ਮੌਜੂਦਗੀ ਨੂੰ ਸਿੱਧ ਕਰਨ ਲਈ ਸਾਨੂੰ ਕਿਹਾ ਜਾ ਰਿਹਾ ਹੈ ਜਦੋਂ ਕਿ ਉਕਤ ਭਾਰਤੀ ਪੁਲੀਸ ਅਫਸਰ ਨੂੰ ਟਰੂਡੋ ਸਰਕਾਰ ਵਲੋਂ ਮੁਆਫੀ ਮੰਗਣ ਤੋਂ ਬਾਅਦ ਕੈਨੇਡਾ ਦੇ ਖਰਚੇ 'ਤੇ ਵਾਪਸ ਟੋਰਾਂਟੋ ਲਿਆਂਦਾ ਗਿਆ ਸੀ। ਅਟਾਰਨੀ ਪੰਨੂ ਨੇ ਕਿਹਾ ਕਿ ਉਹ ਸੂਚਨਾ ਕਾਨੂੰਨ ਤੱਕ ਪਹੁੰਚ ਤਹਿਤ ਅਰਜ਼ੀ ਦਾਇਰ ਕਰ ਰਹੇ ਹਨ ਤਾਂ ਜੋ ਸੀ.ਐਸ.ਬੀ.ਏ. ਤੋਂ ਢਿਲੋਂ ਦੇ ਕੈਨੇਡਾ ਵਿਚ ਦਾਖ਼ਲ ਹੋਣ ਤੇ ਬਾਹਰ ਜਾਣ ਬਾਰੇ ਸਰਕਾਰੀ ਰਿਕਾਰਡ ਹਾਸਲ ਕੀਤੇ ਜਾ ਸਕਣ।

ਜ਼ਿਕਰਯੋਗ ਹੈ ਕਿ ਸਿੱਖਸ ਫਾਰ ਜਸਟਿਸ ਵਲੋਂ ਢਿਲੋਂ ਖ਼ਿਲਾਫ਼ ਕੈਨੇਡਾ ਦੇ ਅਪਰਾਧਕ ਕੋਡ ਦੀ ਧਾਰਾ 269.1 ਤਹਿਤ ਨਿੱਜੀ ਮੁਕੱਦਮਾ ਦਾਇਰ ਕੀਤਾ ਗਿਆ ਹੈ ਜਿਸ ਵਿਚ ਤਸ਼ਦਦ ਕਰਨ ਵਾਲੇ ਅਧਿਕਾਰੀਆਂ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਵਿਵਸਥਾ ਹੈ। ਧਾਰਾ 7 (3.7) ਤਹਿਤ ਕੈਨੇਡੀਅਨ ਅਦਾਲਤਾਂ ਨੂੰ ਅਧਿਕਾਰ ਪ੍ਰਾਪਤ ਹੈ ਕਿ ਉਹ ਕੈਨੇਡਾ ਤੋਂ ਬਾਹਰ ਕੀਤੇ ਤਸ਼ਦਦ ਲਈ ਜ਼ਿੰਮੇਵਾਰ ਵਿਦੇਸ਼ੀ ਅਧਿਕਾਰੀਆਂ ਖ਼ਿਲਾਫ਼ ਮੁਕੱਦਮਾ ਚਲਾਏ ਜਦੋਂ ਉਹ ਕੈਨੇਡਾ ਵਿਚ ਮੌਜੂਦ ਹੋਵੇ। ਭਾਰਤ ਸਰਕਾਰ ਦੇ ਦਬਾਅ ਅੱਗੇ ਝੁਕਦਿਆਂ ਕੈਨੇਡਾ ਨੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਸੇਵਾ ਮੁਕਤ ਭਾਰਤੀ ਪੁਲੀਸ ਅਫਸਰ ਨੂੰ ਦੇਸ਼ ਵਿਚ ਦਾਖ਼ਲ ਹੋਣ ਦਿੱਤਾ ਹੈ। ਜਦੋਂ ਕਿ ਇਕ ਹਫਤਾ ਪਹਿਲਾਂ ਉਸ ਨੂੰ ਦੇਸ਼ ਵਿਚ ਦਾਖਲ ਨਹੀਂ ਹੋਣ ਦਿੱਤਾ ਸੀ। ਇਸ ਦੇ ਜਵਾਬ ਵਿਚ ਸਿੱਖਸ ਫਾਰ ਜਸਟਿਸ ਨੇ ਓਂਟਾਰੀਓ ਅਦਾਲਤ ਵਿਚ ਪਟੀਸ਼ਨ ਦਾਇਰ ਕਰਕੇ ਢਿਲੋਂ ਖ਼ਿਲਾਫ ਤਸ਼ਦਦ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਦੀ ਮੰਗ ਕੀਤੀ ਹੈ।

ਦਸਣਯੋਗ ਹੈ ਕਿ 18 ਮਈ ਨੂੰ ਕੈਨੇਡਾ ਬਾਰਡਰ ਸਰਵਿਸ ਏਜੰਸੀ ਦੇ ਗਾਰਡਾਂ ਨੇ ਢਿਲੋਂ ਨੂੰ ਇਮੀਗ੍ਰੇਸ਼ਨ ਐਂਡ ਰਫਿਊਜੀ ਪ੍ਰੋਟੈਕਸ਼ਨ ਐਕਟ ਤਹਿਤ ਹਿਰਾਸਤ ਵਿਚ ਲਿਆ ਸੀ ਤੇ ਉਸ ਨੂੰ ਨਾਦਾਖਲਯੋਗ ਕਰਾਰ ਦਿੱਤਾ ਸੀ। ਉਸ ਨੂੰ ਵਾਪਸ ਭਾਰਤ ਭੇਜ ਦਿੱਤਾ ਗਿਆ ਸੀ ਪਰ ਕੈਨੇਡਾ ਹਾਈ ਕਮਿਸ਼ਨ ਨੇ ਇਸ ਮਾਮਲੇ 'ਤੇ ਅਫਸੋਸ ਜਤਾਇਆ ਸੀ ਤੇ 24 ਮਈ ਨੂੰ ਉਸ ਨੂੰ ਨਵਾਂ ਵੀਜ਼ਾ ਜਾਰੀ ਕਰਦਿਆਂ ਉਸ ਲਈ ਮੁਫਤ ਵਾਪਸੀ ਟਿਕਟ ਦਾ ਪ੍ਰਬੰਧ ਕੀਤਾ ਤੇ ਢਿਲੋਂ ਨੂੰ ਟੋਰਾਂਟੋ ਵਿਚ ਆਪਣੀ ਭਾਣਜੀ ਦੇ ਵਿਆਹ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਸੀ।

ਇੰਦਰਜੀਤ ਸਿੰਘ ਨਾਂਅ ਦਾ ਇਕ ਵਿਅਕਤੀ ਨੇ ਦਾਅਵਾ ਕੀਤਾ ਕਿ 2005-06 ਦੌਰਾਨ ਢਿਲੋਂ ਦੀ ਅਗਵਾਈ ਤਹਿਤ ਕੰਮ ਕਰਦੇ ਪੁਲੀਸ ਅਧਿਕਾਰੀਆਂ ਨੇ ਉਸ 'ਤੇ ਅੰਨ੍ਹਾ ਤਸ਼ਦਦ ਕੀਤਾ। ਢਿਲੋਂ ਖ਼ਿਲਾਫ ਨਿੱਜੀ ਮੁਕੱਦਮੇ ਵਿਚ ਚੋਟੀ ਦੇ ਅਪਰਾਧਕ ਵਕੀਲ ਵਨੋਰਾ ਸਿੰਪਸਨ ਸਿੱਖਸ ਫਾਰ ਜਸਟਿਸ ਦੀ ਪ੍ਰਤੀਨਿਧਤਾ ਕਰ ਰਹੇ ਹਨ ਜੋ ਕਿ ਟੋਰਾਂਟੋ ਸਥਿਤ ਲਾਅ ਫਰਮ ਗੋਲਡਬਲੈਟ ਪਾਰਟਨਰਸ ਨਾਲ ਸਬੰਧਤ ਹਨ।


SFO/LAX to DELHI
LOW FARE
Starting from
695 to 895
With Senior Citizens & Students Discount
(including taxes)




Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ



7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਈਵਿੰਗ ਲਾਈਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਆਖ਼ਰਕਾਰ ਪੰਜਾਬ ਦਾ 'ਬੁੱਚੜ' ਤੋਂ ਹੋਇਆ ਛੁਟਕਾਰਾ

## ਸਿੱਖਾਂ ਦੀਆਂ 'ਲਾਵਾਰਸ ਲਾਸ਼ਾਂ' ਬਣਾਉਣ ਵਾਲਾ ਕੇ.ਪੀ.ਐਸ. ਗਿੱਲ 82 ਸਾਲ ਦੀ ਉਮਰ 'ਚ ਮਰਿਆ

**ਨਵੀਂ ਦਿੱਲੀ/ਬਿਊਰੋ ਨਿਊਜ਼:**
ਪੰਜਾਬ ਵਿਚ ਸਿੱਖ ਸੰਘਰਸ਼ ਦੌਰਾਨ ਬੇਕਸੂਰ ਲੋਕਾਂ ਉੱਤੇ ਜੁਲਮ ਢਾਹੁਣ ਅਤੇ ਖਾੜਕੂਆਂ ਨੂੰ ਝੂਠੇ ਪੁਲੀਸ ਮੁਕਾਬਲਿਆਂ 'ਚ ਕਤਲ ਕਰਨ ਬਾਅਦ ਅਣਪਛਾਤੀਆਂ ਲਾਸ਼ਾਂ ਕਹਿ ਕੇ ਸਸਕਾਰ ਕਰਨ ਜਿਹੇ ਕੁਕਰਮ ਕਰਨ ਵਾਲਾ ਅਤੇ ਬੁੱਚੜ ਵਜੋਂ ਜਾਣਿਆ ਜਾਂਦਾ ਸਾਬਕਾ ਪੰਜਾਬ ਪੁਲਿਸ ਦਾ ਮੁਖੀ ਕੇ.ਪੀ. ਐਸ. ਗਿੱਲ 82 ਸਾਲ ਦੀ ਉਮਰ 'ਚ ਦਿੱਲੀ ਵਿਖੇ ਮਰ ਗਿਆ।

ਕਿਡਨੀ ਫੇਲ੍ਹ ਹੋਣ ਦੀ ਬਿਮਾਰੀ ਦੀ ਆਖ਼ਰੀ ਸਾਹਾਂ ਉੱਤੇ ਦਿੱਲੀ ਦੇ ਸਰ ਗੰਗਾ ਰਾਮ ਹਸਪਤਾਲ ਚ ਦਾਖ਼ਲ ਕੇ. ਪੀ.ਐਸ. ਗਿੱਲ ਦੀ ਮੌਤ ਸ਼ੁੱਕਰਵਾਰ 26 ਮਈ, 2017 ਨੂੰ ਦਿਲ ਦਾ ਦੌਰਾ ਪੈਣ ਕਾਰਨ ਹੋਈ।। ਦੱਸਣਯੋਗ ਹੈ ਕਿ ਗਿੱਲ ਦੇ ਦੋਵੇਂ ਗੁਰਦਿਆਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ ਅਤੇ ਉਹ ਕੁਝ ਸਮੇਂ ਤੋਂ ਡਾਇਲਸਿਸ 'ਤੇ ਸਾਹ ਫਰੋਲ ਰਿਹਾ ਸੀ।

ਜ਼ਿਕਰਯੋਗ ਹੈ ਕਿ ਕੇ.ਪੀ.ਐਸ. ਗਿੱਲ ਨੇ ਪੰਜਾਬ ਪੁਲਿਸ ਦਾ ਮੁਖੀ ਬਣਨ ਤੋਂ ਬਾਅਦ ਸਿੱਖਾਂ ਨੂੰ ਸਰਕਾਰੀ ਅੱਤਵਾਦ ਦਾ ਸ਼ਿਕਾਰ ਬਣਾਇਆ ਸੀ। ਪੰਜਾਬ ਪੁਲਿਸ ਦੇ ਮੁਖੀ ਦੇ ਰੂਪ 'ਚ ਕੇ.ਪੀ.ਐਸ. ਗਿੱਲ ਦਾ ਕਾਰਜਕਾਲ ਹਜ਼ਾਰਾਂ ਸਿੱਖਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰਨ, ਉਨ੍ਹਾਂ ਦੀਆਂ ਲਾਸ਼ਾਂ ਨੂੰ ਲਾਵਾਰਸ ਕਰਾਰ ਦੇਣ ਲਈ ਯਾਦ ਕੀਤਾ ਜਾਂਦਾ ਹੈ। ਭਾਰਤ ਸਰਕਾਰ ਨੇ ਸਿੱਖਾਂ ਉੱਤੇ ਅਣਮਨੁੱਖੀ ਤਸ਼ੱਦਦ ਬਦਲੇ ਜਾਲਮ ਪੁਲਸੀਏ ਨੂੰ ਅਪਣੇ ਪਦਮ ਸ਼੍ਰੀ ਨਾਲ ਸਨਮਾਨਤ ਕੀਤਾ ਸੀ। ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਨ 2002 ਵਿਚ ਉਸ ਵੇਲੇ ਗੁਜਰਾਤ ਹੁੰਦਿਆਂ ਗੋਧਰਾ ਕਾਂਡ ਤੋਂ ਬਾਅਦ ਰਾਜ ਦੇ ਲੋਕਾਂ ਦੇ ਪ੍ਰਸ਼ਾਸਨ ਵਿਚ ਉਠ ਚੁੱਕੇ ਭਰੋਸੇ ਨੂੰ ਮੁੜ ਬਹਾਲ ਕਰਨ ਲਈ ਗਿੱਲ ਨੂੰ ਆਪਣਾ ਸੁਰੱਖਿਆ ਸਲਾਹਕਾਰ ਵੀ ਬਣਾਇਆ ਸੀ।



### ਔਰਤਾਂ ਨਾਲ ਛੇੜਖਾਨੀ ਕਰਨ ਤੇ ਹੋਰ ਵਿਵਾਦਾਂ 'ਚ ਘਿਰਿਆ ਬਦਨਾਮ ਪੁਲਸੀਆ

ਗਿੱਲ ਦਾ ਵਿਵਾਦਾਂ ਨਾਲ ਵੀ ਡੂੰਘਾ ਨਾਤਾ ਰਿਹਾ ਹੈ। ਮਨੁੱਖੀ ਹੱਕਾਂ ਬਾਰੇ ਸੰਸਥਾਵਾਂ ਵੱਲੋਂ ਲਗਾਤਾਰ ਉਸਦੇ ਕੰਮ ਕਰਨ ਦੇ ਤਰੀਕਿਆਂ 'ਤੇ ਸਵਾਲ ਉਠਾਏ ਜਾਂਦੇ ਰਹੇ ਹਨ। ਸਰਕਾਰ ਵਲੋਂ ਗਿੱਲ ਨੂੰ ਫਰਜ਼ੀ ਮੁਕਾਬਲਿਆਂ ਦਾ ਮਾਹਰ ਵੀ ਕਰਾਰ ਦਿੱਤਾ ਜਾਂਦਾ ਰਿਹਾ ਹੈ। ਗਿੱਲ 'ਤੇ 1988 ਵਿਚ ਇਕ ਪਾਰਟੀ ਦੌਰਾਨ ਇਕ ਮਹਿਲਾ ਅਧਿਕਾਰੀ ਰੂਪਨ ਦਿਓਲ ਬਜਾਜ ਨੂੰ ਜਿਣਸੀ ਤੌਰ 'ਤੇ ਪ੍ਰੇਸ਼ਾਨ ਕਾਰਨ ਦੇ ਦੋਸ਼ ਲੱਗੇ ਸਨ ਜਿਸ ਲਈ 1996 ਵਿਚ ਉਸਨੂੰ ਸਜ਼ਾ ਵੀ ਹੋਈ ਸੀ।

### ਆਪ੍ਰੇਸ਼ਨ ਬਲੈਕ ਥੰਡਰ ਨਾਲ ਸੁਰਖੀਆਂ ਚ ਆਇਆ

1934 ਵਿਚ ਲੁਧਿਆਣਾ ਵਿਚ ਪੈਦਾ ਹੋਏ ਗਿੱਲ 1958 ਵਿਚ ਭਾਰਤੀ ਪੁਲੀਸ ਸੇਵਾਵਾਂ (ਆਈ.ਪੀ.ਐੱਸ.) ਵਿਚ ਸ਼ਾਮਲ ਹੋਇਆ। ਆਸਾਮ ਅਤੇ ਮੇਘਾਲਿਆ ਵਿਚ ਪੁਲੀਸ ਮੁਖੀ ਰਹਿ ਚੁੱਕੇ ਗਿੱਲ ਨੂੰ ਦੋ ਵਾਰ ਪੰਜਾਬ ਪੁਲੀਸ ਦਾ ਮੁਖੀ ਬਣਾਇਆ ਗਿਆ। 1988 ਤੋਂ 1990 ਤੱਕ ਪੰਜਾਬ ਵਿਚ ਪੁਲੀਸ ਮੁਖੀ ਵਜੋਂ ਆਪਣੀਆਂ ਸੇਵਾਵਾਂ ਦੇਣ ਤੋਂ ਬਾਅਦ ਉਸਨੂੰ 1991 ਤੋਂ 1995 ਵਿਚ ਵੀ ਮੁੜ ਰਾਜ ਸੁਰੱਖਿਆ ਦਾ ਜ਼ਿੰਮਾ ਦਿੱਤਾ ਗਿਆ। ਕੇ.ਪੀ.ਐੱਸ. ਗਿੱਲ ਮਈ 1988 ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਖਾੜਕੂਆਂ ਨੂੰ ਬਾਹਰ ਕੱਢਣ ਲਈ ਕੀਤੀਆਂ ਕਾਰਵਾਈਆਂ, ਜਿਸ ਨੂੰ ਆਪ੍ਰੇਸ਼ਨ ਬਲੈਕ ਥੰਡਰ' ਦਾ ਨਾਂਅ ਦਿੱਤਾ ਗਿਆ ਸੀ, ਕਾਰਨਸਰਕਾਰ ਪੱਖੀ ਟੀਵੀ ਚੈਨਲਾਂ ਤੇ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਆਇਆ । ਨਕਸਲੀ ਸਮੱਸਿਆ ਨਾਲ ਜੂਝ ਰਹੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਰਮਨ ਸਿੰਘ ਨੇ ਵੀ ਰਾਜ ਵਿਚ ਨਕਸਲੀ ਹਿੰਸਾ 'ਤੇ ਕਾਬੂ ਪਾਉਣ ਲਈ ਗਿੱਲ ਤੋਂ ਮਦਦ ਮੰਗੀ ਸੀ। ਸਾਲ 2000 ਦੌਰਾਨ ਸ੍ਰੀਲੰਕਾ ਨੇ ਵੀ ਤਾਮਿਲ ਬਾਗੀਆਂ (ਲਿਟੇ) ਖਿਲਾਫ ਰਣਨੀਤੀ ਬਣਾਉਣ ਲਈ ਗਿੱਲ ਦੀ ਮਦਦ ਲਈ ਸੀ। ਇਸ ਤੋਂ ਇਲਾਵਾ ਉਸਦੀ ਜੁੰਡਲੀ ਨੇ ਭਾਰਤੀ ਹਾਕੀ ਫੈਡਰੇਸ਼ਨ ਉੱਤੇ ਕਬਜ਼ਾ ਕੀਤਾ ਹੋਇਆ ਸੀ । ਇਸ ਦੌਰਾਨ ਵੀ ਉਹ ਆਪਣੀਆਂ ਬੇਹੂਦਗੀਆਂ ਅਤੇ ਆਪਹੁਦਰੀਆਂ' ਕਾਰਨ ਚਰਚਾ ਵਿਚ ਰਿਹਾ। ਭਾਰਤੀ ਹਾਕੀ ਫੈਡਰੇਸ਼ਨ ਦੇ ਪ੍ਰਧਾਨ ਰਹਿਣ ਤੋਂ ਇਲਾਵਾ, ਉਹ ਨਵੀਂ ਦਿੱਲੀ ਸਥਿਤ ਇੰਸਚੀਟਿਊਟ ਆਫ ਕਾਨਫਲਿਕਟ ਮੈਨੇਜਮੈਂਟ ਦੇ ਮੋਢੀਆਂ ਵਿਚੋਂ ਵੀ ਇਕ ਸੀ।

### ਨਰਿੰਦਰ ਮੋਦੀ ਨੂੰ ਹੋਇਆ ਦੁੱਖ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗਿੱਲ ਦੀ ਮੌਤ 'ਤੇ ਅਫਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਗਿੱਲ ਨੂੰ ਪੁਲੀਸ ਅਤੇ ਸੁਰੱਖਿਆ ਦੇ ਖੇਤਰ ਵਿਚ ਰਾਸ਼ਟਰ ਨੂੰ ਆਪਣੀਆਂ ਸੇਵਾਵਾਂ ਦੇਣ ਲਈ ਹਮੇਸ਼ਾ ਯਾਦ ਕੀਤਾ ਜਾਵੇਗਾ। ਟਵਿੱਟਰ 'ਤੇ ਪਾਏ ਇਸ ਸੰਦੇਸ਼ ਵਿਚ ਸ੍ਰੀ ਮੋਦੀ ਨੇ ਕਿਹਾ ਕਿ ਕਿਹਾ ਕਿ ਉਹ ਗਿੱਲ ਦੀ ਮੌਤ ਕਾਰਨ ਸਦਮੇ ਵਿਚ ਹਨ।

### ਕੈਪਟਨ ਅਮਰਿੰਦਰ ਸਿੰਘ ਨੇ ਅ.ਫਸੋਸ ਪ੍ਰਗਟਾਇਆ



ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗਿੱਲ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਉਸਨੂੰ ਸੂਬੇ ਨੂੰ ਅੱਤਵਾਦ ਦੀ ਜਕੜ ਵਿਚੋਂ ਬਾਹਰ ਕੱਢ ਕੇ ਸ਼ਾਂਤੀ ਬਹਾਲ ਕਰਨ ਲਈ ਪਾਏ ਯੋਗਦਾਨ ਨੂੰ ਯਾਦ ਕੀਤਾ। ਆਪਣੇ ਸ਼ੋਕ ਸੰਦੇਸ਼ ਵਿਚ ਮੁੱਖ ਮੰਤਰੀ ਨੇ ਦੁਖੀ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਉਹ ਇਸ ਦੁੱਖ ਦੀ ਘੜੀ ਉਨ੍ਹਾਂ ਦੇ ਨਾਲ ਹਨ। ਸਿਹਤ ਮੰਤਰੀ ਸ੍ਰੀ ਬ੍ਰਹਮ ਮਹਿੰਦਰਾ ਅਤੇ ਬਿਜਲੀ ਤੇ ਸਿੰਜਾਈ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਵੀ ਸ. ਗਿੱਲ ਦੀ ਮੌਤ 'ਤੇ ਡੂੰਘੇ ਅਫਸੋਸ ਦਾ ਇਜ਼ਹਾਰ ਕਰਦਿਆਂ ਉਨ੍ਹਾਂ ਦੀ ਪੰਜਾਬ ਦੀ ਸ਼ਾਂਤੀ ਦੀ ਸਥਾਪਤੀ ਲਈ ਭੂਮਿਕਾ ਨੂੰ ਯਾਦ ਕੀਤਾ। ਪੰਜਾਬ ਭਾਜਪਾ ਦੇ ਮੁਖੀ ਸ੍ਰੀ ਵਿਜੇ ਸਾਂਪਲਾ ਵੱਲੋਂ ਵੀ ਇਕ ਬਿਆਨ ਰਾਹੀਂ ਗਿੱਲ ਦੀ ਮੌਤ 'ਤੇ ਦੁੱਖ ਦਾ ਇਜ਼ਹਾਰ ਕਰਦਿਆਂ ਦੁਖੀ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ।


LAW OFFICE OF

PARDEEP S. GREWAL

ਪ੍ਰਦੀਪ ਸਿੰਘ ਗਰੇਵਾਲ

Bankruptcy

Immigration • Divorce

**ਬੈਂਕਰਪਸੀ**
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
**ਇਮੀਗ੍ਰੇਸ਼ਨ ਲਾਅ**
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
**ਪਰਿਵਾਰਕ ਕਾਨੂੰਨ**
**ਤਲਾਕ**



Pardeep S. Grewal
Attorney At Law

**Bankruptcy**
- Chapter 7 & 13 Bankruptcy
- Protect Your Assets- Home, Etc..
- Start Fresh- Clear

**Family Law • Divorce**

**Immigration Law**
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ

510.889.1999

email : info@pardeeplaw.com

20980 REDWOOD ROAD, SUITE 240 • CASTRO VALLEY CA 94546


### 'ਬੁੱਚੜ' ਗਿੱਲ ਦੇ ਭੋਗ 'ਤੇ ਜਾਣ ਵਾਲਿਆਂ ਦਾ ਬਾਈਕਾਟ ਕਰਾਂਗੇ : ਬਾਬਾ ਹਰਨਾਮ ਸਿੰਘ ਖਾਲਸਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ 'ਬੁੱਚੜ' ਕੇਪੀਐਸ ਗਿੱਲ ਦੇ ਭੋਗ 'ਤੇ ਕੋਈ ਵੀ ਸੱਚਾ ਸਿੱਖ ਨਾ ਜਾਵੇ। ਜੇਕਰ ਕੋਈ ਸਿੱਖ ਉੱਥੇ ਜਾਂਦਾ ਹੈ ਤਾਂ ਉਸ ਦਾ ਬਾਈਕਾਟ ਕੀਤਾ ਜਾਵੇਗਾ। ਉਨ੍ਹਾਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਆਦੇਸ਼ ਜਾਰੀ ਕਰਨ ਕਿ ਜੇਕਰ ਕੋਈ ਸਿੱਖ ਉੱਥੇ ਜਾਂਦਾ ਹੈ ਤਾਂ ਉਸ ਨੂੰ ਅਕਾਲ ਤਖਤ ਸਾਹਿਬ 'ਤੇ ਤਲਬ ਕੀਤਾ ਜਾਵੇਗਾ। ਬਾਬਾ ਹਰਨਾਮ ਸਿੰਘ ਖਾਲਸਾ ਨੇ ਇਲਜ਼ਾਮ ਲਾਇਆ ਕਿ ਕੇਪੀਐਸ ਗਿੱਲ ਕਈ ਬੇਗੁਨਾਹ ਸਿੱਖਾਂ ਦਾ ਕਾਤਲ ਸੀ। ਉਸ ਨੇ ਪੰਜਾਬ ਵਿਚੋਂ ਅੱਤਵਾਦ ਨੂੰ ਖ਼ਤਮ ਕਰਨ ਦੇ ਨਾਮ 'ਤੇ ਕਈ ਬੇਗੁਨਾਹ ਪਰਿਵਾਰਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ। ਇਸ ਤੋਂ ਇਲਾਵਾ ਉਨ੍ਹਾਂ 6 ਜੂਨ ਨੂੰ ਘੱਲੂਘਾਰਾ ਦਿਵਸ ਸਬੰਧੀ ਹੋਣ ਵਾਲੇ ਸਮਾਗਮਾਂ ਨੂੰ ਸ਼ਾਂਤਮਈ ਢੰਗ ਨਾਲ ਨੇਪਰੇ ਚਾੜ੍ਹਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਮੁੱਚੇ ਸੰਸਾਰ ਦੇ ਸਿੱਖ ਇਸ ਦਿਹਾੜੇ ਨੂੰ ਸ਼ਾਂਤੀ ਨਾਲ ਮਨਾਉਣ ਤੇ ਕਿਸੇ ਵੀ ਤਰ੍ਹਾਂ ਦੀ ਹੁੱਲੜਬਾਜ਼ੀ ਨਾ ਕੀਤੀ ਜਾਵੇ। ਖਾਲਸਾ ਨੇ ਸ਼੍ਰੋਮਣੀ ਕਮੇਟੀ ਤੋਂ ਮੰਗ ਕੀਤੀ ਕਿ 1984 ਵਿੱਚ ਅਕਾਲ ਤਖਤ ਸਾਹਿਬ 'ਤੇ ਹੋਏ ਹਮਲੇ ਦੌਰਾਨ ਸ਼ਹੀਦ ਹੋਏ ਸਿੱਖਾਂ ਦੀਆਂ ਤਸਵੀਰਾਂ ਲਾਉਣ ਲਈ ਖਾਸ ਗੈਲਰੀ ਬਣਾਈ ਜਾਵੇ। ਖਾਲਸਾ ਦਮਦਮੀ ਟਕਸਾਲ ਦੇ ਹੈੱਡਕਵਾਟਰ ਚੌਕ ਮਹਿਤਾ ਵਿਖੇ 6 ਜੂਨ ਨੂੰ ਹੋਣ ਵਾਲੇ ਸਮਾਗਮ ਦੀਆਂ ਤਿਆਰੀਆਂ ਸਬੰਧੀ ਰੱਖੀ ਗਈ ਬੈਠਕ ਨੂੰ ਸੰਬੋਧਨ ਕਰ ਰਹੇ ਸਨ।

### ਗਿੱਲ ਨੂੰ ਸਿੱਖ ਕਦੇ ਮਾਫ ਨਹੀਂ ਕਰਨਗੇ : ਗਿਆਨੀ ਗੁਰਬਚਨ ਸਿੰਘ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਪੰਜਾਬ ਪੁਲੀਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਨੂੰ ਸਿੱਖ ਕਦੇ ਵੀ ਮਾਫ ਨਹੀਂ ਕਰਨਗੇ ਕਿਉਂਕਿ ਗਿੱਲ 'ਅੱਤਵਾਦ ਦਾ ਸਿਰਜਣਹਾਰ' ਸੀ ਨਾ ਕਿ ਸ਼ਾਂਤੀ ਦਾ ਨੁਮਾਇੰਦਾ। ਉਨ੍ਹਾਂ ਕਿਹਾ ਕਿ ਉਹ ਮਨੁੱਖੀ ਅਧਿਕਾਰਾਂ ਦੇ ਘਾਣ ਕਰਨ ਵਾਲੇ ਵਜੋਂ ਜਾਣਿਆ ਜਾਂਦਾ ਸੀ। ਗਿਆਨੀ ਗੁਰਬਚਨ ਸਿੰਘ ਨੇ ਕਿਹਾ, "ਜੇ ਕੋਈ ਕੇ.ਪੀ.ਐਸ. ਗਿੱਲ ਨੂੰ 'ਸੁਪਰ ਕੌਪ' ਜਾਂ ਸ਼ਾਂਤੀ ਦਾ ਮਸੀਹਾ ਕਹਿਣਾ ਚਾਹੁੰਦਾ ਹੈ ਤਾਂ ਉਹ ਕਹਿ ਸਕਦਾ ਹੈ। ਪਹਿਲਾਂ ਉਸ ਨੇ ਆਸਾਮ ਵਿਚ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਅਤੇ ਫੇਰ ਉਸ ਨੂੰ ਪੰਜਾਬ ਵਿਚ ਨਿਯੁਕਤ ਕਰ ਦਿੱਤਾ ਗਿਆ।" ਸੂਤਰਾਂ ਅਨੁਸਾਰ ਗਿਆਨੀ ਗੁਰਬਚਨ ਸਿੰਘ ਨੇ ਇਹ ਬਿਆਨ ਇਸ ਲਈ ਦਿੱਤਾ ਕਿਉਂਕਿ 2016 ਦੇ ਚੱਬਾ ਵਿਖੇ ਹੋਏ ਇਕੱਠ ਵਿਚ ਥਾਪੇ ਗਏ ਜਥੇਦਾਰਾਂ ਨੇ ਪੰਜਾਬ ਦੇ ਬੁੱਚੜ ਕੇ.ਪੀ. ਐਸ. ਗਿੱਲ ਦੀਆਂ ਆਖਰੀ ਰਸਮਾਂ ਵਿਚ ਨਾ ਸ਼ਾਮਲ ਹੋਣ ਲਈ ਪਾਠੀਆਂ, ਰਾਗੀਆਂ ਨੂੰ ਚਿਤਾਵਨੀ ਜਾਰੀ ਕੀਤੀ ਸੀ।

### ਕੈਪਟਨ ਵਲੋਂ ਖਾਲਿਸਤਾਨੀ ਪੱਖੀ ਕੈਨੇਡੀਅਨਾਂ ਨੂੰ ਪੰਜਾਬ ਆਉਣ ਤੇ ਸਰਕਾਰ ਦਾ ਸਾਹਮਣਾ ਕਰਨ ਦੀ ਚੁਣੌਤੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖ਼ੁਫ਼ੀਆ ਰਿਪੋਰਟਾਂ ਅਤੇ ਧਮਕੀਆਂ ਦੇ ਮੱਦੇਨਜ਼ਰ ਆਪਣੀ ਸੁਰੱਖਿਆ ਵਧਾਉਣ ਤੋਂ ਸਪਸ਼ਟ ਇਨਕਾਰ ਕਰਦੇ ਹੋਏ ਖਾਲਿਸਤਾਨੀ ਪੱਖੀ ਕੈਨੇਡੀਅਨਾਂ ਨੂੰ ਪੰਜਾਬ ਆਉਣ ਅਤੇ ਸਰਕਾਰ ਦਾ ਸਾਹਮਣਾ ਕਰਨ ਦੀ ਚੁਣੌਤੀ ਦਿੱਤੀ ਹੈ। ਖਾਲਿਸਤਾਨ ਪੱਖੀ ਤੱਤਾਂ ਵੱਲੋਂ ਉਨ੍ਹਾਂ ਨੂੰ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਰਵਨੀਤ ਬਿੱਟੂ ਨੂੰ ਵੀਡੀਓ ਰਾਹੀਂ ਦਿੱਤੀਆਂ ਧਮਕੀਆਂ ਬਾਰੇ ਤਿੱਖੀ ਪ੍ਰਤੀਕਿਰਿਆ ਜ਼ਾਹਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਉਹ ਅਜਿਹੀਆਂ ਕਾਰਵਾਈਆਂ ਤੋਂ ਡਰਨ ਵਾਲੇ ਨਹੀਂ ਅਤੇ ਸੂਬੇ ਦੇ ਲੋਕਾਂ ਦੀ ਸੁਰੱਖਿਆ ਲਈ ਉਹ ਅਜਿਹੀਆਂ ਸ਼ਕਤੀਆਂ ਦਾ ਟਾਕਰਾ ਕਰਨ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਇਹ ਤੱਤ ਪੰਜਾਬ ਵਿੱਚ ਸਖ਼ਤ ਜਦੋ-ਜਹਿਦ ਨਾਲ ਲਿਆਂਦੀ ਸ਼ਾਂਤੀ ਅਤੇ ਸਦਭਾਵਨਾ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇਨ੍ਹਾਂ ਦੇ ਘਿਨਾਉਣੇ ਕਾਰਿਆਂ ਨੂੰ ਅਸਫ਼ਲ ਕਰਨ ਲਈ ਉਹ ਹਰ ਕਦਮ ਚੁੱਕਣਗੇ। ਉਨ੍ਹਾਂ ਕਿਹਾ, "ਜੇ ਉਨ੍ਹਾਂ ਵਿੱਚ ਜੁਅੱਰਤ ਹੈ ਤਾਂ ਉਹ ਪੰਜਾਬ ਆਉਣ ਅਤੇ ਮੇਰੀ ਸਰਕਾਰ ਇਹ ਯਕੀਨੀ ਬਣਾਉਣ ਲਈ ਢੁਕਵੇਂ ਕਦਮ ਚੁੱਕੇਗੀ ਕਿ ਧਮਕੀਆਂ ਦੇਣ ਅਤੇ ਸੂਬੇ ਵਿੱਚ ਅਤਿਵਾਦ ਸੁਰਜੀਤ ਕਰਨ ਦੇ ਨਾਪਾਕ ਇਰਾਦੇ ਰੱਖਣ ਵਾਲਿਆਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇ।" ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਅਜਿਹੇ ਲੋਕਾਂ ਦੀਆਂ ਧਮਕੀਆਂ ਤੋਂ ਡਰਨ ਵਾਲੀ ਨਹੀਂ, ਜਿਨ੍ਹਾਂ ਵਿੱਚ ਪੰਜਾਬ ਆ ਕੇ ਉਨ੍ਹਾਂ ਦਾ ਸਾਹਮਣਾ ਕਰਨ ਦੀ ਵੀ ਹਿੰਮਤ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਕੀਮਤ 'ਤੇ ਸ਼ਾਂਤਮਈ ਮਾਹੌਲ ਵਿੱਚ ਵਿਘਨ ਨਹੀਂ ਪੈਣ ਦਿੱਤਾ ਜਾਵੇਗਾ। ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਸਪਸ਼ਟ ਕੀਤਾ ਕਿ ਖਾਲਿਸਤਾਨੀ ਪੱਖੀਆਂ ਵੱਲੋਂ ਕੈਪਟਨ ਅਮਰਿੰਦਰ ਸਿੰਘ ਨੂੰ ਹਾਲ ਹੀ ਵਿੱਚ ਦਿੱਤੀਆਂ ਧਮਕੀਆਂ ਕਾਰਨ ਉਹ ਹੋਰ ਸੁਰੱਖਿਆ ਨਹੀਂ ਲੈ ਰਹੇ।

# ਸ਼੍ਰੋਮਣੀ ਕਮੇਟੀ ਵਲੋਂ ਭਾਈ ਰਾਜੋਆਣਾ ਦੇ ਪਰਿਵਾਰ ਦੀ 2 ਲੱਖ ਦੀ ਵਿੱਤੀ ਮਦਦ



**ਰਾਏਕੋਟ/ਬਿਊਰੋ ਨਿਊਜ਼ :** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਦੇ ਦੋਸ਼ਾਂ ਹੇਠ ਪਿਛਲੇ ਲੰਮੇ ਸਮੇਂ ਤੋਂ ਜੇਲ੍ਹ ਵਿਚ ਨਜ਼ਰਬੰਦ ਸਿੰਘ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਪਰਿਵਾਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 2 ਲੱਖ ਰੁਪਏ ਦੀ ਸਹਾਇਤਾ ਦਾ ਚੈੱਕ ਸੌਂਪਿਆ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅਗਜ਼ੈਕਟਿਵ ਕਮੇਟੀ ਦੇ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਤੇ ਜਥੇਦਾਰ ਜਗਜੀਤ ਸਿੰਘ ਤਲਵੰਡੀ ਮੈਂਬਰ ਸ਼੍ਰੋਮਣੀ ਕਮੇਟੀ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਬੀਬੀ ਕਮਲਦੀਪ ਕੌਰ ਨੂੰ 2 ਲੱਖ ਰੁਪਏ ਦੀ ਰਾਸ਼ੀ ਦਾ ਚੈੱਕ ਸੌਂਪਦਿਆਂ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਕੌਮ ਦੇ ਨਿਧੜਕ ਪਰਿਵਾਰਾਂ ਨਾਲ ਹਰ ਸਮੇਂ ਡਟ ਕੇ ਖੜ੍ਹੀ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਿਛਲੇ ਦਿਨੀ ਅਗਜ਼ੈਕਟਿਵ ਕਮੇਟੀ ਦੀ ਮੀਟਿੰਗ ਵਿਚ ਸਹਿਮਤੀ ਪ੍ਰਗਟ ਹੋਈ ਸੀ, ਕਿ ਜੇਲ੍ਹ ਵਿਚ ਨਜ਼ਰਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਪਰਿਵਾਰ ਨੂੰ ਸਹਾਇਤਾ ਦਿੱਤੀ ਜਾਵੇਗੀ ਜਿਸ ਦਾ ਸ਼੍ਰੋਮਣੀ ਕਮੇਟੀ ਨੇ ਆਪਣੇ ਲਏ ਫੈਸਲੇ ਨੂੰ ਪੂਰਾ ਕੀਤਾ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਇੰਸ. ਗੁਰਪ੍ਰੀਤ ਸਿੰਘ, ਮੈਨੇਜਰ ਜਰਨੈਲ ਸਿੰਘ ਚੌਕੀਮਾਨ ਗੁਰਦੁਆਰਾ ਪਾਤਸ਼ਾਹੀ 10ਵੀਂ ਹੋਰਾਂ ਵੀ ਹਾਜ਼ਰ ਸਨ।

## ਭਾਈ ਜਗਤਾਰ ਸਿੰਘ ਤਾਰਾ ਖ਼ਿਲਾਫ਼ ਸਾਬਕਾ ਐਸ.ਪੀ. ਦੇ ਬਿਆਨ ਦਰਜ

**ਚੰਡੀਗੜ੍ਹ/ਬਿਊਰੋ ਨਿਊਜ਼ :** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਭਾਈ ਜਗਤਾਰ ਸਿੰਘ ਤਾਰਾ ਖ਼ਿਲਾਫ਼ ਚੱਲ ਰਹੇ ਮੁਕੱਦਮੇ ਦੀ ਸੁਣਵਾਈ ਦੌਰਾਨ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਜੇ.ਐਸ. ਸਿੱਧੂ ਦੀ ਵਿਸ਼ੇਸ਼ ਅਦਾਲਤ ਵਿਚ ਸੀ.ਬੀ.ਆਈ. ਦੇ ਸਾਬਕਾ ਐਸ.ਪੀ. ਦੇ ਬਿਆਨ ਦਰਜ ਹੋਏ। ਭਾਈ ਤਾਰਾ ਦੇ ਵਕੀਲ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਸੀ.ਬੀ. ਆਈ. ਦੇ ਸਾਬਕਾ ਐਸ.ਪੀ ਏ.ਪੀ ਸਿੰਘ ਨੇ ਆਪਣੇ ਬਿਆਨਾਂ ਵਿਚ ਕਿਹਾ ਕਿ ਜਿਸ ਸਮੇਂ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਹੋਈ ਸੀ ਉਸ ਸਮੇਂ ਉਹ ਨਵੀਂ ਦਿੱਲੀ ਸੀਬੀਆਈ ਦੇ ਐਸ.ਪੀ. ਵਜੋਂ ਤਾਇਨਾਤ ਸਨ। ਉਨ੍ਹਾਂ ਦੱਸਿਆ ਕਿ ਭਾਈ ਜਗਤਾਰ ਸਿੰਘ ਤਾਰਾ ਨੂੰ 13 ਸਤੰਬਰ 1995 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਦੇ ਬਿਆਨ 18 ਸਤੰਬਰ 1995 ਨੂੰ ਦਰਜ ਕੀਤੇ ਗਏ ਸਨ। ਭਾਈ ਜਗਤਾਰ ਸਿੰਘ ਤਾਰਾ ਨੇ ਆਪਣੇ ਉਸ ਸਮੇਂ ਦਰਜ ਕਰਵਾਏ ਬਿਆਨਾਂ ਵਿਚ ਕਿਹਾ ਸੀ ਕਿ ਉਨ੍ਹਾਂ ਨੇ 20 ਅਗਸਤ 1995 ਨੂੰ ਦਿੱਲੀ ਤੋਂ ਇਕ ਅੰਬੈਸਡਰ ਕਾਰ ਨੰਬਰ ਡੀਬੀਏ 9598, 30 ਹਜ਼ਾਰ ਰੁਪਏ ਵਿਚ ਖ਼ਰੀਦੀ ਸੀ ਅਤੇ 24 ਅਗਸਤ ਨੂੰ ਉਹ ਭਾਈ ਜਗਤਾਰ ਸਿੰਘ ਹਵਾਰਾ ਦੇ ਨਿਰਦੇਸ਼ਾਂ 'ਤੇ ਭਾਈ ਪਰਮਜੀਤ ਸਿੰਘ ਭਿਓਰਾ ਨਾਲ ਚੰਡੀਗੜ੍ਹ ਆ ਗਏ ਸਨ। ਇਸ ਦੇ ਬਾਅਦ ਉਹ ਭਾਈ ਦਿਲਾਵਰ ਸਿੰਘ, ਬਲਵੰਤ ਸਿੰਘ ਅਤੇ ਜਗਤਾਰ ਸਿੰਘ ਹਵਾਰਾ ਨਾਲ ਪਟਿਆਲਾ ਦੇ ਪਿੰਡ ਝੀਗੜਾ ਕਲ੍ਹਾ ਬਾਰੂਦ ਲੈਣ ਗਏ ਸਨ। ਐਸ. ਪੀ ਨੇ ਕਿਹਾ ਕਿ ਉਹ ਸਾਰੇ ਉਸ ਸਮੇਂ ਮਿਲ ਕੇ ਮੁੱਖ ਮੰਤਰੀ ਨੂੰ ਮਾਰਨ ਦੀ ਸਾਜ਼ਿਸ਼ ਰਚ ਰਹੇ ਸਨ। ਅਦਾਲਤ ਵਿਚ ਐਸ.ਪੀ ਦੇ ਬਿਆਨਾਂ ਤੋਂ ਬਾਅਦ ਮਾਮਲੇ ਦੀ ਅਗਲੀ ਸੁਣਵਾਈ 13 ਜੁਲਾਈ ਨੂੰ ਹੋਵੇਗੀ ਅਤੇ ਅਦਾਲਤ ਨੇ ਮਾਮਲੇ ਵਿਚ ਦੋ ਆਖ਼ਰੀ ਗਵਾਹਾਂ ਨੂੰ ਬਿਆਨ ਦਰਜ ਕਰਵਾਉਣ ਲਈ ਸੰਮਨ ਭੇਜੇ ਹਨ। ਇਨ੍ਹਾਂ ਦੋਵਾਂ ਗਵਾਹਾਂ ਵਿਚ ਡਾ. ਲਾਲਜੀ ਧਨਾ ਅਤੇ ਡੀਐਸਪੀ ਸੀਬੀਆਈ ਏ.ਕੇ ਚੰਦਰਾ ਸ਼ਾਮਲ ਹਨ। ਅਦਾਲਤ ਨੇ ਇਹ ਵੀ ਕਿਹਾ ਕਿ ਗ੍ਰਹਿ ਮੰਤਰੀ ਦੀ ਫੇਰੀ ਨੂੰ ਲੈ ਕੇ ਜੇਲ੍ਹ ਪ੍ਰਸ਼ਾਸਨ ਭਾਈ ਜਗਤਾਰ ਸਿੰਘ ਤਾਰਾ ਦੀ ਐਮ.ਆਰ.ਆਈ ਲਈ ਬਾਹਰ ਨਹੀਂ ਲਿਜਾ ਸਕਿਆ ਅਤੇ ਉਨ੍ਹਾਂ ਨੇ ਜੇਲ੍ਹ ਪ੍ਰਸ਼ਾਸਨ ਨੂੰ ਮਾਮਲੇ ਵਿਚ ਮੁੜ ਤੋਂ ਇਜਾਜ਼ਤ ਲੈਣ ਲਈ ਕਿਹਾ ਹੈ ਤਾਂ ਜੋ ਭਾਈ ਜਗਤਾਰ ਸਿੰਘ ਤਾਰਾ ਦੀ ਐਮ.ਆਰ. ਆਈ ਕਰਵਾਈ ਜਾ ਸਕੇ।



# ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਨੂੰ ਸਿੱਖ ਅਜਾਇਬ ਘਰ 'ਚ ਵੱਖਰਾ ਸਥਾਨ ਦਿੱਤਾ ਜਾਵੇ : ਬਾਬਾ ਹਰਨਾਮ ਸਿੰਘ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਦਮਦਮੀ ਟਕਸਾਲ ਨੇ ਜੂਨ 1984 ਦੇ ਫ਼ੌਜੀ ਹਮਲੇ ਵਿੱਚ ਸ਼ਹੀਦ ਹੋਏ ਸਿੱਖਾਂ ਦੀਆਂ ਤਸਵੀਰਾਂ ਲਾਉਣ ਲਈ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਵੱਖਰਾ ਤੇ ਢੁਕਵਾਂ ਸਥਾਨ ਮੁਹੱਈਆ ਕਰਵਾਉਣ ਦੀ ਮੰਗ ਕੀਤੀ ਹੈ। ਇਸ ਸਬੰਧੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੂੰ ਮੰਗ ਪੱਤਰ ਸੌਂਪਿਆ ਹੈ।

ਉਨ੍ਹਾਂ ਮੰਗ ਪੱਤਰ ਵਿੱਚ ਕਿਹਾ ਕਿ ਦਮਦਮੀ ਟਕਸਾਲ ਦੇ ਕੇਂਦਰੀ ਸਥਾਨ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ 6 ਜੂਨ 2016 ਨੂੰ ਸ਼ਹੀਦੀ ਸਮਾਗਮ ਦੌਰਾਨ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਸੀ ਕਿ ਜੂਨ 1984 ਮੌਕੇ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਦੌਰਾਨ ਗੁਰਧਾਮਾਂ ਦੀ ਰੱਖਿਆ ਖ਼ਾਤਰ ਕੁਰਬਾਨੀਆਂ ਦੇਣ ਵਾਲੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਹਿਯੋਗੀ ਸ਼ਹੀਦ ਭਾਈ ਅਮਰੀਕ ਸਿੰਘ, ਸ਼ਹੀਦ ਜਨਰਲ ਸੁਬੇਗ ਸਿੰਘ, ਸ਼ਹੀਦ ਬਾਬਾ ਠਾਰਾ ਸਿੰਘ ਅਤੇ ਘੱਲੂਘਾਰੇ ਨਾਲ ਸਬੰਧਤ ਸ਼ਹੀਦਾਂ, ਸੂਰਬੀਰਾਂ ਦੀਆਂ ਤਸਵੀਰਾਂ ਤੇ ਨੁਕਸਾਨੇ ਗਏ ਅਕਾਲ ਤਖ਼ਤ ਦਰਬਾਰ ਸਾਹਿਬ, ਦਰਸ਼ਨੀ ਡਿਉਡੀ 'ਤੇ ਲੱਗੀਆਂ ਗੋਲੀਆਂ ਦੇ ਨਿਸ਼ਾਨ, ਫ਼ੌਜ ਵੱਲੋਂ ਕੀਤੀਆਂ ਵਧੀਕੀਆਂ ਵਾਲੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਾਉਣ ਲਈ ਢੁਕਵੀਂ ਤੇ ਵੱਖਰੀ ਜਗ੍ਹਾ ਦਾ ਪ੍ਰਬੰਧ ਕੀਤਾ ਜਾਵੇ।



# ਦੁਬਈ ਵਿਚ ਬਲੱਡ ਮਨੀ ਦੇਣ ਮਗਰੋਂ 10 ਪੰਜਾਬੀਆਂ ਦੀ ਫਾਂਸੀ ਦੀ ਸਜ਼ਾ ਮੁਆਫ਼ੀ 'ਤੇ ਲੱਗੀ ਮੋਹਰ

**ਪਟਿਆਲਾ/ਬਿਊਰੋ ਨਿਊਜ਼ :** ਆਬੂ ਧਾਬੀ ਵਿੱਚ ਪਾਕਿਸਤਾਨੀ ਨੌਜਵਾਨ ਦੇ ਕਤਲ ਸਬੰਧੀ 10 ਪੰਜਾਬੀਆਂ ਨੂੰ ਸੁਣਾਈ ਗਈ ਫਾਂਸੀ ਦੀ ਸਜ਼ਾ 'ਬਲੱਡ ਮਨੀ' ਦੇਣ ਬਾਅਦ ਅਦਾਲਤ ਨੇ ਮੁਆਫ਼ ਕਰ ਦਿੱਤੀ ਹੈ। ਇਨ੍ਹਾਂ ਦਸ ਵਿਚੋਂ ਪੰਜ ਤਾਂ ਜਲਦੀ ਹੀ ਰਿਹਾਅ ਹੋ ਕੇ ਵਤਨ ਪਰਤ ਆਉਣਗੇ, ਕਿਉਂਕਿ ਉਹ ਅਦਾਲਤ ਵੱਲੋਂ ਸੁਣਾਈ ਗਈ ਸਜ਼ਾ ਪਹਿਲਾਂ ਹੀ ਭੁਗਤ ਚੁੱਕੇ ਹਨ। 'ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ' ਦੇ ਮੈਨੇਜਿੰਗ ਟਰੱਸਟੀ ਡਾ. ਐਸਪੀ ਸਿੰਘ ਓਬਰਾਏ ਦੇ ਯਤਨਾਂ ਸਦਕਾ ਮ੍ਰਿਤਕ ਦੇ ਵਾਰਸਾਂ ਨਾਲ ਬਲੱਡ ਮਨੀ (60 ਲੱਖ ਰੁਪਏ) ਤਹਿਤ ਹੋਏ ਸਮਝੌਤੇ ਅਧੀਨ ਅਦਾਲਤ ਵੱਲੋਂ ਕੁੱਝ ਮਹੀਨੇ ਪਹਿਲਾਂ ਹੀ ਮੁਆਫ਼ ਕਰ ਦਿੱਤੀ ਗਈ ਸੀ ਪਰ ਇਸ 'ਤੇ ਮੋਹਰ ਲਾਈ ਗਈ ਹੈ। 13 ਜੁਲਾਈ 2015 ਨੂੰ ਪਾਕਿ ਨੌਜਵਾਨ ਮੁਹੰਮਦ ਫਰਾਨ ਦੇ ਕਤਲ ਦੀ ਇਸ ਘਟਨਾ ਸਬੰਧੀ ਕੇਸ ਵਿਚ ਇਨ੍ਹਾਂ ਨੂੰ ਅਕਤੂਬਰ 2016 ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਸ੍ਰੀ ਓਬਰਾਏ ਨੇ ਦੱਸਿਆ ਕਿ ਇਸ ਦੌਰਾਨ ਅਦਾਲਤ ਵੱਲੋਂ ਚੰਦਰ ਸ਼ੇਖਰ ਨਵਾ ਸ਼ਹਿਰ ਤੇ ਚਮਕੌਰ ਸਿੰਘ ਮਾਲੇਰਕੋਟਲਾ ਸਾਢੇ ਤਿੰਨ ਸਾਲ ਸਤਮਿੰਦਰ ਸਿੰਘ ਠੀਕਰੀਵਾਲਾ, ਧਰਮਵੀਰ ਸਿੰਘ ਸਮਰਾਲਾ, ਗੁਰਪ੍ਰੀਤ ਸਿੰਘ ਪਟਿਆਲਾ ਨੂੰ ਤਿੰਨ-ਤਿੰਨ ਸਾਲ, ਕੁਲਵਿੰਦਰ ਸਿੰਘ ਲੁਧਿਆਣਾ, ਤਰਸੇਮ ਸਿੰਘ ਮੱਧ ਤੇ ਜਗਜੀਤ ਸਿੰਘ ਗੁਰਦਾਸਪੁਰ ਨੂੰ ਇੱਕ ਇੱਕ ਸਾਲ ਜਦਕਿ ਬਲਵਿੰਦਰ ਸਿੰਘ ਚਲਾਂਗ, ਹਰਜਿੰਦਰ ਸਿੰਘ ਮੁਹਾਲੀ ਨੂੰ ਡੇਢ ਸਾਲ ਦੀ ਕੈਦ ਦੀ ਸਜ਼ਾ ਹੋਈ ਹੈ ਪਰ ਦੋ ਸਾਲ ਤੱਕ ਦੀ ਸਜ਼ਾ ਵਾਲੇ ਪੰਜ ਜਣੇ ਜਲਦੀ ਰਿਹਾਅ ਹੋ ਕੇ ਵਤਨ ਪਰਤ ਆਖਣਗੇ। ਉਹ ਇਹ ਸਜ਼ਾ ਪਹਿਲਾਂ ਹੀ ਭੁਗਤ ਚੁੱਕੇ ਹਨ। ਬਾਕੀ ਪੰਜ ਵੀ ਸਾਲ ਦੇ ਅੰਤ ਵਿਚ ਰਿਹਾਅ ਹੋ ਜਾਣਗੇ। ਉਨ੍ਹਾਂ ਨੇ ਯੂਈ ਵਿਖੇ ਭਾਰਤੀ ਸਫ਼ੀਰ ਨਾਲ ਮੁਲਾਕਾਤ ਕੀਤੀ, ਜਿਨ੍ਹਾਂ ਨੇ ਜਲਦੀ ਹੀ ਇਨ੍ਹਾਂ ਪੰਜਾਂ ਜਣਿਆਂ ਦਾ ਆਊਟ ਪਾਸ ਬਣਾ ਕੇ ਵਤਨ ਵਾਪਸ ਭੇਜਣ ਦਾ ਭਰੋਸਾ ਦਿਵਾਇਆ ਹੈ।



# ਪੀਲੀਭੀਤ ਜੇਲ੍ਹ ਵਿਚ ਸਿੱਖ ਹਵਾਲਾਤੀਆਂ ਦੀ ਮੌਤ ਸਬੰਧੀ ਹਾਈ ਕੋਰਟ ਵੱਲੋਂ ਯੂਪੀ ਸਰਕਾਰ ਨੂੰ ਨੋਟਿਸ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪੀਲੀਭੀਤ ਜੇਲ੍ਹ (ਯੂਪੀ) ਵਿੱਚ 1994 ਵਿੱਚ 7 ਸਿੱਖ ਹਵਾਲਾਤੀਆਂ ਦੀ ਮੌਤ ਸਬੰਧੀ 41 ਜੇਲ੍ਹ ਅਧਿਕਾਰੀਆਂ ਖ਼ਿਲਾਫ਼ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੇਸ ਚਲਾਉਣ ਦੀ ਮੰਗ ਲਈ ਅਲਾਹਾਬਾਦ ਹਾਈ ਕੋਰਟ ਵਿੱਚ ਚੱਲ ਰਹੇ ਕੇਸ ਸਬੰਧੀ ਅਦਾਲਤ ਨੇ ਯੂ.ਪੀ. ਸਰਕਾਰ ਨੂੰ ਨੋਟਿਸ ਜਾਰੀ ਕਰ ਕੇ 7 ਜੁਲਾਈ ਤੱਕ ਜਵਾਬ ਦੇਣ ਲਈ ਕਿਹਾ ਹੈ। ਸੰਨ 1994 ਵਿੱਚ 8 ਤੇ 9 ਨਵੰਬਰ ਦੀ ਦਰਮਿਆਨੀ ਰਾਤ ਨੂੰ ਜੇਲ੍ਹ ਵਿੱਚ ਸਿੱਖ ਹਵਾਲਾਤੀਆਂ ਨਾਲ ਜੇਲ੍ਹ ਸੁਪਰਡੈਂਟ ਵਿੰਧਿਆਂਚਲ ਸਿੰਘ ਯਾਦਵ ਤੇ ਹੋਰਨਾਂ ਅਧਿਕਾਰੀਆਂ ਵੱਲੋਂ ਕਥਿਤ ਤੌਰ 'ਤੇ ਕੁੱਟਮਾਰ ਕੀਤੀ ਗਈ ਸੀ। ਇਸ ਕਰ ਕੇ ਸੱਤ ਹਵਾਲਾਤੀਆਂ ਦੀ ਮੌਤ ਹੋ ਗਈ ਸੀ ਤੇ ਕਈਆਂ ਨੂੰ ਗੰਭੀਰ ਸੱਟਾਂ ਲੱਗੀਆਂ ਸਨ। ਸਾਲ 2007 ਵਿੱਚ ਪੀਲੀਭੀਤ ਜ਼ਿਲ੍ਹਾ ਅਦਾਲਤ ਨੇ ਮੁਲਾਇਮ ਸਿੰਘ ਯਾਦਵ ਸਰਕਾਰ ਵੱਲੋਂ ਜੇਲ੍ਹ ਅਧਿਕਾਰੀਆਂ ਖ਼ਿਲਾਫ਼ ਕੇਸ ਵਾਪਸ ਲੈਣ ਲਈ ਦਾਇਰ ਅਰਜ਼ੀ ਮਨਜ਼ੂਰ ਕਰ ਲਈ ਸੀ। ਇਸ ਖ਼ਿਲਾਫ਼ ਗਵਾਹਾਂ ਨੂੰ ਨਾਲ ਲੈ ਕੇ ਦਿੱਲੀ ਕਮੇਟੀ ਵੱਲੋਂ ਸੁਪਰੀਮ ਕੋਰਟ ਵਿੱਚ ਕੇਸ ਦਾਖ਼ਲ ਕੀਤਾ ਗਿਆ ਸੀ।

ਕੇਸ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਕਮੇਟੀ ਨੂੰ ਮਾਮਲੇ ਸਬੰਧੀ ਅਲਾਹਾਬਾਦ ਹਾਈ ਕੋਰਟ ਜਾਣ ਦਾ ਆਦੇਸ਼ ਦਿੱਤਾ ਸੀ। ਹੁਣ ਜਸਟਿਸ ਰਮੇਸ਼ ਸਿਨਹਾ ਤੇ ਜਸਟਿਸ ਉਮੇਸ਼ ਚੰਦਰ ਸ੍ਰੀਵਾਸਤਵ ਦੇ ਬੈਂਚ ਨੇ ਯੂ.ਪੀ. ਸਰਕਾਰ ਨੂੰ ਇਸ ਮਸਲੇ 'ਤੇ ਜਵਾਬ ਦੇਣ ਲਈ ਨੋਟਿਸ ਜਾਰੀ ਕਰ ਦਿੱਤਾ ਹੈ।

41 ਮੁਲਜ਼ਮਾਂ ਵਿਚੋਂ 24 ਮੁਲਜ਼ਮਾਂ ਨੂੰ ਹੀ ਹਾਲੇ ਤੀਕ ਕੇਸ ਸਬੰਧੀ ਕਾਗਜ਼ਾਤ ਪੁੱਜੇ ਹਨ। ਇਸ ਕਰ ਕੇ ਅਦਾਲਤ ਵੱਲੋਂ ਅਗਲੀ ਸੁਣਵਾਈ 14 ਜੁਲਾਈ ਨੂੰ ਕਰਨ ਦੇ ਆਦੇਸ਼ ਦਿੱਤੇ ਗਏ ਹਨ।

# ਜਥੇਦਾਰਾਂ ਦੀ ਆਜ਼ਾਦ ਹਸਤੀ ਬਹਾਲ ਕਰਾਉਣ ਲਈ ਸੰਘਰਸ਼ ਵਿਢਾਂਗੇ : ਝੀਂਡਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਜਥੇਦਾਰਾਂ ਦੀ ਨਿਯੁਕਤੀ, ਸੇਵਾ ਮੁਕਤੀ ਅਤੇ ਕਾਰਜ ਖੇਤਰ ਲਈ ਵਿਧੀ ਵਿਧਾਨ ਤਿਆਰ ਕਰਨ ਦਾ ਮਾਮਲਾ ਇਕ ਵਾਰ ਮੁੜ ਉਭਰਿਆ ਹੈ। ਹਰਿਆਣਾ ਤੋਂ ਸਿੱਖ ਆਗੂ ਜਗਦੀਸ਼ ਸਿੰਘ ਝੀਂਡਾ ਨੇ ਆਪਣੇ ਸਾਥੀਆਂ ਸਮੇਤ ਸ੍ਰੀ ਅਕਾਲ ਤਖ਼ਤ 'ਤੇ ਅਰਦਾਸ ਕਰਨ ਮਗਰੋਂ ਐਲਾਨ ਕੀਤਾ ਕਿ ਉਹ ਜਥੇਦਾਰਾਂ ਦੀ ਆਜ਼ਾਦ ਹਸਤੀ ਬਹਾਲ ਕਰਾਉਣ ਲਈ ਸ਼੍ਰੋਮਣੀ ਕਮੇਟੀ ਖਿਲਾਫ ਸੰਘਰਸ਼ ਵਿੱਢਣਗੇ, ਜਿਸ ਤਹਿਤ ਦਿੱਤੇ ਗਏ ਅਲਟੀਮੇਟਮ ਤੋਂ ਬਾਅਦ ਹਰਿਆਣਾ ਵਿਚਲੇ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਘਿਰਾਓ ਕੀਤਾ ਜਾਵੇਗਾ। ਸ੍ਰੀ ਝੀਂਡਾ ਨੇ ਦੋਸ਼ ਲਾਇਆ ਕਿ ਅਕਾਲੀ ਸਰਕਾਰ ਦੇ ਸਮੇਂ ਜਥੇਦਾਰਾਂ ਦੀ ਹੋਂਦ ਹਸਤੀ ਨਿਘਾਰ ਵੱਲ ਗਈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਪੱਤਰ ਸੌਂਪ ਕੇ ਇਕ ਮਹੀਨੇ ਦਾ ਸਮਾਂ ਦਿੱਤਾ ਜਾਵੇਗਾ ਕਿ ਉਹ ਜਨਰਲ ਇਜਲਾਸ ਸੱਦ ਕੇ ਇਸ ਸਬੰਧੀ ਕਾਰਵਾਈ ਨੂੰ ਅੰਜਾਮ ਦੇਵੇ ਅਤੇ ਇਕ ਵ੍ਹਾਈਟ ਪੇਪਰ ਵੀ ਜਾਰੀ ਕਰੇ। ਜੇਕਰ ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਕੋਈ ਕਾਰਵਾਈ ਨਾ ਕੀਤੀ ਤਾਂ ਉਹ ਆਪਣਾ ਇਸ ਸਬੰਧੀ ਸੰਘਰਸ਼ ਹਰਿਆਣਾ ਤੋਂ ਆਰੰਭ ਕਰਨਗੇ। ਸ੍ਰੀ ਝੀਂਡਾ ਤੇ ਉਨ੍ਹਾਂ ਦੇ ਸਮਰਥਕਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਜੋੜਾ ਘਰ ਅਤੇ ਲੰਗਰ ਘਰ ਵਿਚ ਸੇਵਾ ਵੀ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਆਖਿਆ ਕਿ ਉਹ ਇਸ ਮਾਮਲੇ ਸਬੰਧੀ ਮੌਜੂਦਾ ਸਥਿਤੀ ਬਾਰੇ ਪਤਾ ਲਾਉਣਗੇ। ਇਸ ਤੋਂ ਬਾਅਦ ਸ. ਝੀਂਡਾ ਨੇ ਕਿਹਾ ਕਿ ਉਹ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਇਕ ਪੱਤਰ ਲਿਖ ਰਹੇ ਹਨ ਜਿਸ ਰਾਹੀਂ ਮੰਗ ਕੀਤੀ ਜਾਵੇਗੀ ਕਿ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾ ਮੁਕਤੀ ਤੇ ਉਨ੍ਹਾਂ ਦਾ ਕਾਰਜ ਖੇਤਰ ਤੈਅ ਕਰਨ ਸਬੰਧੀ ਜਨਰਲ ਇਜਲਾਸ ਬੁਲਾ ਕੇ ਇਕ ਮਹੀਨੇ ਦੇ ਅੰਦਰ ਇਕ ਵਿਧੀ ਵਿਧਾਨ ਤਿਆਰ ਕੀਤਾ ਜਾਵੇ ਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਹਰਿਆਣਾ ਤੋਂ ਸ਼੍ਰੋਮਣੀ ਕਮੇਟੀ ਦੇ 11 ਮੈਂਬਰਾਂ ਦੇ ਘਰਾਂ ਦਾ ਘਿਰਾਓ ਅਰੰਭ ਕੀਤਾ ਜਾਵੇਗਾ। ਇਸ ਮੌਕੇ ਬੁੱਢਾ ਦਲ ਹਰਿਆਣਾ ਦੇ ਪ੍ਰਧਾਨ ਜਥੇਦਾਰ ਬਾਬਾ ਹਰਵੇਲ ਸਿੰਘ ਸਫ਼ੈਦੋਂ ਵੱਲੋਂ ਅਰਦਾਸ ਕੀਤੀ ਗਈ। ਇਸ ਮੌਕੇ ਜਥੇਦਾਰ ਹਰਵੇਲ ਸਿੰਘ ਦੇ ਜਥੇ ਸਮੇਤ ਜਥੇਦਾਰ ਹਰੀ ਸਿੰਘ, ਜਥੇਦਾਰ ਹਰਬੰਸ ਸਿੰਘ, ਜਥੇਦਾਰ ਇਕਬਾਲ ਸਿੰਘ ਪਾਨੀਪਤ, ਦਿਲਬਾਗ ਸਿੰਘ, ਸ਼ੇਰ ਸਿੰਘ, ਤਰਲੋਕ ਸਿੰਘ ਕੁਰੂਕਸ਼ੇਤਰ ਵੀ ਹਾਜ਼ਰ ਸਨ।



# ਅਜਮੇਰ ਵਿਚ ਚਾਰ ਸਿੱਖਾਂ 'ਤੇ ਹਮਲੇ ਸਬੰਧੀ ਹੁਣ ਤੱਕ 6 ਗ੍ਰਿਫ਼ਤਾਰ

**ਜੈਪੁਰ/ਬਿਊਰੋ ਨਿਊਜ਼ :** ਅਜਮੇਰ ਦੇ ਪਿੰਡ ਚੈਨਪੁਰਾ ਵਿੱਚ ਅਪ੍ਰੈਲ ਮਹੀਨੇ ਚਾਰ ਸਿੱਖਾਂ ਦੀ ਕੀਤੀ ਗਈ ਕੁੱਟਮਾਰ ਦੇ ਮਾਮਲੇ ਵਿੱਚ ਇੱਕ ਪਿੰਡ ਦੇ ਮੁਖੀ ਸਮੇਤ ਹੁਣ ਤੱਕ ਛੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲੀਸ ਨੇ ਇਸ ਘਟਨਾ ਦੇ ਸਬੰਧ ਵਿੱਚ ਬੁੱਧਾ ਰਾਮ ਦੇ ਸਿਪਾਹੀ ਨੂੰ ਲਾਈਨ ਹਾਜ਼ਰ ਕੀਤਾ ਗਿਆ ਹੈ।

ਨਸੀਰਾਬਾਦ ਸਦਰ ਥਾਣੇ ਦੇ ਐੱਸਐੱਚਓ ਲਕਸ਼ਮਣ ਰਾਮ ਨੇ ਦੱਸਿਆ ਕਿ ਉਨ੍ਹਾਂ ਇਸ ਘਟਨਾ ਦੇ ਮਾਮਲੇ ਵਿੱਚ ਪਹਿਲਾਂ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿਚ ਰਾਜਗੜ੍ਹ ਪੰਚਾਇਤ ਦਾ ਸਰਪੰਚ ਰਾਮਦੇਵ ਰਾਵਤ, ਸ਼ਰਵਣ ਸਿੰਘ, ਰਾਜੂ ਸਿੰਘ, ਵਿਜੇਂਦਰ ਸਿੰਘ ਅਤੇ ਹੋਰ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਅਜੇ ਹੋਰ ਗ੍ਰਿਫ਼ਤਾਰੀਆਂ ਵੀ ਹੋਣਗੀਆਂ। ਜ਼ਿਕਰਯੋਗ ਹੈ ਕਿ ਇੱਥੋਂ ਦੇ ਇੱਕ ਗੁਰਦੁਆਰੇ ਦੇ ਸੇਵਾਦਾਰਾਂ ਨਿਰਮਲ ਸਿੰਘ, ਮਲਕੀਤ ਸਿੰਘ, ਕੁਲਦੀਪ ਸਿੰਘ ਅਤੇ ਹਰਪਾਲ ਸਿੰਘ ਨੂੰ ਇੱਥੋਂ ਦੇ ਪਿੰਡ ਚੈਨਪੁਰਾ ਵਿੱਚ ਭੀੜ ਵੱਲੋਂ ਕਥਿਤ ਤੌਰ 'ਤੇ ਕੁੱਟਿਆ ਗਿਆ ਸੀ। ਉਹ ਜਦੋਂ ਪਿੰਡ ਵਿੱਚ ਰਸਦ ਇਕੱਠੀ ਕਰਨ ਗਏ ਤਾਂ ਇਹ ਘਟਨਾ ਵਾਪਰੀ ਸੀ। ਸਿੱਖ ਭਾਈਚਾਰੇ ਸਮੇਤ ਕੌਮੀ ਪੱਧਰ 'ਤੇ ਇਹ ਮਾਮਲਾ ਭਖਣ ਮਗਰੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਜਸਥਾਨ ਸਰਕਾਰ ਨੂੰ ਇਸ ਮਾਮਲੇ ਵਿਚ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਸੀ। ਉਨ੍ਹਾਂ ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਨਾਲ ਗੱਲਬਾਤ ਕਰਕੇ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਾਏ ਜਾਣ ਬਾਰੇ ਵੀ ਕਿਹਾ ਸੀ।

ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office 4127 Bay Street, Suite 8 Fremont, CA 94538 Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ (408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਵਿਧਾਨ ਸਭਾ ਚੋਣਾਂ ਵਿਚ ਹਾਰ ਮਗਰੋਂ ਪਹਿਲੀ ਵਾਰ ਪੰਜਾਬ ਆਏ ਕੇਜਰੀਵਾਲ

*• ਕਾਂਗਰਸ 'ਤੇ ਚੋਣ ਵਾਅਦਿਆਂ ਤੋਂ ਭੱਜਣ ਦੇ ਲਾਏ ਦੋਸ਼ • ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਵਸ ਮੌਕੇ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ*

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਵਿਧਾਨ ਸਭਾ ਚੋਣਾਂ ਵਿਚ ਮਿਲੀ ਹਾਰ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪਹਿਲੀ ਵਾਰ ਪੰਜਾਬ ਫੇਰੀ 'ਤੇ ਆਏ। ਇਸ ਮੌਕੇ ਉਨ੍ਹਾਂ ਸੂਬੇ ਦੀ ਕਾਂਗਰਸ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਆਖਿਆ ਕਿ ਉਹ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿਚ ਅਸਫ਼ਲ ਰਹੀ ਹੈ ਅਤੇ ਹੁਣ ਇਨ੍ਹਾਂ ਵਾਅਦਿਆਂ ਤੋਂ ਭੱਜਣ ਦਾ ਯਤਨ ਕਰ ਰਹੀ ਹੈ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਮਾਮਲੇ ਵਿਚ ਲੋਕਾਂ ਕੋਲੋਂ ਮੁਆਫ਼ੀ ਮੰਗਣ ਲਈ ਵੀ ਕਿਹਾ।

ਸ੍ਰੀ ਕੇਜਰੀਵਾਲ ਇਥੇ ਪੰਜਵੇਂ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਵਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਆਏ ਸਨ। ਮੱਥਾ ਟੇਕਣ ਮਗਰੋਂ ਉਨ੍ਹਾਂ ਪਾਰਟੀ ਵਾਲੰਟੀਅਰਾਂ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਸੰਬੋਧਨ ਕੀਤਾ। ਇਸ ਤੋਂ ਇਲਾਵਾ ਉਹ ਇੰਡੀਅਨ ਮੈਡੀਕਲ ਐਸੋਸੀਏਸ਼ਨ ਨਾਲ ਸਬੰਧਤ ਡਾਕਟਰਾਂ ਨੂੰ ਵੀ ਮਿਲੇ। ਇਸ ਮੌਕੇ ਉਨ੍ਹਾਂ ਕਿਹਾ ਕਿ ਕਾਂਗਰਸ ਨੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਅਤੇ ਇਸ ਲਈ ਲੋਕ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਸਰਕਾਰ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਨਾਕਾਮ ਰਹੀ ਹੈ ਅਤੇ ਹੁਣ ਯੂ ਟਰਨ ਲੈਣ ਦੀ ਕੋਸ਼ਿਸ਼ ਕਰ ਰਹੀ ਹੈ।



ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ, ਭਗਵੰਤ ਮਾਨ ਅਤੇ ਹੋਰ ਆਗੂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਜਾਂਦੇ ਹੋਏ।

ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜੇ 'ਆਪ' ਦੀਆਂ ਇੱਛਾਵਾਂ ਮੁਤਾਬਕ ਨਹੀਂ ਆਏ ਪਰ ਇਸ ਦੇ ਬਾਵਜੂਦ ਲੋਕਾਂ ਨੇ ਉਨ੍ਹਾਂ ਨੂੰ ਵਿਰੋਧੀ ਧਿਰ ਹੋਣ ਦਾ ਮਾਣ ਬਖਸ਼ਿਆ ਹੈ। ਆਮ ਆਦਮੀ ਪਾਰਟੀ ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਏਗੀ ਤੇ ਲੋਕਾਂ ਦੇ ਹੱਕਾਂ ਲਈ ਵਿਧਾਨ ਸਭਾ ਵਿਚ ਆਵਾਜ਼ ਬੁਲੰਦ ਕਰੇਗੀ। ਪਾਰਟੀ ਦੇ ਜਥੇਬੰਦਕ ਢਾਂਚੇ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਢਾਂਚਾ ਜਲਦੀ ਮੁਕੰਮਲ ਹੋ ਜਾਵੇਗਾ ਅਤੇ ਨਵੇਂ ਢਾਂਚੇ ਵਿਚ ਬੂਥ ਪੱਧਰ 'ਤੇ ਪ੍ਰਧਾਨਾਂ ਨੂੰ ਵਧੇਰੇ ਤਾਕਤਾਂ ਦਿੱਤੀਆਂ ਜਾਣਗੀਆਂ।

ਸਮਾਗਮ ਨੂੰ ਪਾਰਟੀ ਦੇ ਸੂਬਾਈ ਪ੍ਰਧਾਨ ਭਗਵੰਤ ਮਾਨ, ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਐਡਵੋਕੇਟ ਐਚਐਸ ਫੂਲਕਾ ਤੇ 'ਆਪ' ਵਿਧਾਇਕਾਂ ਨੇ ਵੀ ਸੰਬੋਧਨ ਕੀਤਾ। ਸਮਾਗਮ ਵਿਚ ਸੁਖਜਿੰਦਰ ਸਿੰਘ ਖਹਿਰਾ, ਪ੍ਰੋ. ਬਲਜਿੰਦਰ ਕੌਰ, ਅਮਨ ਅਰੋੜਾ, ਕੁਲਤਾਰ ਸਿੰਘ ਸਿੱਧਵਾਂ ਵੀ ਹਾਜ਼ਰ ਸਨ।

## ਦੋ ਥਾਵਾਂ 'ਤੇ ਧੱਕਾ-ਮੁੱਕੀ, ਕਾਂਗਰਸੀਆਂ ਨੇ ਲਾਏ 'ਗੋ ਬੈਕ' ਦੇ ਨਾਅਰੇ

**ਅੰਮ੍ਰਿਤਸਰ :** ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਆਏ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਉਸ ਵੇਲੇ ਔਕੜ ਦਾ ਸਾਹਮਣਾ ਕਰਨਾ ਪਿਆ, ਜਦੋਂ ਉਨ੍ਹਾਂ ਦੇ ਸੁਰੱਖਿਆ ਮੁਲਾਜ਼ਮਾਂ ਅਤੇ ਮੀਡੀਆ ਨੁਮਾਇੰਦਿਆਂ ਵਿਚਾਲੇ ਤਕਰਾਰ ਹੋ ਗਈ। ਧੱਕਾ-ਮੁੱਕੀ ਵਿੱਚ ਕਈਆਂ ਨੂੰ ਮਾਮੂਲੀ ਸੱਟਾਂ ਲੱਗੀਆਂ। ਇਸ ਦੌਰਾਨ ਛੇਹਰਟਾ ਬਾਈਪਾਸ ਨੇੜੇ ਕਾਂਗਰਸੀਆਂ ਨੇ ਸ੍ਰੀ ਕੇਜਰੀਵਾਲ ਖ਼ਿਲਾਫ਼ ਰੋਸ ਵਿਖਾਵਾ ਕਰਦਿਆਂ ਉਨ੍ਹਾਂ ਨੂੰ ਕਾਲੀਆਂ ਝੰਡੀਆਂ ਵਿਖਾਈਆਂ ਅਤੇ 'ਗੋ ਬੈਕ' ਦੇ ਨਾਅਰੇ ਲਾਏ। ਸ੍ਰੀ ਕੇਜਰੀਵਾਲ ਜਦੋਂ ਨਤਮਸਤਕ ਹੋਣ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਤੋਂ ਬਾਹਰ ਆਏ ਤਾਂ ਮੀਡੀਆ ਕਰਮੀਆਂ ਨੇ ਉਨ੍ਹਾਂ ਨੂੰ ਗੱਲਬਾਤ ਕਰਨ ਲਈ ਰੋਕਿਆ। ਗੱਲਬਾਤ ਸ਼ੁਰੂ ਹੀ ਹੋਈ ਸੀ ਕਿ ਧੱਕਾ-ਮੁੱਕੀ ਦੌਰਾਨ ਇਕ ਪੱਤਰਕਾਰ ਦਾ ਮਾਈਕ ਸ੍ਰੀ ਕੇਜਰੀਵਾਲ ਦੇ ਨੱਕ ਉਤੇ ਵੱਜਿਆ। ਇਸ ਨੂੰ ਦੇਖਦਿਆਂ ਉਨ੍ਹਾਂ ਦੇ ਸੁਰੱਖਿਆ ਮੁਲਾਜ਼ਮ ਗੁੱਸੇ ਹੋ ਗਏ ਅਤੇ ਉਨ੍ਹਾਂ ਪੱਤਰਕਾਰਾਂ ਨੂੰ ਦੂਰ ਹਟਾਉਣ ਦਾ ਯਤਨ ਸ਼ੁਰੂ ਕਰ ਦਿੱਤਾ। ਇਸ



ਖਿੱਚ-ਧੂਹ ਵਿੱਚ ਕੁਝ ਪੱਤਰਕਾਰਾਂ ਦੇ ਕੈਮਰੇ ਤੇ ਹੋਰ ਸਾਮਾਨ ਵੀ ਡਿੱਗ ਗਿਆ। ਤਕਰਾਰ ਦੌਰਾਨ ਕੁਝ ਲੋਕਾਂ ਨੂੰ ਸੱਟ ਵੀ ਲੱਗੀ, ਜਿਨ੍ਹਾਂ ਵਿੱਚ ਆਪ ਆਗੂ ਜਸਵਿੰਦਰ ਸਿੰਘ ਐਡਵੋਕੇਟ, ਗਲਿਆਰਾ ਚੌਕੀ ਦੇ ਇੰਚਾਰਜ ਸੁਖਦੇਵ ਸਿੰਘ ਅਤੇ ਕੁਝ ਮੀਡੀਆ ਨੁਮਾਇੰਦੇ ਸ਼ਾਮਲ ਹਨ। ਇਸ ਦੌਰੇ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਕੇਜਰੀਵਾਲ ਨੂੰ ਕੋਈ ਸਿਰੋਪਾਓ ਨਹੀਂ ਦਿੱਤਾ ਗਿਆ। ਇਸ ਦੀ ਜਾਣਕਾਰੀ 'ਆਪ' ਆਗੂਆਂ ਨੂੰ ਪਹਿਲਾਂ ਹੀ ਮਿਲ ਗਈ ਸੀ, ਇਸ ਲਈ ਉਹ ਸ੍ਰੀ ਕੇਜਰੀਵਾਲ ਨੂੰ ਸੂਚਨਾ ਕੇਂਦਰ ਵਿੱਚ ਲੈ ਕੇ ਨਹੀਂ ਗਏ। ਇਸ ਦੌਰਾਨ ਛੇਹਰਟਾ ਬਾਈਪਾਸ ਨੇੜੇ ਜਦੋਂ ਸ੍ਰੀ ਕੇਜਰੀਵਾਲ ਦਾ ਕਾਫ਼ਲਾ ਲੰਘ ਰਿਹਾ ਸੀ ਤਾਂ ਵਾਰਡ ਨੰਬਰ 2 ਤੋਂ ਕਾਂਗਰਸੀ ਕਾਰਕੁਨ ਰਾਜੂ ਦੀ ਅਗਵਾਈ ਹੇਠ ਕਾਂਗਰਸੀ ਸਮਰਥਕਾਂ ਨੇ ਉਨ੍ਹਾਂ ਨੂੰ ਕਾਲੀਆਂ ਝੰਡੀਆਂ ਦਿਖਾਈਆਂ। ਉਨ੍ਹਾਂ 'ਗੋ ਬੈਕ' ਦੇ ਨਾਅਰੇ ਵੀ ਲਾਏ। ਇਸ ਦੌਰਾਨ ਪੁਲੀਸ ਨੇ ਇਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਜਿਸ ਦੌਰਾਨ ਆਪਸੀ ਧੱਕਾ-ਮੁੱਕੀ ਵੀ ਹੋਈ। ਕਾਂਗਰਸੀ ਸਮਰਥਕਾਂ ਨੇ ਦੋਸ਼ ਲਾਇਆ ਕਿ ਪੁਲੀਸ ਨੇ ਉਨ੍ਹਾਂ ਦੀ ਕੁੱਟਮਾਰ ਕੀਤੀ ਹੈ।

## ਗੁਰੂਘਰਾਂ 'ਤੇ ਕਬਜ਼ਾ ਨਾ ਰੁਕੇ ਤਾਂ ਸ਼੍ਰੋਮਣੀ ਕਮੇਟੀ ਨਾਲ ਮਿਲ ਕੇ ਮੁਹਿੰਮ ਵਿੱਢਾਂਗੇ : ਸੁਖਬੀਰ ਬਾਦਲ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੇ ਕਾਂਗਰਸ ਨੇ ਆਪਣੇ ਵਿਧਾਇਕਾਂ ਜਾਂ ਸਮਰਥਕਾਂ ਰਾਹੀਂ ਗੁਰੂਘਰ ਦੀਆਂ ਜ਼ਮੀਨਾਂ 'ਤੇ ਕਬਜ਼ੇ ਕਰਾਉਣ ਦੀ ਕਾਰਵਾਈ ਨੂੰ ਨੱਥ ਨਾ ਪਾਈ ਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਖ਼ਿਲਾਫ਼ ਸਾਂਝੀ ਮੁਹਿੰਮ ਵਿੱਢੀ ਜਾਵੇਗੀ। ਸ੍ਰੀ ਬਾਦਲ ਨੇ ਇਥੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿੱਚ ਕਮੇਟੀ ਮੈਂਬਰਾਂ ਨਾਲ ਮੀਟਿੰਗ ਕੀਤੀ। ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੀ ਸ਼ਾਮਲ ਸਨ।

ਸ੍ਰੀ ਬਾਦਲ ਨੇ ਕਿਹਾ ਕਿ ਕਾਂਗਰਸ ਸਰਕਾਰ ਦੇ ਕਾਰਜਕਾਲ ਵਿੱਚ ਗੁਰੂਘਰਾਂ ਦੀਆਂ ਜ਼ਮੀਨਾਂ 'ਤੇ ਨਜਾਇਜ਼ ਕਬਜ਼ੇ ਕੀਤੇ ਜਾ ਰਹੇ ਹਨ, ਜੋ ਮੰਦਭਾਗਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸੀ ਵਿਧਾਇਕ ਅਤੇ ਉਨ੍ਹਾਂ ਦੇ ਸਮਰਥਕ ਸ਼੍ਰੋਮਣੀ ਕਮੇਟੀ ਦੀ ਜ਼ਮੀਨ 'ਤੇ ਨਜਾਇਜ਼ ਕਬਜ਼ੇ ਕਰ ਰਹੇ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਇਸ ਕਾਰਵਾਈ ਨੂੰ ਨੱਥ ਨਾ ਪਾਈ ਤਾਂ ਇਸ ਖਿਲਾਫ਼ ਮੁਹਿੰਮ ਵਿੱਢੀ ਜਾਵੇਗੀ। ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਹਾਲ ਹੀ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇੱਕ ਪੱਤਰ ਲਿਖ ਕੇ ਗੁਰਦੁਆਰਿਆਂ ਦੀਆਂ ਜ਼ਮੀਨਾਂ 'ਤੇ ਕੀਤੇ ਜਾ ਰਹੇ ਨਜਾਇਜ਼ ਕਬਜ਼ਿਆਂ ਨੂੰ ਰੋਕਣ ਲਈ ਪ੍ਰਸ਼ਾਸਨ ਨੂੰ ਸਖ਼ਤ ਹਦਾਇਤਾਂ ਜਾਰੀ ਕਰਨ ਦੀ ਮੰਗ ਕੀਤੀ ਹੈ।

ਸਿੰਜਾਈ ਮੰਤਰੀ ਰਾਣਾ ਗੁਰਜੀਤ ਸਿੰਘ 'ਤੇ ਰੇਤ ਖੱਡਾਂ ਦੀ ਬੋਲੀ ਮੌਕੇ ਲੱਗੇ ਦੋਸ਼ਾਂ ਦੀ ਸਰਕਾਰ ਵੱਲੋਂ ਜੁਡੀਸ਼ਲ ਜਾਂਚ ਕਰਾਉਣ ਦੇ ਦਿੱਤੇ ਗਏ ਆਦੇਸ਼ਾਂ ਬਾਰੇ ਟਿੱਪਣੀ ਕਰਦਿਆਂ ਸ੍ਰੀ ਬਾਦਲ ਨੇ ਇਸ ਨੂੰ ਵੱਡਾ ਮਾਮਲਾ ਦੱਸਿਆ। ਉਨ੍ਹਾਂ ਦਾਅਵਾ ਕੀਤਾ ਕਿ ਇਹ ਤਾਂ ਇਕ ਮਾਮਲਾ ਹੈ, ਜੋ ਸਾਹਮਣੇ ਆਇਆ ਹੈ ਜਦਕਿ ਪੰਦਰਾਂ ਅਜਿਹੇ ਹੋਰ ਮਾਮਲੇ ਹਨ, ਜਿਨ੍ਹਾਂ ਵਿੱਚ ਕਾਂਗਰਸੀ ਵਿਧਾਇਕਾਂ ਦੇ ਹਿੱਸੇ ਹਨ। ਉਨ੍ਹਾਂ ਕਿਹਾ ਕਿ ਸ਼ਰਾਬ ਦੇ ਠੇਕਿਆਂ ਦੀ ਨਿਲਾਮੀ ਮੌਕੇ ਵੀ ਕਾਂਗਰਸ ਸਰਕਾਰ ਨੇ ਆਪਣਾ ਏਕਾਧਿਕਾਰ ਕਾਇਮ ਕਰਨ ਦਾ ਯਤਨ ਕੀਤਾ ਹੈ। ਅਮਨ ਅਤੇ ਕਾਨੂੰਨ ਦੀ ਸਥਿਤੀ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਦੋ ਮਹੀਨੇ ਵਿਚ ਸਥਿਤੀ ਬਦਤਰ ਹੋ ਚੁੱਕੀ ਹੈ। ਸਿਆਸੀ ਬਦਲਾਖੋਰੀ ਦੀ ਭਾਵਨਾ ਨਾਲ ਅਕਾਲੀਆਂ ਖਿਲਾਫ਼ ਕੇਸ ਦਰਜ ਕੀਤੇ ਜਾ ਰਹੇ ਹਨ। ਇਸ ਦੌਰਾਨ ਉਨ੍ਹਾਂ ਆਪ ਆਗੂ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖ਼ਿਲਾਫ਼ ਵੀ ਨਿਸ਼ਾਨਾ ਸਾਧਿਆ।

ਮੀਟਿੰਗ ਵਿੱਚ ਪ੍ਰੋ. ਬਡੂੰਗਰ ਤੋਂ ਇਲਾਵਾ ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ ਸਮੇਤ ਹੋਰ ਅਹੁਦੇਦਾਰ, ਅੰਤ੍ਰਿੰਗ ਕਮੇਟੀ ਮੈਂਬਰ ਭਾਈ ਰਾਮ ਸਿੰਘ, ਸੁਰਜੀਤ ਸਿੰਘ ਭਿੱਟੇਵੱਡ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਅਤੇ ਮਾਲਵਾ ਬੈਲਟ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ਼ਾਮਲ ਸਨ। ਮੀਟਿੰਗ ਦੌਰਾਨ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਵੀ ਪੁੱਜੇ, ਪਰ ਉਹ ਵੱਖਰੇ ਕਮਰੇ ਵਿੱਚ ਬੈਠੇ ਰਹੇ।

## ਪੰਜਾਬ ਪੁਲੀਸ ਵਲੋਂ 4 ਸਿੱਖਾਂ ਨੂੰ ਹਥਿਆਰਾਂ ਸਣੇ ਗ੍ਰਿਫ਼ਤਾਰ ਕਰਨ ਦਾ ਦਾਅਵਾ

### ਟਾਈਟਲਰ ਤੇ ਸੱਜਣ ਨੂੰ ਮਾਰਨ ਦੀ ਯੋਜਨਾ ਘੜਨ ਦਾ ਦਾਅਵਾ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ :** ਮੀਡੀਆ ਵਿਚ ਆਈਆਂ ਖ਼ਬਰਾਂ ਮੁਤਾਬਕ ਪੰਜਾਬ ਪੁਲੀਸ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ 4 ਖ਼ਾਲਿਸਤਾਨੀ ਖਾੜਕੂਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਕਿ ਸੀਨੀਅਰ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਨੂੰ ਮਾਰਨਾ ਚਾਹੁੰਦੇ ਸਨ। ਪੰਜਾਬ ਪੁਲੀਸ ਨੇ ਇਕ ਸਿੱਖ ਬੀਬੀ ਸਣੇ ਤਿੰਨ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ। ਮੀਡੀਆ ਦੀਆਂ ਖ਼ਬਰਾਂ ਮੁਤਾਬਕ 26 ਮਈ ਨੂੰ ਬਠਿੰਡਾ ਜ਼ਿਲ੍ਹੇ ਵਿਚ ਵੀ 5 ਸਿੱਖਾਂ ਨੂੰ ਇਸੇ ਸਬੰਧ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਪੁਲੀਸ ਮੁਤਾਬਕ ਇਹ ਨੌਜਵਾਨ ਪਾਕਿਸਤਾਨ ਅਤੇ ਯੂਰਪ ਵਿਚ ਬੈਠੇ ਕੁਝ ਪੁਰਾਣੇ ਸਰਗਰਮ ਖਾਲਿਸਤਾਨੀਆਂ ਨਾਲ ਫੇਸਬੁੱਕ ਅਤੇ ਹੋਰ ਸੋਸ਼ਲ ਮੀਡੀਆ 'ਤੇ ਸੰਪਰਕ ਵਿਚ ਸਨ। ਮੀਡੀਆ ਦੀਆਂ ਖ਼ਬਰਾਂ ਮੁਤਾਬਕ ਮੁਹਾਲੀ ਪੁਲੀਸ ਨੇ ਇਨ੍ਹਾਂ ਨੂੰ 29 ਅਤੇ 30 ਮਈ ਨੂੰ ਗ੍ਰਿਫਤਾਰ ਕੀਤਾ। ਇਨ੍ਹਾਂ ਚਾਰਾਂ 'ਤੇ ਗ਼ੈਰਕਾਨੂੰਨੀ ਗਤੀਵਿਧੀਆਂ ਰੋਕੂ ਐਕਟ, ਅਸਲਾ ਐਕਟ ਅਤੇ ਆਈ.ਪੀ.ਸੀ. ਦੀਆਂ ਵੱਖ-ਵੱਖ ਧਾਰਾਵਾਂ ਹੇਠ ਮੁਕੱਦਮਾ ਦਰਜ ਕੀਤਾ ਗਿਆ ਹੈ। ਇਨ੍ਹਾਂ ਚਾਰਾਂ ਨੂੰ ਅਦਾਲਤ ਵਿਚ ਪੇਸ਼ ਕਰਕੇ 7 ਦਿਨਾਂ ਦਾ ਪੁਲੀਸ ਰਿਮਾਂਡ ਵੀ ਲਿਆ ਗਿਆ ਹੈ। ਮੀਡੀਆ ਨੇ ਪੁਲੀਸ ਅਧਿਕਾਰੀਆਂ ਦੇ ਹਵਾਲੇ ਨਾਲ ਇਨ੍ਹਾਂ ਦੀ ਸ਼ਨਾਖਤ ਹਰਬਰਿੰਦਰ ਸਿੰਘ ਪੁੱਤਰ ਭਲਵਾਨ ਸਿੰਘ, ਵਾਸੀ 154 ਪ੍ਰਤਾਪ ਨਗਰ, ਜੀ.ਟੀ. ਰੋਡ, ਅੰਮ੍ਰਿਤਸਰ (ਹਾਲ ਵਾਸੀ ਸੈਕਟਰ 44, ਚੰਡੀਗੜ੍ਹ), ਅੰਮ੍ਰਿਤਪਾਲ ਕੌਰ ਉਰਫ ਅੰਮ੍ਰਿਤ ਪਤਨੀ ਕੁਲਵਿੰਦਰ ਸਿੰਘ, ਵਾਸੀ ਅਕਾਲ ਨਗਰ, ਸਲੇਮ ਟਾਬਰੀ, ਲੁਧਿਆਣਾ, ਜਰਨੈਲ ਸਿੰਘ ਪੁੱਤਰ ਬਚਨ ਸਿੰਘ ਵਾਸੀ ਮੁਹੱਲਾ ਸ਼ਿਵ ਮੰਦਰ, ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ ਅਤੇ (4) ਰਣਦੀਪ ਸਿੰਘ ਪੁੱਤਰ ਤੀਰਥ ਸਿੰਘ ਵਾਸੀ ਜਿੰਦੜ, ਜ਼ਿਲ੍ਹਾ ਗੁਰਦਾਸਪੁਰ ਵਜੋਂ ਕੀਤੀ ਹੈ।

ਪੁਲੀਸ ਮੁਤਾਬਕ ਹਰਬਰਿੰਦਰ ਸਿੰਘ ਅਤੇ ਅੰਮ੍ਰਿਤਪਾਲ ਨੂੰ ਮੁਹਾਲੀ ਬੱਸ ਸਟੈਂਡ ਤੋਂ 29 ਮਈ ਨੂੰ ਗ੍ਰਿਫਤਾਰ ਕੀਤਾ ਗਿਆ ਜਦਕਿ ਜਰਨੈਲ ਸਿੰਘ ਅਤੇ ਰਣਦੀਪ ਨੂੰ 30 ਮਈ ਨੂੰ ਗੁਰਦਾਸਪੁਰ ਅਤੇ ਲੁਧਿਆਣਾ ਤੋਂ ਗ੍ਰਿਫਤਾਰ ਕੀਤਾ ਗਿਆ।



ਮੁਹਾਲੀ ਦੀ ਇਕ ਅਦਾਲਤ 'ਚ ਮੁਲਜ਼ਮਾਂ ਨੂੰ ਪੇਸ਼ ਕਰਨ ਤੋਂ ਬਾਅਦ ਪੁਲਿਸ ਰਿਮਾਂਡ 'ਤੇ ਲੈ ਕੇ ਆਉਂਦੇ ਹੋਏ ਪੁਲਿਸ ਕਰਮਚਾਰੀ।

ਮੀਡੀਆ ਦੀਆਂ ਖ਼ਬਰਾਂ ਮੁਤਾਬਕ ਪਹਿਲਾਂ ਗ੍ਰਿਫਤਾਰ ਕੀਤੇ ਸਿੱਖਾਂ ਦੀ ਸ਼ਨਾਖਤ ਤਰਸੇਮ ਸਿੰਘ ਖ਼ਾਲਿਸਤਾਨੀ ਉਰਫ ਦਰਸ਼ਨ ਸਿੰਘ ਖ਼ਾਲਸਾ ਵਾਸੀ ਕੋਟਰਾ ਕੋਰਮਾ, ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ; ਮੋਹਕਮ ਸਿੰਘ ਬੱਬਰ ਵਾਸੀ ਹਮੀਦੀ, ਬਰਨਾਲਾ; ਜਸਵੰਤ ਸਿੰਘ ਪੁੱਤਰ ਬਚਿੱਤਰ ਸਿੰਘ ਵਾਸੀ ਰਾਮਨਵਾਸ, ਬਠਿੰਡਾ; ਅਤੇ ਜਸਬੀਰ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ, ਰਾਮਨਵਾਸ, ਬਠਿੰਡਾ ਵਜੋਂ ਹੋਈ ਹੈ। ਪੁਲੀਸ ਨੇ ਇਨ੍ਹਾਂ ਕੋਲੋਂ .32 ਬੋਰ ਦੇ ਦੋ ਪਿਸਤੌਲ, ਚਾਰ ਮੈਗਜ਼ੀਨ ਅਤੇ ਪੰਜ ਰੌਂਦ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ।

## ਆਤਮ ਸਮਰਪਣ ਦੌਰਾਨ 21 ਸਿੱਖ ਨੌਜਵਾਨਾਂ ਨੂੰ ਮਾਰਨ ਦਾ ਮੁੱਦਾ ਸੀਬੀਆਈ ਕੋਲ ਪੁੱਜਾ

### ਕੈਪਟਨ ਅਮਰਿੰਦਰ ਸਿੰਘ ਨੂੰ ਜਾਂਚ 'ਚ ਸ਼ਾਮਲ ਕਰਨ ਦੀ ਮੰਗ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਅਤਿਵਾਦ ਦੌਰਾਨ ਆਤਮ ਸਮਰਪਣ ਕਰਨ ਵਾਲੇ 21 ਖ਼ਾਲਿਸਤਾਨੀ ਸਿੱਖਾਂ ਨੂੰ ਮਾਰਨ ਦੇ ਕੀਤੇ ਖੁਲਾਸੇ ਦਾ ਮੁੱਦਾ ਕੇਂਦਰੀ ਜਾਂਚ ਬਿਓਰੋ (ਸੀਬੀਆਈ) ਕੋਲ ਪੁੱਜ ਗਿਆ ਹੈ। ਲਿਹਾਜ਼ਾ ਅਗਲੇ ਦਿਨੀਂ ਇਹ ਮਾਮਲਾ ਭਖਣ ਦੇ ਆਸਾਰ ਹਨ।

ਲਾਇਰਜ਼ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ ਦੇ ਜਨਰਲ ਸਕੱਤਰ ਐਡਵੋਕੇਟ ਨਵਕਿਰਨ ਸਿੰਘ ਨੇ ਸੀਬੀਆਈ ਦਿੱਲੀ ਦੇ ਡਾਇਰੈਕਟਰ ਨੂੰ ਯਾਦ-ਪੱਤਰ ਦੇ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਉਪਰੋਕਤ ਖੁਲਾਰੇ ਬਾਰੇ ਦੱਸਿਆ। ਗੌਰਤਲਬ ਹੈ ਕਿ ਕੈਪਟਨ ਨੇ ਜਨਤਕ ਤੌਰ 'ਤੇ ਕਿਹਾ ਸੀ ਕਿ ਉਨ੍ਹਾਂ ਨੇ 21 ਸਿੱਖ ਖ਼ਾਲਿਸਤਾਨੀਆਂ ਦਾ ਤਤਕਾਲੀਨ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਅੱਗੇ ਆਤਮ ਸਮਰਪਣ ਕਰਵਾਇਆ ਸੀ, ਪਰ ਬਾਅਦ ਵਿੱਚ ਇਨ੍ਹਾਂ ਨੂੰ ਮਾਰ ਦਿੱਤਾ ਗਿਆ। ਨਵਕਿਰਨ ਸਿੰਘ ਨੇ ਯਾਦਪੱਤਰ ਵਿੱਚ ਕਿਹਾ ਕਿ ਸਾਫ਼ ਜ਼ਾਹਰ ਹੈ ਕਿ ਸਿੱਖ ਖਾੜਕੂਆਂ ਨੂੰ ਫਰਜ਼ੀ ਮੁਕਾਬਲੇ ਵਿੱਚ ਮਾਰਿਆ ਗਿਆ ਹੈ। ਉਨ੍ਹਾਂ ਇਸ ਮਾਮਲੇ ਨੂੰ ਮਨੁੱਖੀ ਅਧਿਕਾਰਾਂ ਅਤੇ ਸੰਵਿਧਾਨਕ ਹੱਕਾਂ ਦੀ ਉਲੰਘਣਾ ਦੱਸਿਆ। ਉਨ੍ਹਾਂ ਸੀਬੀਆਈ ਤੋਂ ਮੰਗ ਕੀਤੀ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਪੜਤਾਲ ਵਿੱਚ ਸ਼ਾਮਲ ਕਰਕੇ ਆਤਮ ਸਮਰਪਣ ਕਰਨ ਵਾਲੇ 21 ਸਿੱਖ ਖਾੜਕੂਆਂ ਦੇ ਨਾਵਾਂ ਦੀ ਜਾਣਕਾਰੀ ਹਾਸਲ ਕੀਤੀ ਜਾਵੇ।

ਨਵਕਿਰਨ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਲਿਜਾਣ ਤੋਂ ਪਹਿਲਾਂ ਇਸ ਮਾਮਲੇ ਦੀ ਪੜਤਾਲ ਲਈ ਸੀਬੀਆਈ ਕੋਲ ਪਹੁੰਚ ਕਰਨੀ ਲਾਜ਼ਮੀ ਸੀ। ਉਨ੍ਹਾਂ ਕਿਹਾ ਕਿ ਜੇਕਰ ਸੀਬੀਆਈ ਨੇ ਵੀ ਕੁਝ ਨਾ ਕੀਤਾ ਤਾਂ ਉਹ ਹਾਈਕੋਰਟ ਦਾ ਦਰ ਖੜਕਾਉਣਗੇ। ਨਵਕਿਰਨ ਸਿੰਘ ਭਾਵੇਂ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮਨੁੱਖੀ ਅਧਿਕਾਰ ਸੈੱਲ ਦੇ ਕਨਵੀਨਰ ਹਨ, ਪਰ ਉਨ੍ਹਾਂ ਨੇ ਇਹ ਯਾਦਪੱਤਰ ਹਿਊਮਨ ਰਾਈਟਸ ਸੰਸਥਾ ਵੱਲੋਂ ਸੀਬੀਆਈ ਨੂੰ ਦਿੱਤਾ ਹੈ। ਇਸ ਦੇ ਨਾਲ ਹੀ 'ਆਪ' ਆਗੂ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦਿੱਲੀ ਦੇ ਚੇਅਰਪਰਸਨ ਕੋਲ ਸ਼ਿਕਾਇਤ ਦਾਇਰ ਕਰਵਾ ਕੇ ਰਾਜਸਥਾਨ ਦੇ ਜ਼ਿਲ੍ਹਾ ਅਜਮੇਰ ਵਿੱਚ ਗੁਰਦੁਆਰੇ ਦੇ ਸੇਵਾਦਾਰਾਂ ਦੀ ਕੁੱਟਮਾਰ ਮਾਮਲੇ ਦੀ ਜਾਂਚ ਮੰਗੀ ਹੈ।

# ਨਿਯਮਾਂ ਨੂੰ ਦਰਕਿਨਾਰ ਕਰਦਿਆਂ ਬੇਅੰਤ ਸਿੰਘ ਦੇ ਪੋਤਰੇ ਨੂੰ ਡੀਐਸਪੀ ਬਣਾਉਣ ਦੀ ਮਨਜ਼ੂਰੀ

## ਮਨਪ੍ਰੀਤ ਨੇ ਕਿਹਾ-ਜਿਸ ਨੂੰ ਵੀ ਇਤਰਾਜ਼ ਹੈ, ਉਹ ਅਦਾਲਤ ਜਾਵੇ



ਚੰਡੀਗੜ੍ਹ ਵਿੱਚ ਮੰਗਲਵਾਰ ਨੂੰ ਪੰਜਾਬ ਕੈਬਨਿਟ ਦੀ ਮੀਟਿੰਗ ਦੀ ਅਗਵਾਈ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ।

**ਚੰਡੀਗੜ੍ਹ/ਬਿਊਰੋ ਨਿਊਜ਼ :** ਨਿਯਮਾਂ ਨੂੰ ਦਰਕਿਨਾਰ ਕਰਕੇ ਪੰਜਾਬ ਕੈਬਨਿਟ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਗੁਰਇਕਬਾਲ ਸਿੰਘ ਨੂੰ ਡੀ.ਐਸ.ਪੀ. ਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਲਈ ਜੋ ਨਿਯਮ ਇਸ ਨਿਯੁਕਤੀ ਖ਼ਿਲਾਫ਼ ਜਾਂਦੇ ਹਨ, ਉਨ੍ਹਾਂ ਵਿਚ ਢਿੱਲ ਦਿੱਤੀ ਗਈ ਹੈ। ਕੈਪਟਨ ਵਜ਼ਾਰਤ ਨੇ ਗੁਰਇਕਬਾਲ ਸਿੰਘ ਨੂੰ ਸੇਵਾ ਨਿਯਮਾਂ ਵਿਚ ਛੋਟ ਦੇ ਕੇ ਪੁਲੀਸ ਵਿਚ ਡੀ.ਐਸ.ਪੀ. ਦੇ ਅਹੁਦੇ 'ਤੇ ਨੌਕਰੀ ਦੇਣ ਦਾ ਫੈਸਲਾ ਕੀਤਾ ਹੈ।

ਇਸ ਦਾ ਵਿਰੋਧ ਵੀ ਸ਼ੁਰੂ ਹੋ ਗਿਆ ਹੈ। ਅਕਾਲੀ ਦਲ ਨੇ ਇਤਰਾਜ਼ ਕਰਦਿਆਂ ਕਿਹਾ ਹੈ ਕਿ ਬੇਅੰਤ ਸਿੰਘ ਦੀ ਮੌਤ ਦੇ 23 ਸਾਲ ਬਾਅਦ ਉਸ ਦੇ ਪੋਤੇ ਨੂੰ ਨੌਕਰੀ ਦੇਣ ਦੇ ਮਾਮਲੇ ਵਿਚ ਕਾਂਗਰਸ ਨੇ ਇਤਿਹਾਸ ਤੋਂ ਕੋਈ ਸਬਕ ਨਹੀਂ ਲਿਆ। ਪਾਰਟੀ ਨੇਤਾ ਵਿਰਸਾ ਸਿੰਘ ਵਲਟੋਹਾ ਨੇ ਕਿਹਾ, 'ਇਹ ਨੌਕਰੀ ਨੈਤਿਕ ਤੌਰ 'ਤੇ ਸਹੀ ਨਹੀਂ।' ਉਨ੍ਹਾਂ ਸਵਾਲ ਉਠਾਇਆ ਕਿ ਉਸ ਸਮੇਂ ਕਈ ਹੋਰ ਪਰਿਵਾਰ ਦੇ ਮੈਂਬਰਾਂ ਦੀਆਂ ਜਾਨਾਂ ਗਈਆਂ ਕੀ ਸਰਕਾਰ ਨੇ ਕਿਸੇ ਹੋਰ ਪਰਿਵਾਰ ਦੇ ਮੈਂਬਰ ਨੂੰ ਡੀ.ਐਸ.ਪੀ. ਲਾਇਆ ਹੈ। ਜੋ ਲੋਕ ਬੇਅੰਤ ਸਿੰਘ ਨਾਲ ਬੰਬ ਕਾਂਡ ਵਿਚ ਮਾਰੇ ਗਏ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਨੌਕਰੀ ਦਿੱਤੀ ਗਈ? ਵਲਟੋਹਾ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਸਾਫ਼ ਤੌਰ 'ਤੇ ਕਿਹਾ ਹੈ ਕਿ ਤਰਸ ਦੇ ਆਧਾਰ 'ਤੇ ਸਿਰਫ਼ ਉਸ ਵਿਅਕਤੀ ਨੂੰ ਹੀ ਨੌਕਰੀ ਦਿੱਤੀ ਜਾਵੇ, ਜਿਸ ਦਾ ਇਕਮਾਤਰ ਕਮਾਉਣ ਵਾਲਾ ਆਦਮੀ ਮਰ ਗਿਆ ਹੋਵੇ। ਕੀ ਇਹ ਬੇਅੰਤ ਸਿੰਘ ਦੇ ਪਰਿਵਾਰ 'ਤੇ ਲਾਗੂ ਹੁੰਦਾ ਹੈ? ਸਾਬਕਾ ਮੁੱਖ ਮੰਤਰੀ ਦੇ ਬੇਟੇ ਤੇ ਬੇਟੀ ਮੰਤਰੀ ਰਹੇ ਹਨ। ਉਨ੍ਹਾਂ ਦੀ ਪਤਨੀ ਨੂੰ ਕੈਬਨਿਟ ਰੈਂਕ ਦਿੱਤਾ ਗਿਆ।

ਉਹ ਸਰਕਾਰੀ ਖ਼ਰਚ 'ਤੇ ਵੱਡੇ ਘਰ ਵਿਚ ਰਹਿ ਰਹੀ ਹੈ। ਉਨ੍ਹਾਂ ਦਾ ਇਕ ਪੋਤਾ ਰਵਣੀਤ ਸਿੰਘ ਬਿੱਟੂ ਸੰਸਦ ਮੈਂਬਰ ਹੈ ਤੇ ਦੂਸਰਾ ਗੁਰਕੀਰਤ ਵਿਧਾਇਕ। ਉਨ੍ਹਾਂ ਕਿਹਾ, 'ਇਥੋਂ ਤਕ ਕਿ ਵਿੱਤ ਵਿਭਾਗ ਨੇ ਵੀ ਇਨ੍ਹਾਂ ਮੁੱਦਿਆਂ 'ਤੇ ਇਤਰਾਜ਼ ਪ੍ਰਗਟਾਇਆ ਹੈ। ਉਨ੍ਹਾਂ ਕਿਹਾ, 'ਕਾਂਗਰਸ ਪਹਿਲਾਂ ਵੀ ਸਿੱਖਾਂ ਦੇ ਜ਼ਖ਼ਮਾਂ 'ਤੇ ਨਮਕ ਛਿੜਕਦੀ ਰਹੀ ਹੈ। ਸਰਕਾਰ ਨੇ ਉਸ ਮੁੱਖ ਮੰਤਰੀ ਦੇ ਪੋਤੇ ਨੂੰ ਚੁਣਿਆ ਹੈ, ਜਿਸ ਦੇ ਹੱਥ ਹਜ਼ਾਰਾਂ ਨਿਰਦੋਸ਼ ਨੌਜਵਾਨਾਂ ਦੇ ਖ਼ੂਨ ਨਾਲ ਰੰਗੇ ਹਨ। ਖ਼ੁਦ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਨਵੀਂ ਕਿਤਾਬ ਵਿਚ ਮੰਨਿਆ ਹੈ ਕਿ ਜਿਨ੍ਹਾਂ 21 ਨੌਜਵਾਨਾਂ ਨੂੰ ਉਨ੍ਹਾਂ ਨੇ ਆਤਮ ਸਮਰਪਣ ਕਰਵਾਇਆ ਸੀ, ਪੁਲੀਸ ਨੇ ਉਨ੍ਹਾਂ ਨੂੰ ਮਰਵਾ ਦਿੱਤਾ ਸੀ। ਉਧਰ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਨ੍ਹਾਂ ਦੋਸ਼ਾਂ 'ਤੇ ਕਿਹਾ, 'ਕੈਬਨਿਟ ਨੇ ਬੇਅੰਤ ਸਿੰਘ ਦੇ ਪੋਤੇ ਨੂੰ ਡੀ.ਐਸ.ਪੀ. ਲਾਉਣ ਲਈ ਮਨਜ਼ੂਰੀ ਦੇ ਦਿੱਤੀ ਹੈ। ਜਿਨ੍ਹਾਂ ਲੋਕਾਂ ਨੂੰ ਇਸ 'ਤੇ ਕੋਈ ਇਤਰਾਜ਼ ਹੈ, ਉਨ੍ਹਾਂ ਲਈ ਅਦਾਲਤ ਦਾ ਦਰਵਾਜ਼ਾ ਖੁੱਲ੍ਹਾ ਹੈ। ਉਹ ਕੇਸ ਕਰ ਸਕਦੇ ਹਨ।

ਇਸੇ ਦੌਰਾਨ ਕੈਪਟਨ ਵਜ਼ਾਰਤ ਨੇ ਕਰਜ਼ੇ ਦੇ ਬੋਝ ਹੇਠ ਦੱਬੇ ਕਿਸਾਨਾਂ ਦੀਆਂ ਜ਼ਮੀਨਾਂ ਦੀ ਕੁਰਕੀ ਰੋਕਣ ਲਈ ਅਹਿਮ ਕਦਮ ਚੁਕਦਿਆਂ ਪੰਜਾਬ ਸਹਿਕਾਰੀ ਸਭਾਵਾਂ ਐਕਟ-1961 ਦੀ ਧਾਰਾ 67-ਏ ਨੂੰ ਖਤਮ ਦੇ ਫੈਸਲੇ 'ਤੇ ਮੋਹਰ ਲਾ ਦਿੱਤੀ ਹੈ। ਇਸ ਧਾਰਾ ਦੀ ਵਿਵਸਥਾ ਕਰਕੇ ਕਰਜ਼ਿਆਂ ਦੀ ਵਸੂਲੀ ਲਈ 'ਕੁਰਕੀ' ਕੀਤੀ ਜਾਂਦੀ ਹੈ। ਕਾਂਗਰਸ ਪਾਰਟੀ ਨੇ ਵਿਧਾਨ ਸਭਾ ਚੋਣਾਂ ਵਿਚ ਵਾਅਦਾ ਕੀਤਾ ਸੀ ਕਿ ਕਾਂਗਰਸ ਦੀ ਸਰਕਾਰ ਬਣਨ 'ਤੇ ਕੁਰਕੀ ਖਤਮ ਕਰ ਦਿੱਤੀ ਜਾਵੇਗੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਵਜ਼ਾਰਤ ਦੀ ਮੀਟਿੰਗ ਵਿੱਚ ਇਸ ਨੂੰ ਖਤਮ ਕਰਨ ਦੀ ਸਹਿਮਤੀ ਦੇ ਦਿੱਤੀ ਗਈ। ਸੂਬੇ ਵਿਚ ਪੰਜ ਏਕੜ ਦੀ ਮਾਲਕੀ ਵਾਲੇ 10.53 ਲੱਖ ਕਿਸਾਨ ਹਨ ਤੇ ਇਨ੍ਹਾਂ ਵਿਚੋਂ 10 ਤੋਂ 15 ਫੀਸਦੀ ਕਿਸਾਨਾਂ ਨੂੰ ਕੁਰਕੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਇਸ ਧਾਰਾ ਦੇ ਖਤਮ ਹੋਣ ਨਾਲ ਜ਼ਮੀਨਾਂ ਦੀ ਕੁਰਕੀ ਰੁਕ ਜਾਵੇਗੀ ਪਰ ਕਰਜ਼ਿਆਂ ਦੀ ਵਸੂਲੀ 'ਤੇ ਮਾੜਾ ਅਸਰ ਪੈਣ ਦੀ ਸੰਭਾਵਨਾ ਹੈ। ਸੂਬੇ ਵਿਚ ਬੈਂਕਾਂ ਦੇ ਕਰਜ਼ੇ ਦੀ ਅਜਿਹੀ ਪ੍ਰਣਾਲੀ ਭਾਵ ਲਿਮਟਾਂ ਹਨ, ਜਿਸ ਤਹਿਤ ਜ਼ਿਆਦਾਤਰ ਕਿਸਾਨ ਆਪਣੇ ਕਰਜ਼ੇ ਦਾ ਵਿਆਜ਼ ਭਰ ਦਿੰਦੇ ਹਨ ਤੇ ਕਰਜ਼ਾ ਉਨ੍ਹਾਂ ਵਲ ਖੜ੍ਹਾ ਰਹਿੰਦਾ ਹੈ ਤੇ ਇਹ ਪ੍ਰਣਾਲੀ ਪਿਛਲੇ ਕਾਫੀ ਅਰਸੇ ਤੋਂ ਚੱਲਦੀ ਆ ਰਹੀ ਹੈ। ਵਿਆਜ਼ ਮੋੜਣ ਨਾਲ ਕਰਜ਼ਾ ਨਵਿਆਇਆ ਜਾਂਦਾ ਹੈ। ਇਸ ਧਾਰਾ ਨੂੰ ਖਤਮ ਕਰਨ ਸਬੰਧੀ ਬਿਲ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਵਿਚ ਲਿਆਂਦਾ ਜਾਵੇਗਾ।

ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਦੱਸਿਆ ਕਿ ਵਜ਼ਾਰਤ ਨੇ ਸੂਬੇ ਦੀਆਂ 153 ਮਾਰਕੀਟ ਕਮੇਟੀਆਂ ਨੂੰ ਭੰਗ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਮਾਰਕੀਟ ਕਮੇਟੀਆਂ ਨੂੰ ਭੰਗ ਕਰਕੇ ਪ੍ਰਸ਼ਾਸਕ ਲਾਉਣ ਲਈ ਪੰਜਾਬ ਖੇਤੀਬਾੜੀ ਉਤਪਾਦਨ ਮੰਡੀ ਐਕਟ-1961 ਦੀ ਧਾਰਾ 12 ਵਿੱਚ ਵੀ ਸੋਧ ਹੋਵੇਗੀ ਜਿਸ ਤਹਿਤ ਇਕ ਸਾਲ ਦੇ ਸਮੇਂ ਲਈ ਪ੍ਰਸ਼ਾਸਕ ਨਿਯੁਕਤ ਕੀਤੇ ਜਾਣਗੇ। ਇਸ ਦੇ ਨਾਲ ਕੇਂਦਰ ਸਰਕਾਰ ਦੀ ਤਰਜ਼ 'ਤੇ ਖੇਤੀਬਾੜੀ ਵਿਭਾਗ ਦਾ ਨਾਂ ਬਦਲ ਕੇ 'ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ' ਤੇ ਸਿੰਚਾਈ ਵਿਭਾਗ ਦਾ ਨਾਂ ਜਲ ਸਰੋਤ ਵਿਭਾਗ ਰੱਖਣ ਦਾ ਵੀ ਫੈਸਲਾ ਕੀਤਾ ਗਿਆ। ਖੇਤੀਬਾੜੀ ਕਰਜ਼ਾ ਨਿਪਟਾਰਾ ਐਕਟ-2016 ਦਾ ਜਾਇਜ਼ਾ ਲੈਣ ਲਈ ਵਜ਼ਾਰਤ ਦੀ ਸਬ-ਕਮੇਟੀ ਬਣਾਉਣ ਦਾ ਵੀ ਫੈਸਲਾ ਕੀਤਾ ਗਿਆ। ਵਜ਼ਾਰਤ ਨੇ ਹਾਦਸਿਆਂ ਅਤੇ ਅੱਗ ਨਾਲ ਪੀੜਤਾਂ ਦੇ ਨਾਲ ਫੌਜ, ਨੀਮ ਫੌਜੀ ਬਲਾਂ ਅਤੇ ਪੰਜਾਬ ਪੁਲੀਸ ਦੇ ਸ਼ਹੀਦਾਂ ਲਈ ਨਵੀਂ ਮੁਆਵਜ਼ਾ ਨੀਤੀ ਤਿਆਰ ਕਰਨ ਨੂੰ ਵੀ ਹਰੀ ਝੰਡੀ ਦਿੱਤੀ ਹੈ। 'ਤੇਜ਼ਾਬ ਪੀੜਤ ਔਰਤਾਂ ਲਈ ਪੰਜਾਬ ਵਿੱਤੀ ਸਹਾਇਤਾ ਸਕੀਮ-2017' ਹੇਠ 8000 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਦੇਣ ਦਾ ਫੈਸਲਾ ਕੀਤਾ ਗਿਆ ਹੈ।

ਇਸ ਦੇ ਨਾਲ ਹੀ 'ਸ਼ਗਨ ਸਕੀਮ' ਦਾ ਨਾਂ ਬਦਲ ਕੇ 'ਅਸ਼ੀਰਵਾਦ ਸਕੀਮ' ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵਿੱਚ ਜ਼ਿਲ੍ਹਾ ਪ੍ਰੀਸ਼ਦਾਂ ਦੇ 1186 ਸਿਹਤ ਕੇਂਦਰਾਂ ਵਿੱਚ ਸਰਵਿਸ ਪ੍ਰੋਵਾਈਡਰਾਂ ਵਜੋਂ ਕੰਮ ਕਰ ਰਹੇ ਫਾਰਮਾਸਿਸਟਾਂ ਅਤੇ ਦਰਜਾ ਚਾਰ ਕਰਮਚਾਰੀਆਂ ਦੇ ਠੇਕੇ ਵਿੱਚ ਇੱਕ ਸਾਲ ਦਾ ਵਾਧਾ ਕਰਨ ਦੀ ਵੀ ਪ੍ਰਵਾਨਗੀ ਦਿੱਤੀ ਗਈ ਹੈ। ਇਹ ਵਾਧਾ ਇਸ ਸਾਲ ਪਹਿਲੀ ਅਪਰੈਲ ਤੋਂ ਅਗਲੇ ਸਾਲ 31 ਮਾਰਚ ਜਾਂ ਨਿਯਮਤ ਭਰਤੀ ਜੋ ਵੀ ਪਹਿਲਾਂ ਹੋਵੇ ਹੋਵੇਗਾ। ਸ਼ਹਿਰੀ ਹਵਾਬਾਜ਼ੀ ਦੇ ਸਲਾਹਕਾਰ ਕੈਪਟਨ ਅਭੈ ਚੰਦਰਾ ਦੀਆਂ ਸੇਵਾਵਾਂ ਵਿੱਚ 10 ਮਈ, 2017 ਤੋਂ ਪੰਜ ਸਾਲ ਲਈ ਵਾਧਾ ਕੀਤਾ ਗਿਆ ਹੈ ਅਤੇ ਪੰਜਾਬ ਦੇ ਸੀਨੀਅਰ ਐਡਵੋਕੇਟ ਅਤੁਲ ਨੰਦਾ ਦੀ ਪੰਜਾਬ ਦੇ ਐਡਵੋਕੇਟ ਜਨਰਲ ਵਜੋਂ ਨਿਯੁਕਤੀ ਦੀ ਵੀ ਪ੍ਰਵਾਨਗੀ ਦਿੱਤੀ ਹੈ।

# ਬੁਰਹਾਨ ਵਾਨੀ ਦੇ ਸਾਥੀ ਦੀ ਹੱਤਿਆ ਮਗਰੋਂ ਕਸ਼ਮੀਰ ਵਿੱਚ ਕਰਫਿਊ ਵਰਗੇ ਹਾਲਾਤ

## ਸਬਜ਼ਾਰ ਭੱਟ ਨੂੰ ਨਾਇਕ ਵਜੋਂ ਮਿਲੀ ਵਿਦਾਈ, ਅੰਤਮ ਯਾਤਰਾ 'ਚ ਹਜ਼ਾਰਾਂ ਲੋਕ ਹੋਏ ਸ਼ਾਮਲ





**ਸ੍ਰੀਨਗਰ/ਬਿਊਰੋ ਨਿਊਜ਼ :**
ਦੱਖਣੀ ਕਸ਼ਮੀਰ ਦੇ ਸਾਰੇ ਪ੍ਰਮੁੱਖ ਸ਼ਹਿਰਾਂ ਵਿਚ ਕਰਫਿਊ ਵਰਗੇ ਹਾਲਾਤ ਅਤੇ ਪਾਬੰਦੀਆਂ ਦੇ ਬਾਵਜੂਦ ਐਤਵਾਰ ਨੂੰ ਹਜ਼ਾਰਾਂ ਲੋਕਾਂ ਤਰਾਲ ਦੇ ਰਥਸੁਨਾ ਪਿੰਡ ਪਹੁੰਚੇ ਅਤੇ ਹਿਜ਼ਬੁਲ ਮੁਜਾਹਦੀਨ ਦੇ ਕਮਾਂਡਰ ਸਬਜ਼ਾਰ ਅਹਿਮਦ ਭੱਟ ਦੀ ਅੰਤਮ ਯਾਤਰਾ 'ਚ ਸ਼ਾਮਲ ਹੋਏ। ਵੱਡੀ ਗਿਣਤੀ ਵਿਚ ਨੌਜਵਾਨ ਸਵੇਰੇ ਹੀ ਪੈਦਲ ਅਤੇ ਮੋਟਰਸਾਈਕਲਾਂ 'ਤੇ ਰਥਸੁਨਾ ਪਿੰਡ ਵੱਲ ਤੁਰ ਪਏ। ਭਾਰਤੀ ਫੌਜੀ ਅਤੇ ਨੀਮ ਫੌਜੀ ਦਸਤਿਆਂ ਵਲੋਂ ਲਾਏ ਨਾਕਿਆਂ ਅਤੇ ਰੁਕਾਵਟਾਂ ਤੋਂ ਬਚਣ ਲਈ ਨੌਜਵਾਨਾਂ ਨੇ ਮੁੱਖ ਮਾਰਗਾਂ ਦੀ ਥਾਂ ਅੰਦਰੂਨੀ ਰਸਤਿਆਂ 'ਤੇ ਸਫਰ ਕੀਤਾ।

ਇਸ ਦੌਰਾਨ ਅਜ਼ਾਦੀ ਦੇ ਹੱਕ ਵਿਚ ਨਾਅਰੇ ਲਾਏ ਗਏ। ਪਿੰਡ 'ਚ ਜਾਮੀਆ ਮਸਜਿਦ ਦੇ ਵਿਹੜੇ ਵਿਚ ਬਣੇ ਕਬਰਿਸਤਾਨ 'ਚ ਸਬਜ਼ਾਰ ਨੂੰ ਦਫਨਾਇਆ ਗਿਆ, ਸਬਜ਼ਾਰ ਇਸ ਪਿੰਡ ਦਾ 25ਵਾਂ ਸ਼ਹੀਦ ਹੈ ਜਿਸਨੂੰ ਪਿੰਡ ਦੇ ਕਬਰਿਸਤਾਨ 'ਚ ਦਫਨਾਇਆ ਗਿਆ।

ਇਸ ਮੌਕੇ ਸਬਜ਼ਾਰ ਦੇ ਘਰ ਕਾਫੀ ਭਾਵਨਾਤਮਕ ਦ੍ਰਿਸ਼ ਦੇਖਣ ਨੂੰ ਮਿਲੇ। ਇਕ ਬਜ਼ੁਰਗ ਅਪਾਹਜ ਆਦਮੀ, ਜਿਸਨੇ ਦੱਸਿਆ ਕਿ ਉਹ ਉਹ ਕੋਕਰਨਾਗ ਦਾ ਰੱਜਾਬ ਕਾਕ ਹੈ, ਨੇ ਇਕ ਬੁਲਾਰੇ ਨੂੰ ਵਿੱਚੋਂ ਟੋਕਦਿਆਂ ਕਿਹਾ, "ਸਬਜ਼ਾਰ ਨੂੰ ਦਿੱਤੇ ਸਮੇਂ ਤੋਂ ਪਹਿਲਾਂ ਹੀ ਕਿਉਂ ਦਫਨਾ ਦਿੱਤਾ ਗਿਆ। ਮੈਂ ਉਸਦੇ ਅੰਤਮ ਦਰਸ਼ਨ ਕਰਨ ਲਈ ਆਇਆ ਹਾਂ, ਇਹ ਤੁਹਾਡੇ ਲਈ ਸ਼ਰਮ ਦੀ ਗੱਲ ਹੈ, ਤੁਸੀਂ ਦਿੱਤੇ ਸਮੇਂ ਤੋਂ ਪਹਿਲਾਂ ਹੀ ਸਬਜ਼ਾਰ ਨੂੰ ਕਿਉਂ ਦਫਨਾ ਦਿੱਤਾ।" ਬਾਅਦ 'ਚ ਉਸ ਬਜ਼ੁਰਗ ਨੇ ਸਬਜ਼ਾਰ ਦੀ ਮਾਂ ਨੂੰ ਵਧਾਈ ਦਿੱਤੀ ਕਿ ਉਸਦਾ ਪੁੱਤਰ ਸ਼ਹੀਦ ਹੋਇਆ ਹੈ ਅਤੇ ਕੋਈ ਵੀ ਰੋਵੇ ਨਾ।

ਭੱਟ ਦੀ ਹੱਤਿਆ ਤੋਂ ਬਾਅਦ ਵਾਦੀ ਵਿੱਚ ਸਥਿਤੀ ਤਣਾਅਪੂਰਨ ਹੈ ਪਰ ਅਧਿਕਾਰੀਆਂ ਵੱਲੋਂ ਜ਼ਿਆਦਾਤਰ ਹਿੱਸਿਆਂ ਵਿੱਚ ਕਰਫਿਊ ਵਰਗੀਆਂ ਪਾਬੰਦੀਆਂ ਲਾਗੂ ਕਰਨ ਨਾਲ ਹਾਲਾਤ ਕਾਬੂ ਹੇਠ ਹਨ।

ਪੁਲੀਸ ਤਰਜਮਾਨ ਨੇ ਕਿਹਾ ਕਿ ਪੁਲਵਾਮਾ, ਕੁਲਗਾਮ, ਸ਼ੋਪੀਆਂ ਅਤੇ ਸੋਪੋਰ ਵਿੱਚ ਪਥਰਾਅ ਦੀਆਂ ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਵਾਦੀ ਵਿੱਚ ਹਾਲਾਤ ਸ਼ਾਂਤੀਪੂਰਨ ਰਹੇ। ਬੁਲਾਰੇ ਨੇ ਕਿਹਾ ਕਿ ਤਹਾਬ ਵਿੱਚ ਸੀਆਰਪੀਐਫ ਕੈਂਪ ਉਤੇ ਸ਼ਰਾਰਤੀਆਂ ਦੇ ਗਰੁੱਪ ਨੇ ਪਥਰਾਅ ਕੀਤਾ। ਸਥਿਤੀ ਨਾਲ ਨਜਿੱਠਣ ਲਈ ਪੁਲੀਸ ਤੇ ਸੁਰੱਖਿਆ ਦਸਤੇ ਜ਼ਬਤ ਤੋਂ ਕੰਮ ਲੈ ਰਹੇ ਹਨ।

ਸ੍ਰੀਨਗਰ ਦੇ ਸੱਤ ਥਾਣਾ ਖੇਤਰਾਂ ਖਨਿਆਰ, ਨੌਹੱਟਾ, ਸਫਕਦਲ, ਐਮ.ਆਰ. ਗੰਜ, ਰੈਨਾਵਾੜੀ, ਕਰਾਲਖੱਡ ਅਤੇ ਮੈਸੂਮਾ ਵਿੱਚ ਇਹਤਿਆਤ ਵਜੋਂ ਪਾਬੰਦੀਆਂ ਲਾਈਆਂ ਗਈਆਂ ਹਨ। ਅਧਿਕਾਰੀਆਂ ਨੇ ਕਿਹਾ ਕਿ ਦੱਖਣੀ ਕਸ਼ਮੀਰ ਦੇ ਅਨੰਤਨਾਗ, ਪੁਲਵਾਮਾ ਤੇ ਸ਼ੋਪੀਆਂ ਜ਼ਿਲ੍ਹਿਆਂ ਅਤੇ ਸੋਪੋਰ ਸ਼ਹਿਰ ਵਿੱਚ ਵੀ ਮਨਾਹੀ ਦੇ ਹੁਕਮ ਲਾਗੂ ਕੀਤੇ ਗਏ ਹਨ। ਕੇਂਦਰੀ ਕਸ਼ਮੀਰ ਦੇ ਬੜਗਾਮ ਤੇ ਗੰਦਰਬਲ ਜ਼ਿਲ੍ਹਿਆਂ ਵਿੱਚ ਫੌਜਦਾਰੀ ਜ਼ਾਬਤੇ ਦੀ ਧਾਰਾ 144 ਅਧੀਨ ਚਾਰ ਜਾਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ ਉਤੇ ਪਾਬੰਦੀ ਲਾ ਦਿੱਤੀ ਹੈ।

ਇਸ ਦੌਰਾਨ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਪਥਰਾਅ ਦੀਆਂ ਘਟਨਾਵਾਂ ਰੁਕਣ ਤੱਕ ਕਸ਼ਮੀਰ ਮਸਲੇ ਬਾਰੇ ਗੱਲਬਾਤ ਦੀ ਸੰਭਾਵਨਾ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਇਕ ਵਾਰ ਹਿੰਸਾ ਖ਼ਤਮ ਹੋਣ ਮਗਰੋਂ ਸਰਕਾਰ ਹਰੇਕ ਨਾਲ ਗੱਲਬਾਤ ਕਰੇਗੀ। ਜਦੋਂ ਪੁੱਛਿਆ ਗਿਆ ਕਿ ਕੀ ਸਰਕਾਰ ਹੁਰੀਅਤ ਨਾਲ ਵੀ ਗੱਲਬਾਤ ਕਰੇਗੀ ਤਾਂ ਉਨ੍ਹਾਂ ਕਿਹਾ ਕਿ "ਹਿੰਸਾ ਰੁਕਣ ਅਤੇ ਗੱਲਬਾਤ ਲਈ ਮਾਹੌਲ ਬਣਨ ਤੋਂ ਬਾਅਦ ਅਸੀਂ ਹਰੇਕ ਨਾਲ ਗੱਲਬਾਤ ਕਰਾਂਗੇ।" ਦੂਜੇ ਪਾਸੇ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੇ ਕਸ਼ਮੀਰ ਵਿੱਚ ਫੌਰੀ ਰਾਜਪਾਲ ਰਾਜ ਲਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਰਾਜਪਾਲ ਰਾਜ ਖ਼ਿਲਾਫ਼ ਰਹੇ ਪਰ ਹੁਣ ਕੋਈ ਹੋਰ ਰਾਹ ਨਹੀਂ ਬਚਿਆ।

### ਵੱਖਵਾਦੀ ਆਗੂਆਂ ਨੂੰ ਪੁੱਛ-ਪੜਤਾਲ ਲਈ ਦਿੱਲੀ ਸੱਦਿਆ

ਸ੍ਰੀਨਗਰ: ਕੌਮੀ ਜਾਂਚ ਏਜੰਸੀ ਨੇ ਅਤਿਵਾਦੀਆਂ ਨੂੰ ਫੰਡ ਮੁਹੱਈਆ ਕਰਾਉਣ ਅਤੇ ਜੰਮੂ-ਕਸ਼ਮੀਰ ਵਿੱਚ ਲੁਕਵੀਆਂ ਕਾਰਵਾਈਆਂ ਦੇ ਮਾਮਲੇ ਵਿੱਚ ਦੋ ਕਸ਼ਮੀਰੀ ਵੱਖਵਾਦੀ ਆਗੂਆਂ ਨੂੰ ਦਿੱਲੀ ਸਥਿਤ ਹੈੱਡਕੁਆਰਟਰ 'ਤੇ ਤਲਬ ਕੀਤਾ ਹੈ। ਤਹਿਰੀਕੇ ਏ ਹੁਰੀਅਤ ਦੇ ਫਾਰੂਕ ਅਹਿਮਦ ਡਾਰ ਉਰਫ਼ ਬਿੱਟਾਂ ਕਰਾਟੇ' ਅਤੇ ਜਾਵੇਦ ਅਹਿਮਦ ਬਾਬਾ ਉਰਫ ਗਾਜ਼ੀ' ਨੂੰ ਕੁਝ ਬੈਂਕਾਂ, ਜਾਇਦਾਦ ਦੇ ਦਸਤਾਵੇਜ਼ ਅਤੇ ਹੋਰ ਕਾਗਜ਼ਾਂ ਸਮੇਤ ਕੌਮੀ ਜਾਂਚ ਏਜੰਸੀ ਕੋਲ ਪੇਸ਼ ਹੋਣ ਲਈ ਕਿਹਾ ਗਿਆ ਹੈ। ਮਹੀਨੇ ਦੀ ਸ਼ੁਰੂਆਤ ਵਿੱਚ ਵੀ ਜਾਂਚ ਏਜੰਸੀ ਨੇ ਇਨ੍ਹਾਂ ਤੋਂ ਪੁਛਗਿਛ ਕੀਤੀ ਸੀ। ਇਨ੍ਹਾਂ ਦੇ ਨਾਂ ਮੁੱਢਲੀ ਜਾਂਚ ਵਿੱਚ ਸਾਹਮਣੇ ਆਏ ਸੀ ਜਿਸ ਤੋਂ ਬਾਅਦ ਇਨ੍ਹਾਂ ਤੋਂ ਇਨ੍ਹਾਂ ਦੀ ਹਵਾਲਾ ਰਾਹੀਂ ਕਥਿਤ ਫੰਡ ਇਕੱਠੇ ਅਤੇ ਟਰਾਂਸਫਰ ਕਰਨ ਵਿੱਚ ਕਥਿਤ ਸ਼ਮੂਲੀਅਤ ਬਾਰੇ ਮੁੜ ਪੁੱਛਗਿਛ ਕੀਤੀ ਜਾਵੇਗੀ।

**ਯਾਸਿਨ ਮਲਿਕ ਗ੍ਰਿਫ਼ਤਾਰ :** ਸ੍ਰੀਨਗਰ : ਜੇਕੇਐਲਐਫ ਚੇਅਰਮੈਨ ਮੁਹੰਮਦ ਯਾਸਿਨ ਮਲਿਕ ਨੂੰ ਇੱਥੇ ਉਨ੍ਹਾਂ ਦੇ ਘਰੋਂ ਗ੍ਰਿਫ਼ਤਾਰ ਕੀਤਾ ਗਿਆ। ਇਕ ਪੁਲੀਸ ਅਧਿਕਾਰੀ ਨੇ ਕਿਹਾ ਕਿ ਮਲਿਕ ਨੂੰ ਸ੍ਰੀਨਗਰ ਦੀ ਕੇਂਦਰੀ ਜੇਲ੍ਹ ਵਿੱਚ ਤਬਦੀਲ ਕੀਤਾ ਗਿਆ ਹੈ। ਉਸ ਨੂੰ ਲਾਲ ਚੌਕ ਨੇੜੇ ਮੈਸੂਮਾ ਵਿੱਚ ਉਨ੍ਹਾਂ ਦੇ ਘਰੋਂ ਗ੍ਰਿਫ਼ਤਾਰ ਕੀਤਾ ਗਿਆ। ਉਹ ਮੁਕਾਬਲੇ ਵਿੱਚ ਮਾਰੇ ਅਤਿਵਾਦੀ ਸਬਜ਼ਾਰ ਅਹਿਮਦ ਭੱਟ ਤੇ ਫੈਜ਼ਾਨ ਮੁਜ਼ੱਫਰ ਦੇ ਘਰ ਗਏ ਸਨ।

# ਰਾਣਾ ਸ਼ੂਗਰਜ਼ ਦਾ ਨੇਪਾਲੀ ਖਾਨਸਾਮਾ ਸਭ ਤੋਂ ਮਹਿੰਗੀ ਰੇਤੇ ਤੇ ਬਜਰੀ ਦੀ ਖੱਡ ਦਾ ਮਾਲਕ

## *ਨੇਪਾਲੀ ਅਮਿਤ ਬਹਾਦੁਰ ਨੇ ਖੱਡ 26.51 ਕਰੋੜ ਰੁਪਏ ’ਚ ਖਰੀਦ ਕੇ 32 ਵੱਡੇ ਬੰਦਿਆਂ ਨੂੰ ਪਛਾੜਿਆ*

### ਰਾਣਾ ਸ਼ੂਗਰ ਮਿੱਲਜ਼ ਦੇ ਕਰੀਬ ਤਿੰਨ ਹੋਰ ਮੁਲਾਜ਼ਮਾਂ ਨੇ ਵੀ ਖ਼ਰੀਦੀਆਂ ਖੱਡਾਂ

**ਚੰਡੀਗੜ੍ਹ/ਬਿਊਰੋ ਨਿਊਜ਼ :**
ਹੁਣ ਤੱਕ ਰਾਣਾ ਸ਼ੂਗਰਜ਼ ਲਿਮਟਿਡ ਦੇ ਦਫ਼ਤਰ ਵਿੱਚ ਮੁਲਾਜ਼ਮਾਂ ਨੂੰ ‘ਬਹੁਮੁੱਲੇ ਪਰੌਂਠੇ’ ਖਵਾਉਣ ਵਾਲਾ ਅਮਿਤ ਬਹਾਦੁਰ ਰਾਜ ਦੀ ਸਭ ਤੋਂ ਮਹਿੰਗੀ ਰੇਤੇ ਤੇ ਬਜਰੀ ਦੀ ਖੱਡ ਦਾ ਮਾਲਕ ਹੈ। ਸ਼ੁੱਕਰਵਾਰ ਨੂੰ ਖੱਡਾਂ ਦੀ ਹੋਈ ਈ ਨਿਲਾਮੀ ਵਿੱਚ ਉਸ ਨੇ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੇ ਸੈਦਪੁਰ ਖੁਰਦ ਦੀ ਖੱਡ 26.51 ਕਰੋੜ ਰੁਪਏ ਵਿੱਚ ਲਈ, ਜਿਸ ਦੌਰਾਨ ਉਸ ਨੇ 32 ਵੱਡੇ ਬੰਦਿਆਂ ਨੂੰ ਪਛਾੜਿਆ।

ਪੰਜਾਬ ਦੇ ਬਿਜਲੀ ਤੇ ਸਿੰਜਾਈ ਮੰਤਰੀ ਰਾਣਾ ਗੁਰਜੀਤ ਸਿੰਘ ਦੀ ਮਾਲਕੀ ਵਾਲੀ ਰਾਣਾ ਸ਼ੂਗਰ ਮਿੱਲਜ਼ ਦੇ ਘੱਟੋ ਘੱਟ ਤਿੰਨ ਹੋਰ ਮੁਲਾਜ਼ਮਾਂ ਨੇ 19 ਤੇ 20 ਮਈ ਨੂੰ ਰੇਤੇ ਤੇ ਬਜਰੀ ਦੀਆਂ 89 ਖੱਡਾਂ ਦੀ ਹੋਈ ਈ ਨਿਲਾਮੀ ਵਿੱਚ ਸਫ਼ਲਤਾ ਹਾਸਲ ਕੀਤੀ। ਨੇਪਾਲੀ ਮੂਲ ਦਾ ਅਮਿਤ ਬਹਾਦੁਰ ਰਾਣਾ ਸ਼ੂਗਰਜ਼ ਵਿੱਚ ਨਿੱਜੀ ਖਾਨਸਾਮੇ ਵਜੋਂ ਕੰਮ ਕਰਦਾ ਹੈ। ਉਸ ਦੀ ਵਫ਼ਾਦਾਰੀ ਕਾਰਨ ਉਸ ਨੂੰ ਨਿੱਜੀ ਸਹਾਇਕ ਬਣਾਇਆ ਗਿਆ ਸੀ ਅਤੇ ਹਾਲ ਹੀ ਵਿੱਚ ਕੰਪਨੀ ਦੇ ਮਨੁੱਖੀ ਸਰੋਤ ਵਿਭਾਗ ਵਿੱਚ ਤਬਦੀਲ ਕੀਤਾ ਗਿਆ। ਇਸ ਤਰ੍ਹਾਂ ਦੇ ਇਕ ਸਾਧਾਰਨ ਵਿਅਕਤੀ ਵੱਲੋਂ 26 ਕਰੋੜ ਰੁਪਏ ਦੀ ਖੱਡ ਲਈ ਸਫ਼ਲ ਬੋਲੀ ਦੇਣ ਬਾਰੇ ਸੱਤਾ ਦੇ ਗਲਿਆਰਿਆਂ ਵਿੱਚ ਘੁਸਰ-ਮੁਸਰ ਸ਼ੁਰੂ ਹੋ ਗਈ ਹੈ। ਜਦੋਂ ਅਮਿਤ ਬਹਾਦੁਰ ਨਾਲ ਸੰਪਰਕ ਕੀਤਾ ਤਾਂ ਉਸ ਨੇ ਪੁਸ਼ਟੀ ਕੀਤੀ ਕਿ ਉਹ ਰਾਣਾ ਸ਼ੂਗਰਜ਼ ਲਿਮੀਟਿਡ ਦਾ ਮੁਲਾਜ਼ਮ ਹੈ ਅਤੇ ਉਹ ਖੱਡ ਦੀ ਬੋਲੀ ਵਿੱਚ ਸਫ਼ਲ ਰਿਹਾ। ਉਸ ਨੇ ਕਿਹਾ ਕਿ ਉਹ ਮੁਰਾਦਾਬਾਦ ਨਾਲ ਸਬੰਧਤ ਹੈ। ਉਸ ਦੇ ਪਿਤਾ ਨੇਪਾਲ ਤੋਂ ਆ ਕੇ ਲੰਮਾ ਸਮਾਂ ਪਹਿਲਾਂ ਉੱਤਰ ਪ੍ਰਦੇਸ਼ ਵਿੱਚ ਵਸ ਗਏ ਸਨ।

ਇਸ ਤਰ੍ਹਾਂ ਰਾਣਾ ਸ਼ੂਗਰਜ਼ ਦੇ ਇਕ ਹੋਰ ਮੁਲਾਜ਼ਮ ਕੁਲਵਿੰਦਰ ਪਾਲ ਸਿੰਘ ਨੇ ਨਵਾਂਸ਼ਹਿਰ ਦੀ ਮਹਿਦੀਪੁਰ ਖੱਡ 9.21 ਕਰੋੜ ਰੁਪਏ ਵਿੱਚ ਹਾਸਲ ਕੀਤੀ। ਕੁਲਵਿੰਦਰ ਰਾਣਾ ਸ਼ੂਗਰਜ਼ ਦਾ ਵੱਖ ਵੱਖ ਸਰਕਾਰੀ ਵਿਭਾਗਾਂ ਸਬੰਧੀ ਕੰਮਕਾਜ ਦੇਖਦਾ ਹੈ। ਸੰਪਰਕ ਕਰਨ ਉਤੇ ਕੁਲਵਿੰਦਰ ਸਿੰਘ ਨੇ ਕਿਹਾ ਕਿ ਉਸ ਦਾ ਮੌਜੂਦਾ ਅਹੁਦਾ ਡਿਪਟੀ ਜਨਰਲ ਮੈਨੇਜਰ ਦਾ ਹੈ। ਉਸ ਨੇ ਕਿਹਾ ਕਿ ਉਸ ਨੇ ਸਮਾਂ ਹੱਦ ਖ਼ਤਮ ਹੋਣ ਤੋਂ ਪਹਿਲਾਂ ਬਾਕੀ ਬਚਦੀ ਰਕਮ ਜਮ੍ਹਾਂ ਕਰਵਾ ਦਿੱਤੀ ਸੀ। ਇਸ ਮੰਤਰੀ ਦੇ ਦੋ ਹੋਰ ਮੁਲਾਜ਼ਮ ਸਫ਼ਲ 89 ਬੋਲੀਕਾਰਾਂ ਵਿੱਚ ਸ਼ਾਮਲ ਹਨ। ਗੁਰਿੰਦਰ ਸਿੰਘ ਨੂੰ 4.11 ਕਰੋੜ ਰੁਪਏ ਵਿੱਚ ਮੁਹਾਲੀ ਜ਼ਿਲ੍ਹੇ ਵਿੱਚ ਪਿੰਡ ਰਾਮਪੁਰ ਕਲਾਂ ਦੀ ਖੱਡ ਮਿਲੀ। ਉਹ ਰਾਣਾ ਸ਼ੂਗਰਜ਼ ਦਾ ਗੰਨੇ ਸਬੰਧੀ ਕੰਮਕਾਜ ਦੇਖਦਾ ਹੈ। ਰਾਣਾ ਸ਼ੂਗਰਜ਼ ਦੇ ਇਕ ਹੋਰ ਮੁਲਾਜ਼ਮ ਬਲਰਾਜ ਸਿੰਘ ਨੂੰ 10.58 ਕਰੋੜ ਰੁਪਏ ਵਿੱਚ ਪਿੰਡ ਬੈਰਸਾਲ ਦੀ ਖੱਡ ਮਿਲੀ।

ਜਦੋਂ ਅਮਿਤ ਬਹਾਦੁਰ ਨੂੰ ਪੁੱਛਿਆ ਗਿਆ ਕਿ ਉਹ 26 ਕਰੋੜ ਰੁਪਏ ਦਾ ਬੰਦੋਬਸਤ ਕਿਵੇਂ ਕਰੇਗਾ ਤਾਂ ਖ਼ੁਦ ਨੂੰ ਛੋਟਾ-ਮੋਟਾ ਮੁਲਾਜ਼ਮ ਦੱਸਣ ਵਾਲੇ ਇਸ ਸ਼ਖ਼ਸ ਦਾ ਕਹਿਣਾ ਸੀ, “ਕੋਸ਼ਿਸ਼ ਕਰਨੇ ਸੇ ਸਭ ਮਿਲ ਜਾਏਗਾ।” ਕੁਲਵਿੰਦਰ ਪਾਲ ਸਿੰਘ ਨੇ ਪਹਿਲਾਂ ਕਿਹਾ ਕਿ ਉਸ ਕੋਲ ਸਰੋਤ ਹਨ ਪਰ ਬਾਅਦ ਵਿੱਚ ਇਹ ਕਹਿ ਕੇ ਫੋਨ ਕੱਟ ਦਿੱਤਾ ਕਿ ਉਹ ਰਕਮ ਦਾ ਪ੍ਰਬੰਧ ਕਰ ਰਿਹਾ ਹੈ। ਇਸ ਬਾਰੇ ਵਾਰ-ਵਾਰ ਕੋਸ਼ਿਸ਼ ਕਰਨ ਉਤੇ ਵੀ ਮੰਤਰੀ ਰਾਣਾ ਗੁਰਜੀਤ ਸਿੰਘ ਨਾਲ ਸੰਪਰਕ ਨਹੀਂ ਹੋ ਸਕਿਆ।



### ਰੇਤੇ ਦੇ ਭੱਜੇ ਬੋਲੀਕਾਰ ਬਲੈਕਲਿਸਟ

ਚੰਡੀਗੜ੍ਹ : ਪੰਜਾਬ ਸਰਕਾਰ ਨੇ ਵੱਡਾ ਕਦਮ ਚੁੱਕਦਿਆਂ ਖੱਡਾਂ ਦੀ ਬੋਲੀ ਲਾ ਕੇ ਅੱਧਵੱਟੇ ਭੱਜੇ ਬੋਲੀਕਾਰਾਂ ਨੂੰ ਬਲੈਕਲਿਸਟ ਕਰਨ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਜਿਹੜੀਆਂ ਖੱਡਾਂ ਦੀ ਨਿਲਾਮੀ ਹੋਣ ਤੋਂ ਬਾਅਦ ਬੋਲੀਕਾਰਾਂ ਨੇ ਨਿਰਧਾਰਤ ਰਾਸ਼ੀ ਜਮ੍ਹਾਂ ਨਹੀਂ ਕਰਵਾਈ, ਉਨ੍ਹਾਂ ਖੱਡਾਂ ਦੀ ਦੁਬਾਰਾ ਬੋਲੀ ਕਰਵਾਉਣ ਦੀ ਪ੍ਰਕਿਰਿਆ ਮੁੜ ਚਲਾਈ ਜਾ ਰਹੀ ਹੈ। ਇਹ ਬੋਲੀ 15 ਦਿਨਾਂ ਬਾਅਦ ਹੋਣ ਦੀ ਸੰਭਾਵਨਾ ਹੈ। ਸੂਤਰਾਂ ਅਨੁਸਾਰ ਸਰਕਾਰ ਨੇ ਨਿਰਧਾਰਤ ਸਮੇਂ ਵਿੱਚ ਰਾਸ਼ੀ ਜਮ੍ਹਾਂ ਕਰਵਾਉਣ ਤੋਂ ਫੇਲ੍ਹ ਬੋਲੀਕਾਰਾਂ ਨੂੰ ਬਲੈਕਲਿਸਟ ਕਰ ਕੇ ਇਨ੍ਹਾਂ ਨਾਲ ਸਬੰਧਤ ਖੱਡਾਂ ਦੀ ਮੁੜ ਬੋਲੀ ਕਰਵਾਉਣ ਲਈ ਅਧਿਕਾਰੀਆਂ ਨੂੰ ਆਦੇਸ਼ ਦੇ ਦਿੱਤੇ ਹਨ। ਦੱਸਣਯੋਗ ਹੈ ਕਿ ਸਰਕਾਰ ਨੇ ਨਵੀਂ ਨੀਤੀ ਤਹਿਤ 89 ਖੱਡਾਂ ਦੀ ਬੋਲੀ ਕਰਵਾਈ ਸੀ, ਜਿਸ ਵਿੱਚ ਰਿਕਾਰਡ 1026 ਕਰੋੜ ਰੁਪਏ ਦੀ ਬੋਲੀ ਲੱਗੀ ਸੀ ਪਰ 50 ਫੀਸਦ ਤੋਂ ਵੱਧ ਬੋਲੀਕਾਰਾਂ ਵੱਲੋਂ ਹੱਥ ਖੜ੍ਹੇ ਕਰਨ ਕਾਰਨ ਸਰਕਾਰ ਲਈ ਸੰਕਟ ਖੜ੍ਹਾ ਹੋ ਗਿਆ ਹੈ। ਸਰਕਾਰ ਨੇ ਇਸ ਨਵੀਂ ਸਥਿਤੀ ਉਪਰ ਵਿਚਾਰ ਕਰਨ ਮਗਰੋਂ ਇਹ ਹੰਗਾਮੀ ਫੈਸਲੇ ਲਏ ਹਨ।

## ਰਾਣਾ ਗੁਰਜੀਤ ਦੇ ਖਾਨੇਸਾਮੇ ਵਲੋਂ ਖੱਡ ਖ਼ਰੀਦਣ ਕਾਰਨ ਚਾਰੋਂ ਪਾਸੇ ਘਿਰੀ ਕੈਪਟਨ ਸਰਕਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਸਿੰਜਾਈ ਤੇ ਬਿਜਲੀ ਮੰਤਰੀ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀ ਮੰਨੇ ਜਾਂਦੇ ਰਾਣਾ ਗੁਰਜੀਤ ਸਿੰਘ ਦੀ ਕੰਪਨੀ ਦੇ ਮੁਲਾਜ਼ਮਾਂ ਵੱਲੋਂ ਰੇਤੇ ਦੀਆਂ ਖੱਡਾਂ ਦੀ ਕਰੋੜਾਂ ਰੁਪਏ ਦੀ ਬੋਲੀ ਦੇਣ ਦਾ ਮਾਮਲਾ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਕੋਲ ਪੁੱਜ ਗਿਆ ਹੈ। ਇਹ ਮਾਮਲਾ ਉਜਾਗਰ ਹੋਣ ਮਗਰੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੱਧਰ ’ਤੇ ਇਸ ਮੁੱਦੇ ਨੂੰ ਲੈ ਕੇ ਲੰਮੀ ਚਰਚਾ ਚਲਦੀ ਰਹੀ। ਸਰਕਾਰ ਇਸ ਮਾਮਲੇ ਵਿਚੋਂ ਆਪਣੇ ਆਪ ਨੂੰ ਕੱਢਣ ਲਈ ਰਾਹ ਲੱਭ ਰਹੀ ਹੈ। ਦੂਸਰੇ ਪਾਸੇ ਵਿਰੋਧੀ ਧਿਰਾਂ ਆਮ ਆਦਮੀ ਪਾਰਟੀ (ਆਪ) ਅਤੇ ਅਕਾਲੀ ਦਲ ਨੇ ਕੈਪਟਨ ਸਰਕਾਰ ਨੂੰ ਚੁਫੇਰਿਓਂ ਘੇਰ ਕੇ ਸ੍ਰੀ ਰਾਣਾ ਦਾ ਤੁਰੰਤ ਅਸਤੀਫ਼ਾ ਲੈਣ ਦੀ ਮੰਗ ਕੀਤੀ ਹੈ। ਸੂਤਰਾਂ ਅਨੁਸਾਰ ਕਾਂਗਰਸ ਪਾਰਟੀ ਵਿੱਚ ਵੀ ਇਸ ਮੁੱਦੇ ਨੂੰ ਲੈ ਕੇ ਚਿੰਤਾ ਦਾ ਮਾਹੌਲ ਪਾਇਆ ਜਾ ਰਿਹਾ ਹੈ ਕਿਉਂਕਿ ਕਾਂਗਰਸ ਲੀਡਰਸ਼ਿਪ ਪਿਛਲੇ 10 ਸਾਲ ਜਿਹੜੇ ਦੋਸ਼ ਅਕਾਲੀਆਂ ਉਪਰ ਲਾਉਂਦੀ ਰਹੀ ਸੀ, ਉਹ ਮਹਿਜ਼ ਦੋ ਮਹੀਨੇ ਦੀ ਸਰਕਾਰ ਦੌਰਾਨ ਹੀ ਉਨ੍ਹਾਂ ਉਪਰ ਲੱਗ ਗਏ ਗਏ ਹਨ। ਪੰਜਾਬ-ਹਰਿਆਣਾ ਹਾਈ ਕੋਰਟ ਦੇ ਵਕੀਲ ਐਚ ਸੀ ਅਰੋੜਾ ਨੇ ਈਡੀ ਦੇ ਜੁਆਇੰਟ ਡਾਇਰੈਕਟਰ ਦਿੱਲੀ ਨੂੰ ਲਿਖਤੀ ਸ਼ਿਕਾਇਤ ਭੇਜ ਕੇ ਦੋਸ਼ ਲਾਇਆ ਹੈ ਕਿ ਇਹ ਬੇਨਾਮੀ ਜਾਇਦਾਦ ਦਾ ਮਾਮਲਾ ਬਣਦਾ ਹੈ। ਇਸ ਲਈ ਸ੍ਰੀ ਰਾਣਾ ਵਿਰੁੱਧ ਤੁਰੰਤ ਪੜਤਾਲ ਸ਼ੁਰੂ ਕੀਤੀ ਜਾਵੇ। ਸ੍ਰੀ ਅਰੋੜਾ ਨੇ ਮੰਤਰੀ ਵਿਰੁੱਧ ‘ਬੇਨਾਮੀ ਲੈਣ-ਦੇਣ (ਪਾਬੰਦੀ) ਸੋਧ ਐਕਟ-2016’ ਤਹਿਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਧਰ ‘ਆਪ’ ਦੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਐਡਵੋਕੇਟ ਐਚ ਐਸ ਫੂਲਕਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਮੰਗ ਕੀਤੀ ਹੈ ਕਿ ਅਜਿਹੇ ਮੰਤਰੀ ਜੋ ਗਲਤ ਤਰੀਕੇ ਨਾਲ ਸਰਕਾਰ ਤੋਂ ਬੇਨਾਮੀ ਠੇਕੇ ਪ੍ਰਾਪਤ ਕਰ ਰਹੇ ਹਨ, ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇ। ਸ੍ਰੀ ਰਾਣਾ ਨੂੰ ਮੰਤਰੀ ਮੰਡਲ ਵਿਚੋਂ ਬਾਹਰ ਕਰਨ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਕੈਪਟਨ ਅਜਿਹਾ ਨਹੀਂ ਕਰਦੇ ਤਾਂ ਇਸ ਤੋਂ ਸਿੱਧ ਹੋ ਜਾਏਗਾ ਕਿ ਉਹ ਖੁਦ ਕਥਿਤ ਤੌਰ ’ਤੇ ਨਜਾਇਜ਼ ਧੰਦੇ ਵਿੱਚ ਸ਼ਾਮਲ ਹਨ। ਉਧਰ ਜਲੰਧਰ ਵਿਚ ‘ਆਪ’ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਮੁੱਖ ਮੰਤਰੀ ਇਸ ਮਾਮਲੇ ਦੀ ਜਾਂਚ ਵਿਜੀਲੈਂਸ ਬਿਊਰੋ, ਪੰਜਾਬ ਦੇ ਡੀਜੀਪੀ ਜਾਂ ਲੋਕਪਾਲ ਕੋਲੋਂ ਕਰਵਾਉਣ। ਉਨ੍ਹਾਂ ਕਿਹਾ ਕਿ ਉਹ ਇਸ ਦੀ ਸ਼ਿਕਾਇਤ ਵਿਜੀਲੈਂਸ ਡਾਇਰੈਕਰ ਨੂੰ ਦੇਣਗੇ। ਫਿਰ ਵੀ ਜੇਕਰ ਰਾਣਾ ਗੁਰਜੀਤ ਸਿੰਘ ਅਸਤੀਫ਼ਾ ਨਹੀਂ ਦਿੰਦੇ ਹਨ ਤਾਂ ਪਾਰਟੀ ਅੰਦਰ ਸਲਾਹ ਮਸ਼ਵਰੇ ਤੋਂ ਬਾਅਦ ਮੁੱਖ ਮੰਤਰੀ ਜਾਂ ਬਿਜਲੀ ਮੰਤਰੀ ਦੇ ਦਫਤਰਾਂ ਦੇ ਬਾਹਰ ਧਰਨੇ ਦਿੱਤੇ ਜਾਣਗੇ। ਇਸ ਦੌਰਾਨ ਅਕਾਲੀ ਦਲ ਦੇ ਵਿਧਾਨ ਸਭਾ ਵਿਚ ਵਿਪ੍ਹ ਪਵਨ ਟੀਨੂੰ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਕੇਂਦਰੀ ਏਜੰਸੀਆਂ ਤੋਂ ਨਿਰਪੱਖ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਰਾਣਾ ਗੁਰਜੀਤ ਸਿੰਘ ਖ਼ਿਲਾਫ਼ ਕਾਰਵਾਈ ਦੀ ਚੁਣੌਤੀ ਵੀ ਦਿੱਤੀ। ਉਨ੍ਹਾਂ ਅਮਿਤ ਬਹਾਦੁਰ ’ਤੇ ਵੀ ਕਰੜੀ ਨਜ਼ਰ ਰੱਖਣ ਲਈ ਕਿਹਾ।

### ਰਾਣਾ ਨੇ ਕਿਹਾ-ਮੇਰੇ ਪਰਿਵਾਰ ਜਾਂ ਕਿਸੇ ਮੁਲਾਜ਼ਮ ਦੀ ਰੇਤ ਵਪਾਰ ਵਿੱਚ ਕੋਈ ਹਿੱਸੇਦਾਰੀ ਨਹੀਂ

ਪੰਜਾਬ ਦੇ ਸਿੰਚਾਈ ਤੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਦਾਅਵਾ ਕੀਤਾ ਕਿ ਉਨ੍ਹਾਂ ਦਾ ਅਤੇ ਉਨ੍ਹਾਂ ਦੀ ਕੰਪਨੀ ਰਾਣਾ ਸ਼ੂਗਰ ਲਿਮਟਿਡ ਦੀ ਰੇਤ ਖਣਨ ਉਦਯੋਗ ਵਿੱਚ ਸਿੱਧੇ ਜਾਂ ਅਸਿੱਧੇ ਤੌਰ ’ਤੇ ਕੋਈ ਹਿੱਸੇਦਾਰੀ ਨਹੀਂ ਹੈ। ਉਨ੍ਹਾਂ ਕੰਪਨੀ ਦੇ ਦੋ ਮੁਲਾਜ਼ਮਾਂ ਵੱਲੋਂ ਖੱਡਾਂ ਦੀ ਬੋਲੀ ਦੇਣ ਬਾਰੇ ਛਪੀ ਰਿਪੋਰਟ ਨੂੰ ਗਲਤ ਕਰਾਰ ਦਿੰਦਿਆਂ ਕਿਹਾ ਕਿ ਦੋਵੇਂ ਮੁਲਾਜ਼ਮ ਬਹੁਤ ਪਹਿਲਾਂ ਹੀ ਕੰਪਨੀ ਵਿਚੋਂ ਨੌਕਰੀ ਛੱਡ ਗਏ ਸਨ। ਉਨ੍ਹਾਂ ਕਿਹਾ ਕਿ ਹਜ਼ਾਰਾਂ ਲੋਕ ਕੰਪਨੀ ਵਿੱਚ ਕੰਮ ਕਰਕੇ ਗਏ ਹਨ ਪਰ ਨੌਕਰੀ ਛੱਡਣ ਤੋਂ ਬਾਅਦ ਕੀਤੀ ਗਈ ਕਿਸੇ ਵੀ ਗੱਲ ਲਈ ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਵਾਜਬ ਨਹੀਂ ਜਾਪਦਾ। ਆਪਣੇ ਵਪਾਰ ਦਾ ਸਾਲਾਨਾ ਕਾਰੋਬਾਰ ਹਜ਼ਾਰਾਂ ਕਰੋੜ ਰੁਪਏ ਤੋਂ ਵੱਧ ਹੋਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਪਹਿਲਾਂ ਹੀ ਸੈਂਕੜੇ ਕਰੋੜ ਰੁਪਏ ਦਾ ਕਾਰੋਬਾਰ ਹੋਵੇ ਤਾਂ ਕੁੱਝ ਕਰੋੜ ਰੁਪਏ ਦੇ ਵਪਾਰ ਵਿੱਚ ਸ਼ਾਮਲ ਹੋਣ ਦੀ ਕੋਈ ਤੁੱਕ ਹੀ ਨਹੀਂ ਬਣਦੀ ਹੈ।

## ਖੱਡਾਂ ਦੀ ਘਪਲੇਬਾਜ਼ੀ ਤੋਂ ਪਤਾ ਲਗਦੈ ਕਾਂਗਰਸ ਕਿੰਨੀ ਕੁ ਇਮਾਨਦਾਰ : ਬਾਦਲ

**ਲੰਬੀ/ਬਿਊਰੋ ਨਿਊਜ਼ :** ਪਿਛਲੀ ਸਰਕਾਰ ਦੇ ਮੱਥੇ ’ਤੇ ਲੱਗੀ ਰੇਤੇ-ਬਜਰੀ ਦੀਆਂ ਖੱਡਾਂ ਦੀ ਕਾਲਖ ਹੁਣ ਕਾਂਗਰਸ ਸਰਕਾਰ ਦੀ ਝੋਲੀ ਪੈ ਗਈ ਹੈ। ਆਮ ਆਦਮੀ ਪਾਰਟੀ ਦੇ ਤਿੱਖੇ ਸੁਰਾਂ ਉਪਰੰਤ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨੌਕਰਾਂ ਜ਼ਰੀਏ ਬਹੁ-ਕਰੋੜੀ ਰੇਤ ਖੱਡਾਂ ਦੇ ਠੇਕੇ ਨੂੰ ਸਭ ਤੋਂ ਵੱਡਾ ਧੋਖਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਨੂੰ ਤੁਰੰਤ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਇਸ ਮਾਮਲੇ ਨਾਲ ਇਹ ਗੱਲ ਸਾਹਮਣੇ ਆ ਗਈ ਹੈ ਕਿ ਕਾਂਗਰਸ ਸਰਕਾਰ ਕਿੰਨੀ ਕੁ ਇਮਾਨਦਾਰ ਹੈ। ਲੰਬੀ ਹਲਕੇ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਸਾਰਾ ਮਾਮਲਾ ਸਪਸ਼ਟ ਹੈ ਕਿ ਖੱਡਾਂ ਲੈਣ ਵਾਲੇ ਰਾਣਾ ਗੁਰਜੀਤ ਸਿੰਘ ਦੇ ਬੰਦੇ ਹਨ। ਉਨ੍ਹਾਂ ਦੇ ਨੌਕਰਾਂ ਕੋਲ ਇੰਨਾ ਪੈਸਾ ਕਿੱਥੋਂ ਆਇਆ, ਇੰਨਾ ਪੈਸਾ ਤਾਂ ਵੱਡੇ-ਵੱਡੇ ਬੰਦਿਆਂ ਕੋਲ ਨਹੀਂ ਹੁੰਦਾ। ਸਾਬਕਾ ਮੁੱਖ ਮੰਤਰੀ ਪਿੰਡ ਘੁਮਿਆਰਾ, ਲੁਹਾਰਾ, ਵੜਿੰਗ ਖੇੜਾ ਅਤੇ ਬਨਵਾਲਾ ਅਨੂੰਕਾ ਵਿੱਚ ਵੱਖ-ਵੱਖ ਪਰਿਵਾਰਾਂ ਵਿਚ ਹੋਈਆਂ ਮੌਤ ’ਤੇ ਸੋਗ ਪ੍ਰਗਟਾਉਣ ਉਪਰੰਤ ਪਿੰਡ ਬਨਵਾਲਾ ਵਿਚ ਗੱਲਬਾਤ ਕਰ ਰਹੇ ਸਨ। ਉਨ੍ਹਾਂ ਅਕਾਲੀ ਦਲ ਦੀ ਮੀਟਿੰਗ ਦੌਰਾਨ ਵਰਕਰਾਂ ਵਿਚਕਾਰ ਹੋਈ ਨਾਅਰੇਬਾਜ਼ੀ ਅਤੇ ਖਿੱਚੋਤਾਣ ਬਾਰੇ ਪੁੱਛੇ ਸਵਾਲ ’ਤੇ ਕਿਹਾ ‘ਖ਼ਾਲਸਾ ਸੋ ਜੋ ਕਰੇ ਨਿੱਤ ਜੰਗ’। ਅਜਿਹੀਆਂ ਛੋਟੀਆਂ-ਮੋਟੀਆਂ ਗੱਲਾਂ ਚੱਲਦੀਆਂ ਰਹਿੰਦੀਆਂ ਹਨ।

ਮੌਜੂਦਾ ਸਮੇਂ ਪੰਜਾਬ ਵਿੱਚ ਜੁਰਮ ਦਰ ਵਧਣ ਬਾਰੇ ਸ੍ਰੀ ਬਾਦਲ ਨੇ ਕਿਹਾ ਕਿ ਆਮ ਜਨਤਾ ਖੁੱਲ੍ਹੀਆਂ ਅੱਖਾਂ ਨਾਲ ਸਭ ਕੁਝ ਵੇਖ ਰਹੀ ਹੈ। ਉਨ੍ਹਾਂ ਮੁੱਖ ਮੰਤਰੀ ’ਤੇ ਕਟਾਕਸ਼ ਕਰਦਿਆਂ ਕਿਹਾ ਕਿ ਉਹ ਤਾਂ ਕਦੇ ਕਿਸੇ ਨੂੰ ਮਿਲਦੇ ਹੀ ਨਹੀਂ। ਵੋਟਾਂ ਮਗਰੋਂ ਉਹ ਲੰਬੀ ਹਲਕੇ ਦੇ ਲੋਕਾਂ ਵਿੱਚ ਇੱਕ ਮਿੰਟ ਲਈ ਵੀ ਨਹੀਂ ਆਏ ਜਦਕਿ ਵੋਟਾਂ ਤੋਂ ਪਹਿਲਾਂ ਵਾਅਦੇ ਵੱਡੇ-ਵੱਡੇ ਕੀਤੇ ਗਏ ਸਨ।



ਨੂੰਹ ਨੂੰ ਪੂਰੇ ਬਟਾ ਪੂਰੇ ਨੰਬਰ :

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਨੂੰਹ ਹਰਸਿਮਰਤ ਬਾਦਲ ਨੂੰ ਬਤੌਰ ਵਜ਼ੀਰ ਸੌ ਵਿੱਚੋਂ ਸੌ ਨੰਬਰ ਦਿੱਤੇ ਹਨ। ਉਨ੍ਹਾਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਕਾਰਗੁਜ਼ਾਰੀ ਪੱਖੋਂ ਅਖੀਰਲੇ ਪਾਏਦਾਨ ’ਤੇ ਮੰਨੇ ਜਾਣ ਨੂੰ ਗਲਤ ਦੱਸਦਿਆਂ ਕਿਹਾ ਕਿ ਜਿੰਨਾ ਕੰਮ ਹਰਸਿਮਰਤ ਨੇ ਕੀਤਾ ਹੈ, ਉੱਨਾ ਸ਼ਾਇਦ ਹੀ ਕਿਸੇ ਹੋਰ ਨੇ ਕੀਤਾ ਹੋਵੇ।

### ਰਾਮਦੇਵ ਦੀ ਪਤੰਜਲੀ ਦੇ 32 ਉਤਪਾਦ ਗੁਣਵੱਤਾ ਪਰਖ ’ਚੋਂ ਫੇਲ੍ਹ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸਵਦੇਸ਼ੀ ਅਤੇ ਵਧੀਆ ਉਤਪਾਦਾਂ ਦਾ ਦਾਅਵਾ ਕਰਨ ਵਾਲੇ ਯੋਗ ਗੁਰੂ ਰਾਮਦੇਵ ਨੂੰ ਉਸ ਵੇਲੇ ਵੱਡਾ ਝਟਕਾ ਜਦੋਂ ਪਤੰਜਲੀ ਦੇ ਕਰੀਬ 40 ਫੀਸਦੀ ਉਤਪਾਦ ਕੁਆਲਿਟੀ ਟੈਸਟ ਵਿਚ ਫੇਲ੍ਹ ਹੋ ਗਏ। ਜਿਸ ਦੇ ਬਾਅਦ ਇਨ੍ਹਾਂ ਦੀ ਗੁਣਵੱਤਾ ’ਤੇ ਸਵਾਲ ਖੜ੍ਹੇ ਹੋ ਗਏ। ਆਰ.ਟੀ.ਆਈ. ਰਾਹੀਂ ਮਿਲੀ ਜਾਣਕਾਰੀ ਅਨੁਸਾਰ ਹਰਿਦੁਆਰ ਦੇ ਆਯੁਰਵੇਦ ਅਤੇ ਯੂਨਾਨੀ ਦਫ਼ਤਰ ਨੇ ਜਾਂਚ ਦੇ ਬਾਅਦ ਇਹ ਰਿਪੋਰਟ ਦਿੱਤੀ ਹੈ। ਇਕ ਅੰਗਰੇਜ਼ੀ ਅਖ਼ਬਾਰ ਦੀ ਖਬਰ ਅਨੁਸਾਰ ਜਾਂਚ ਲਈ 2013 ਤੋਂ 2016 ਦਰਮਿਆਨ ਪਤੰਜਲੀ ਦੇ 82 ਉਤਪਾਦਾਂ ਦੇ ਨਮੂਨੇ ਲਏ ਗਏ ਸਨ, ਜਿਨ੍ਹਾਂ ਵਿਚੋਂ 32 ਨਮੂਨੇ ਕੁਆਲਿਟੀ ਟੈਸਟ ਵਿਚ ਫੇਲ੍ਹ ਹੋ ਗਏ ਹਨ। ਜੋ ਉਤਪਾਦ ਫੇਲ੍ਹ ਹੋਏ ਹਨ, ਉਨ੍ਹਾਂ ਵਿਚ ਪਤੰਜਲੀ ਦਾ ਆਵਲਾਂ ਜੂਸ ਵੀ ਸ਼ਾਮਲ ਹੈ। ਰਿਪੋਰਟ ਅਨੁਸਾਰ ਇਨ੍ਹਾਂ ਉਤਪਾਦਾਂ ਵਿਚ ਤੈਅ ਮਾਪਦੰਡਾਂ ਅਨੁਸਾਰ ਪੀ.ਐਚ.ਵੈਲਿਊ ਬਹੁਤ ਘੱਟ ਹੈ। ਪੀ.ਐਚ. ਵੈਲਿਊ 7 ਤੋਂ ਘੱਟ ਹੋਣ ’ਤੇ ਐਸੀਡਿਟੀ (ਤੇਜ਼ਾਬੀ ਮਾਦਾ) ਅਤੇ ਹੋਰ ਮੈਡੀਕਲ ਪ੍ਰੇਸ਼ਾਨੀਆਂ ਹੋ ਸਕਦੀਆਂ ਹਨ। ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਫੌਜ ਦੀਆਂ ਕੰਟੀਨਾਂ ਨੇ ਵੀ ਪਤੰਜਲੀ ਦੇ ਆਵਲਾਂ ਜੂਸ ’ਤੇ ਪਾਬੰਦੀ ਲਗਾ ਦਿੱਤੀ ਸੀ ਕਿਉਂਕਿ ਇਹ ਪੱਛਮੀ ਬੰਗਾਲ ਦੀ ਲੈਬਾਰਟਰੀ ਵਿਚ ਫੇਲ੍ਹ ਹੋ ਗਿਆ ਸੀ।

ਰਾਮਦੇਵ ਦੇ ਸਹਿਯੋਗੀ ਅਤੇ ਪਤੰਜਲੀ ਦੇ ਸੀ.ਈ.ਓ. ਅਚਾਰਿਆ ਬਾਲਕ੍ਰਿਸ਼ਨ ਨੇ ਲੈਬਾਰਟਰੀ ਦੀ ਰਿਪੋਰਟ ਨੂੰ ਗਲਤ ਦੱਸਿਆ ਹੈ ਅਤੇ ਕਿਹਾ ਹੈ ਕਿ ਇਹ ਪਤੰਜਲੀ ਬ੍ਰਾਂਡ ਦੇ ਅਕਸ ਨੂੰ ਖਰਾਬ ਕਰਨ ਦੀ ਕੋਸ਼ਿਸ਼ ਹੈ। ਪਤੰਜਲੀ ਉਤਪਾਦਾਂ ਦੇ ਇਲਾਵਾ ਆਯੁਰਵੈਦਿਕ ਦਵਾਈਆਂ ਦੇ 18 ਨਮੂਨੇ ਵੀ ਕੁਆਲਿਟੀ ਮਾਪਦੰਡਾਂ ’ਤੇ ਪੂਰੇ ਨਹੀਂ ਉਤਰੇ।

ਅੰਮ੍ਰਿਤਸਰ ਟਾਈਮਜ਼
AMRITSAR TIMES
31 ਮਈ 2017 ਤੋਂ 06 ਜੂਨ 2017

## ਸਦਾ ਜਿਉਂਦੀਆਂ ਯਾਦਾਂ, ਉਮਰਾਂ ਲੰਮੇ ਜ਼ਖ਼ਮ

ਇਤਿਹਾਸ ਦਾ ਆਪਣਾ ਹੀ ਕਰਮ ਹੈ। ਜਿੱਥੇ ਇਹ ਸਾਨੂੰ ਬੀਤੇ ਦੀਆਂ ਪ੍ਰਾਪਤੀਆਂ ਤੋਂ ਸਬਕ ਸਿੱਖ ਕੇ ਅੱਗੇ ਵੱਧਣ ਲਈ ਰਾਹ ਦਰਸਾਉਂਦਾ ਹੈ ਉੱਥੇ ਕੁਝ ਦਰਦੀਲੀਆਂ ਅਤੇ ਕੁਸੈਲੀਆਂ ਯਾਦਾਂ ਦੇ ਜ਼ਰੀਏ ਸਾਨੂੰ ਵਾਰ ਵਾਰ ਬੇਚੈਨ ਵੀ ਕਰਦਾ ਹੈ। ਕਿਉਂਕਿ ਇਤਿਹਾਸ ਨਾ ਬਦਲਿਆ ਜਾ ਸਕਦਾ ਤੇ ਨਾ ਹੀ ਭੁਲਾਇਆ, ਇਹ ਸਦਾ ਸਾਡੇ ਅੰਗ ਸੰਗ ਰਹਿੰਦਾ ਹੈ। ਇਸ ਲਈ ਸਮੁੱਚੀ ਦੁਨੀਆ ਦਾ ਸਾਂਝਾ ਇਤਿਹਾਸ ਹੋਣ ਦੇ ਨਾਲ ਇਸ ਸਮੁੱਚੇ ਵਰਤਾਰੇ ਵਿਚੋਂ ਮਨੁੱਖਾਂ, ਕੌਮਾਂ ਅਤੇ ਮੁਲਕਾਂ ਦੇ ਆਪਣੇ ਵੀ ਇਤਿਹਾਸ ਹੁੰਦੇ ਹਨ। ਕਿਸੇ ਕਬੀਲੇ, ਕੌਮ ਅਤੇ ਭੂਗੋਲਿਕ ਖਿਤੇ ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਦੀ ਕਹਾਣੀ ਉਸ ਦੇ ਭੂਤਕਾਲ ਬਾਰੇ ਸਾਨੂੰ ਸੋਝੀ ਦਿੰਦੀ ਹੋਈ ਭਵਿੱਖ ਲਈ ਚਾਨਣਮੁਨਾਰਾ ਬਣਨ ਦੀ ਭੂਮਿਕਾ ਅਦਾ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਲਾਏ ਸਿੱਖੀ ਦੇ ਬੂਟੇ ਨੂੰ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਦਾ ਰੂਪ ਦਿੰਦਿਆਂ ਵੱਖਰੀ ਕੌਮ ਵਜੋਂ ਸਥਾਪਤ ਕਰਨ ਬਾਅਦ ਖਾਲਸਾ ਪੰਥ ਦਾ ਇਤਿਹਾਸ ਬੜਾ ਜੁਝਾਰੂ ਅਤੇ ਸ਼ਾਨਾਂਮੱਤਾ ਹੈ। ਜਬਰ ਜ਼ੁਲਮ ਦੇ ਖ਼ਿਲਾਫ ਲੜਣ ਅਤੇ ਮਜ਼ਲੂਮਾਂ ਦੀ ਰੱਖਿਆ ਕਰਨ ਵਾਲੀ ਸਿੱਖ ਕੌਮ ਨੇ ਮਹਿਜ਼ ਆਪਣੇ ਲਈ ਨਹੀਂ ਬਲਕਿ ਹੋਰਨਾਂ ਧਰਮਾਂ ਅਤੇ ਫਿਰਕਿਆਂ ਦੇ ਲੋਕਾਂ ਦੀ ਰੱਖਿਆ ਲਈ ਜਦੋ-ਜਹਿਦ ਕਰਦਿਆਂ ਕੁਰਬਾਨੀਆਂ ਵੀ ਦਿੱਤੀਆਂ।

ਹੱਕ ਸੱਚ ਲਈ ਖੜ੍ਹਨ ਤੇ ਲੜਣ ਵਾਲੀ ਸਿੱਖ ਕੌਮ ਦਾ ਸਮੇਂ ਦੇ ਹਾਕਮਾਂ ਨਾਲ ਟਕਰਾਅ ਸੁਭਾਵਕ ਸੀ ਅਤੇ ਹੁੰਦਾ ਆਇਆ ਹੈ। ਮੁਗ਼ਲ ਹਾਕਮਾਂ ਤੋਂ ਬਾਅਦ ਅੰਗਰੇਜ਼ ਹਕੂਮਤ ਦੇ ਵਿਰੁਧ ਸਿੱਖ ਚੱਟਾਨ ਵਾਂਗ ਖੜ੍ਹੇ। ਭਾਰਤ ਦੀ ਆਜ਼ਾਦੀ ਦੀ ਲੜਾਈ ਲਈ ਸਭ ਤੋਂ ਵੱਧ ਸ਼ਹਾਦਤਾਂ ਪਾਉਣ ਵਾਲੇ ਸਿੱਖਾਂ ਦੇ ਯੋਗਦਾਨ ਨੂੰ ਨਵੇਂ ਸ਼ਾਸ਼ਕਾਂ ਨੇ ਜਦੋਂ ਅਣਗੌਲਿਆਂ ਕਰਨਾ ਸ਼ੁਰੂ ਕੀਤਾ ਤਾਂ ਮੌਜੂਦਾ ਸੰਘਰਸ਼ ਦਾ ਮੁੱਢ ਬੱਝਿਆ। ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਵਲੋਂ ਭਾਰਤ ਦੀ ਵੰਡ ਵੇਲੇ ਕੀਤੇ ਵਾਅਦਿਆਂ ਤੋਂ ਬਾਅਦ ਵਿੱਚ ਮੁਕਰ ਜਾਣ ਨਾਲ ਸਿੱਖਾਂ ਦਾ ਭਾਰਤੀ ਸਟੇਟ ਅਤੇ ਹਾਕਮਾਂ ਤੋਂ ਭਰੋਸਾ ਉਠ ਜਾਣਾ ਸੁਭਾਵਕ ਸੀ। ਫਿਰ ਪੰਜਾਬੀ ਸੂਬੇ ਵੇਲੇ ਕੀਤੇ ਧੱਕੇ ਅਤੇ ਪਾਣੀਆਂ ਦੀ ਕਾਣੀ ਵੰਡ ਨੇ ਸਿੱਖਾਂ ਨੂੰ ਵਾਰ ਵਾਰ ਸੰਘਸ਼ ਦੇ ਰਾਹ ਪੈਣ ਲਈ ਮਜਬੂਰ ਕੀਤਾ। ਪੰਜਾਬੀ ਬੋਲਦੇ ਇਲਾਕੇ ਅਤੇ ਅਪਣੇ ਦਰਿਆਈ ਪਾਣੀਆਂ ਦਾ ਹੱਕ ਬਹਾਲ ਕਰਾਉਣ ਲਈ ਸ਼ੁਰੂ ਕੀਤੇ ਧਰਮ ਯੁੱਧ ਮੋਰਚੇ ਪ੍ਰਤੀ ਵੇਲੇ ਦੀ ਕੇਂਦਰ ਸਰਕਾਰ ਵਲੋਂ ਦੇਸ਼ ਵਿਰੋਧੀ ਯੁੱਧ ਕਰਾਰ ਦੇ ਕੇ ਕੀਤੀਆਂ ਕਾਰਵਾਈਆਂ ਨੂੰ ਜੂਨ 84 ਵਿੱਚ ਅਪਰੇਸ਼ਨ ਬਲਿਊ ਸਟਾਰ ਦੇ ਨਾਂਅ ਹੇਠ ਅੰਜਾਮ ਦੇਣ ਨਾਲ ਜੋ ਸਿੱਟੇ ਸਾਹਮਣੇ ਆਏ, ਉਹ ਸਭਨਾਂ ਸਿੱਖਾਂ ਲਈ ਬੇਹੱਦ ਦੁਖਦਾਈ ਵੀ ਹਨ, ਅਸਹਿ ਵੀ ਅਤੇ ਨਾ ਭੁਲਣਯੋਗ ਵੀ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਸਿੱਖਾਂ ਦੇ ਸਰਬਉੱਚ ਧਾਰਮਿਕ ਸਥਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਜੂਨ 1984 ਦੇ ਪਹਿਲੇ ਹਫ਼ਤੇ ਭਾਰਤੀ ਫੌਜ ਦਾ ਜ਼ਾਲਮਾਨਾ ਹਮਲਾ, ਸੈਂਕੜੇ ਸਿੱਖਾਂ ਨੂੰ ਸ਼ਹੀਦ ਕਰਨਾ ਅਤੇ ਮੀਰੀ ਪੀਰੀ ਦੇ ਸੂਚਕ ਅਕਾਲ ਤਖ਼ਤ ਸਾਹਿਬ ਨੂੰ ਢਾਹ-ਢੇਰੀ ਕਰਨ ਵਾਲੀ ਕਾਰਵਾਈ ਦਾ ਸਿੱਟਾ ਹਮਲੇ ਦੀ ਕਰਤਾ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਉਸ ਵੇਲੇ ਦੇ ਫੌਜੀ ਮੁਖੀ ਜਨਰਲ ਵੈਦਿਆ ਅਤੇ ਹੋਰਨਾਂ ਨੂੰ ਸਿੱਖ ਰਵਾਇਤਾਂ ਅਨੁਸਾਰ ਦਿੱਤੀ ਸਜ਼ਾ ਦੇ ਰੂਪ ਵਿੱਚ ਸਾਹਮਣੇ ਆਇਆ। ਦਰਬਾਰ ਸਾਹਿਬ ਦੀ ਪਰਿਕਰਮਾ ਵਿਚੋਂ ਭਾਰਤੀ ਫੌਜ ਦੇ ਵਿਸ਼ੇਸ਼ ਸਿਖਲਾਈਯਾਫ਼ਤਾ ਅਤੇ ਅਤਿ ਆਧੁਨਿਕ ਹਥਿਆਰਾਂ ਨਾਲ ਲੈੱਸ ਵਿਸ਼ੇਸ਼ ਦਸਤਿਆਂ ਨੂੰ ਢੇਰੀ ਕਰਨ ਅਤੇ ਟੈਂਕਾਂ ਦੇ ਮੂੰਹ ਮੋੜ ਦੇਣ ਵਾਲੀ ਗਹਿਗੱਚ ਲੜਾਈ ਵਿੱਚ ਸ਼ਹਾਦਤ ਪਾਉਣ ਵਾਲੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਵਲੋਂ ਕੌਮ ਨੂੰ ਦਰਸਾਏ ਰਾਹ ਉੱਤੇ ਪਹਿਰਾ ਦਿੰਦੇ ਹੋਏ ਸਿੱਖ ਖਾੜਕੂਆਂ ਨੇ ਜਿਹੜੀ ਲੜਾਈ ਲੜੀ, ਉਹ ਸਿੱਖ ਇਤਿਹਾਸ ਦਾ ਸ਼ਾਨਦਾਰ ਅਧਿਆਏ ਹੈ। ਉਸ ਦੌਰਾਨ ਸਮੁੱਚੇ ਸਿੱਖ ਪੰਥ ਅਤੇ ਪੰਜਾਬੀਆਂ ਨੇ ਜਿਹੜੇ ਦੁੱਖ ਝੱਲੇ ਅਤੇ ਬਹਾਦਰੀ ਨਾਲ ਹੁਣ ਤੱਕ ਇਨਸਾਫ਼ ਖ਼ਾਤਰ ਜਦੋ-ਜਹਿਦ ਕਰਦੇ ਆ ਰਹੇ ਹਨ, ਉਸ ਲੜਾਈ ਜ਼ਰੂਰ ਕਿਸੇ ਚੰਗੇ ਭਵਿੱਖ ਲਈ ਸਹਾਈ ਹੋਵੇਗੀ। ਅਪਰੇਸ਼ਨ ਬਲਿਊ ਸਟਾਰ, ਜਿਸ ਨੂੰ ਸਿੱਖ ਕੌਮ ਨੇ "ਜੂਨ 84 ਘੱਲੂਘਾਰਾ" ਵਜੋਂ ਚੇਤਿਆਂ ਵਿੱਚ ਵਸਾਇਆ ਹੋਇਆ ਹੈ, ਦੇ ਮੌਕੇ ਸਮੂਹ ਸ਼ਹੀਦਾਂ ਨੂੰ ਸਿਜਦਾ ਕਰਦਿਆਂ ਹਕੂਮਤੀ ਜ਼ੁਲਮਾਂ ਅਤੇ ਵਧੀਕੀਆਂ ਸਹਿਣ ਵਾਲੇ ਸਭਨਾਂ ਲੋਕਾਂ ਅੱਗੇ ਹਰ ਸਿੱਖ ਦਾ ਸਿਰ ਝੁਕਦਾ ਹੈ। ਦੁਨੀਆ ਦੇ ਕੋਨੇ ਕੋਨੇ ਵਿੱਚ ਵਸਦਾ ਸਿੱਖ ਭਾਈਚਾਰਾਂ ਇਸ ਖ਼ੂਨੀ ਕਾਂਡ ਵਿਰੁੱਧ ਰੋਸ ਮੁਜ਼ਾਹਰੇ ਅਤੇ ਸ਼ਹੀਦਾਂ ਦੀ ਯਾਦ ਵਿੱਚ ਨਗਰ ਕੀਰਤਨ, ਸ਼ਹੀਦੀ ਸਮਾਗਮ ਅਤੇ ਸੈਮੀਨਾਰ ਕਰਵਾ ਕੇ ਸਿੱਖ ਨਿਸ਼ਾਨੇ ਨਾਲ ਆਪਣੀ ਪ੍ਰਤੀਬੱਧਤਾ ਦ੍ਰਿੜਾਉਂਦੇ ਹਨ। ਅਜਿਹੇ ਮੌਕੇ ਕੌਮ ਦੀ ਨਵੀਂ ਪੀੜ੍ਹੀ ਲਈ ਬੜਾ ਕੁਝ ਸਿੱਖਣ ਅਤੇ ਸਮਝਣ ਲਈ ਸਹਾਈ ਹੁੰਦੇ ਹਨ। ਨਿਰਸੰਦੇਹ ਸਦਾ ਜਿਉਂਦੀਆਂ ਯਾਦਾਂ, ਉਮਰਾਂ ਲੰਮੇ ਜ਼ਖ਼ਮ ਕਿਸੇ ਵੀ ਕੌਮ ਦੇ ਲੋਕਾਂ ਨੂੰ ਸਦੀਆਂ ਤੱਕ ਬੇਚੈਨ ਕਰਦੇ ਰਹਿੰਦੇ ਹਨ। ਪਰ ਇਹ ਯਾਦਾਂ, ਇਹ ਜ਼ਖ਼ਮ ਇਨਸਾਫ਼ ਪ੍ਰਾਪਤ ਕਰਨ ਲਈ ਲਗਾਤਾਰ ਜੂਝਣ ਦਾ ਬਲ ਵੀ ਬਖ਼ਸ਼ਦੀਆਂ ਹਨ।

# ਜੂਨ 1984 ਦੇ ਘੱਲੂਘਾਰੇ ਬਾਰੇ ਲੁਕੀ ਹੋਈ ਸਭਿਆਚਾਰਕ ਰਾਜਨੀਤੀ ਦਾ ਵਿਸ਼ਲੇਸ਼ਣ

**ਉਪਰੇਸ਼ਨ ਬਲਿਊ ਸਟਾਰ ਨੂੰ ਸਿੱਖ ਸਿਮਰਿਤੀ ਵਿੱਚ ਗੰਭੀਰਤਾ ਨਾਲ ਉਭਾਰਨ ਦੀ ਲੋੜ ਹੈ। ਅਜਿਹੀ ਗੰਭੀਰਤਾ ਜੋ ਸਿੱਖਾਂ ਵਿੱਚ ਕੌਮੀ ਨਾਇਕ ਹੋਣ ਦਾ ਚੇਤਾ ਵੀ ਕਰਵਾਵੇ ਅਤੇ ਨਾਲ ਹੀ ਪੰਜਾਬੀ ਕੌਮ ਦਾ ਮੂਹਰਲਾ ਦਸਤਾ ਬਣ ਕੇ ਪੰਜਾਬ ਨੂੰ ਸੋਸ਼ਣ ਅਤੇ ਪ੍ਰਤੰਤਰਤਾ ਤੋਂ ਮੁਕਤ ਕਰਵਾਏ। ਇਸ ਮੰਤਵ ਲਈ ਭਾਰਤ ਵਿੱਚ ਲਾਗੂ ਸੰਵਿਧਾਨ ਵਿਚ ਸੋਧ ਕਰਕੇ ਇੱਥੇ ਕਨਫੈਡਰੇਸ਼ਨ ਬਣਾਉਣ ਲਈ ਚੇਤਨਾ ਵਧਾਉਣ ਵਾਸਤੇ ਇਸ ਮੌਕੇ ਉਤੇ ਵਚਨਬੱਧਤਾ ਪੱਕੀ ਕਰਨ ਦੀ ਲੋੜ ਹੈ।**

**(ਡਾ. ਗੁਰਭਗਤ ਸਿੰਘ ਵਲੋਂ ਇਹ ਲੇਖ ਜੂਨ 1984 ਦਾ ਸਾਕਾ ਵਾਪਰਨ ਤੋਂ ਕਰੀਬ ਵੀਹ ਵਰ੍ਹੇ ਬਾਅਦ ਲਿਖਿਆ ਗਿਆ ਸੀ।)**

**ਡਾ. ਗੁਰਭਗਤ ਸਿੰਘ**



ਲੰਮੇ ਅਰਸੇ ਮਗਰੋਂ ਵੀ ਉਪਰੇਸ਼ਨ ਬਲਿਊ ਸਟਾਰ ਦੀ ਗੰਭੀਰਤਾ ਨੂੰ ਸਮਝਣ ਦਾ ਯਤਨ ਨਹੀਂ ਕੀਤਾ ਗਿਆ। ਵੇਖਣ ਨੂੰ ਇਹ ਉਸ ਵਕਤ



ਕਾਂਗਰਸ ਦੀ ਨੇਤਾ ਅਤੇ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਦਰਬਾਰ ਸਾਹਿਬ ਅਤੇ ਹੋਰ ਪਵਿੱਤਰ ਸਿੱਖ ਗੁਰਦੁਆਰਿਆਂ ਵਿੱਚ ਬੈਠੇ ਖਾੜਕੂ ਨੌਜੁਆਨਾਂ ਅਤੇ ਉਨ੍ਹਾਂ ਦੇ ਸਟੇਟ ਲਈ ਖਤਰਨਾਕ ਲੀਡਰਾਂ ਨੂੰ ਖਤਮ ਕਰਨ ਲਈ ਕੀਤਾ ਗਿਆ ਐਕਸ਼ਨ ਸੀ, ਜਿਸ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਿਰਕੱਢ ਸਾਥੀ ਸ਼ਹੀਦ ਹੋ ਗਏ। ਇਸ ਐਕਸ਼ਨ ਨੂੰ ਦੇਸ਼ ਦੇ ਹਿੱਤ ਅਤੇ ਸ਼ਾਂਤੀ ਲਈ ਸਥਾਪਿਤ ਕਰਨ ਲਈ ਕੀਤੀ ਗਈ ਕਾਰਵਾਈ ਵਜੋਂ ਹੀ ਪੇਸ਼ ਕੀਤਾ ਗਿਆ।

ਇਹ ਵੀ ਭੁੱਲਣ ਵਾਲੀ ਗੱਲ ਨਹੀਂ ਕਿ ਜਦੋਂ ਸੰਤ ਜਰਨੈਲ ਸਿੰਘ ਅਕਾਲ ਤਖ਼ਤ ਦੇ ਕੰਪਲੈਕਸ ਵਿੱਚ ਆਪਣੇ ਸਲਾਹਕਾਰਾਂ ਦੀ ਸਹਾਇਤਾ ਨਾਲ ਨੌਜੁਆਨਾਂ ਨੂੰ ਪ੍ਰੇਰਿਤ ਕਰ ਰਹੇ ਸਨ, ਉਸ ਸਮੇਂ ਸੰਤ ਹਰਚੰਦ ਸਿੰਘ ਲੌਂਗੋਵਾਲ ਵੀ ਮੋਰਚਾ ਚਲਾ ਰਹੇ ਸਨ। ਉਨ੍ਹਾਂ ਨੇ ਪੰਜਾਬ ਦੇ ਕਿਸਾਨਾਂ ਦੀ ਕਣਕ ਦੂਜੇ ਰਾਜਾਂ ਵਿਚ ਨਾਂ ਭੇਜਣ ਦਾ ਐਲਾਨ ਕਰ ਦਿੱਤਾ ਹੋਇਆ ਸੀ। ਉਨ੍ਹਾਂ ਦੇ ਐਲਾਨ ਦੇ ਝੱਟ ਪਿੱਛੋਂ ਹੀ ਉਪਰੇਸ਼ਨ ਬਲਿਊ ਸਟਾਰ, ਜਿਸ ਦਾ ਅਭਿਆਸ ਬਹੁਤ ਦੇਰ ਤੋਂ ਹੋ ਰਿਹਾ ਸੀ, ਕਰ ਦਿੱਤਾ ਗਿਆ। ਜਦੋਂ ਕਿ ਪ੍ਰਧਾਨ ਮੰਤਰੀ ਇੱਕ ਦਿਨ ਪਹਿਲਾਂ ਤੱਕ ਕਹਿ ਰਹੀ ਸੀ ਕਿ ਉਸ ਦਾ ਅਜਿਹਾ ਕੋਈ ਇਰਾਦਾ ਨਹੀਂ ਹੈ। ਅਸਲ ਵਿਚ ਜੋ ਗੱਲ ਅਕਾਲੀਆਂ ਅਤੇ ਬਾਕੀ ਸਿੱਖਾਂ ਬਾਰੇ ਕਾਂਗਰਸ ਅਤੇ ਇੰਦਿਰਾ ਗਾਂਧੀ ਨੂੰ ਪ੍ਰਵਾਨ ਨਹੀਂ ਸੀ ਅਤੇ ਜਿਸ ਨੂੰ ਜੜ੍ਹੋਂ ਉਖਾੜਨ ਲਈ ਸਰਕਾਰ ਨੇ ਉਹ ਉਪਰੇਸ਼ਨ ਕੀਤਾ, ਉਹ ਸੀ ਸਿੱਖਾਂ ਦਾ ਆਪਣੇ ਆਪ ਨੂੰ ਇੱਕ ਵੱਖਰੀ ਕੌਮ ਮੰਨਣਾ।

ਸੰਤ ਲੌਂਗੋਵਾਲ ਵੀ ਆਪਣੇ ਭਾਸ਼ਣਾਂ ਵਿਚ ਸਿੱਖਾਂ ਨੂੰ ਵੱਖਰੀ ਕੌਮ ਕਹਿ ਚੁੱਕੇ ਸਨ। ਭਾਵੇਂ ਸੰਤ ਲੌਂਗੋਵਾਲ ਦੇ ਮੋਰਚੇ ਅਤੇ ਭਿੰਡਰਾਂਵਾਲਿਆਂ ਦਾ ਨੌਜਵਾਨਾਂ ਨੂੰ ਆਪਣੇ ਮਾਣ ਲਈ ਜਿਉਣ ਵਾਸਤੇ ਪ੍ਰੇਰਿਤ ਕਰਨ ਲਈ ਐਕਸ਼ਨ ਵਿਚ ਆਉਣ ਲਈ ਪਿਛੋਕੜ ਉਸ ਵੇਲੇ ਦੀ ਮੱਧਲੀ ਅਤੇ ਹੇਠਲੀ ਸਿੱਖ ਕਿਸਾਨੀ ਦੀ ਮੰਦੀ ਆਰਥਿਕ ਹਾਲਤ ਹੀ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਪਿੱਛੋਂ ਖਾਲਸਾ ਰਾਜ ਦੇ ਅਣਸੰਗਠਨ ਨਾਲ ਸਿੱਖਾਂ ਨੇ ਸੁਤੰਤਰ ਪੰਜਾਬੀ ਰਾਜ ਸਥਾਪਤ ਕਰਨ ਦੀ ਜੋ ਭੂਮਿਕਾ ਨਿਭਾਈ ਸੀ, ਉਸ ਦੇ ਛੇਤੀ ਸਮਾਪਤ ਹੋ ਜਾਣ ਕਾਰਨ ਉਨ੍ਹਾਂ ਵਿੱਚ ਸਦਾ ਕਾਇਮ ਰਹਿਣ ਵਾਲੀ ਅਸੰਤੁਸ਼ਟਤਾ ਘਰ ਕਰ ਗਈ ਸੀ। ਬਰਤਾਨਵੀ ਸਾਮਰਾਜ ਨੇ ਇੱਕ ਚੇਤੰਨ ਨੀਤੀ ਅਧੀਨ ਸਿੱਖਾਂ ਦੇ ਕ੍ਰਾਂਤੀਕਾਰੀ ਅਤੇ ਸੁਤੰਤਰ ਰਾਜ ਕਾਇਮ ਕਰਨ ਵਾਲੇ ਮੂਲ ਵਿਧਾਨ ਨੂੰ ਤੋੜਿਆ। ਕੁੱਝ ਲਾਲਚ, ਕੁੱਝ ਪ੍ਰਸ਼ੰਸਾ ਨਾਲ ਬਰਤਾਨਵੀ ਰਾਜ ਦੇ ਸਮੱਰਥਕ ਬਣਾਉਣ ਦਾ ਯਤਨ ਕੀਤਾ। ਇਕ ਵਿਸ਼ੇਸ਼ ਵਰਗ ਨੂੰ ਜਗੀਰਾਂ ਦੇ ਕੇ ਸਾਮਰਾਜ ਨੂੰ ਪੱਕਾ ਕਰਨ ਲਈ ਵਰਤਿਆ। ਉਨ੍ਹਾਂ ਨੂੰ ਸਾਮਰਾਜ ਦੇ ਬਹਾਦਰ ਸਿਪਾਹੀ ਬਣਾ ਲਿਆ।

ਬਰਤਾਨਵੀ ਸਾਮਰਾਜ ਸਿੱਖਾਂ ਦੇ ਨਾਇਕ ਬਣਨ, ਸੁਤੰਤਰ ਰਾਜ ਸਥਾਪਿਤ ਕਰਕੇ ਇਕ ਕੌਮ ਉਸਾਰਨ ਦੀ ਸ਼ਕਤੀ ਨੂੰ ਸਮਝਦਾ ਸੀ ਅਤੇ ਉਸ ਨੂੰ ਹਰ ਹੀਲੇ ਬਖੇਰਨ ਲਈ ਵਿਊਂਤਬੰਦੀ ਕਰਦਾ ਰਹਿੰਦਾ ਸੀ। ਪਰ ਸਿੱਖਾਂ ਵਿਚੋਂ ਸਮੂਹਿਕ ਤੌਰ 'ਤੇ ਆਪਣੀ ਇਸ ਸ਼ਕਤੀ ਪ੍ਰਤੀ ਭਾਵਨਾ ਅਤੇ ਚੇਤਨਤਾ ਕਦੇ ਮੂਲੋਂ ਖਤਮ ਨਾ ਹੋਈ। ਇਨ੍ਹਾਂ ਨੂੰ ਜਿਉਂਦਾ ਰੱਖਣ ਲਈ ਜ਼ਿੰਮੇਵਾਰ ਸਿੱਖਾਂ ਦਾ ਇਤਿਹਾਸ, "ਸ੍ਰੀ ਗੁਰੂ ਗ੍ਰੰਥ ਸਾਹਿਬ" ਅਤੇ ਦਸਮ ਗ੍ਰੰਥ ਦੀ ਹੋਂਦ ਸਨ।

ਅੰਗਰੇਜ਼ਾਂ ਨੇ ਜਦੋਂ ਭਾਰਤ ਦੀ ਵੰਡ ਕੀਤੀ ਅਤੇ ਇਸ ਨੂੰ ਆਜ਼ਾਦ ਕੀਤਾ, ਅਕਾਲੀ ਲੀਡਰ ਆਪਣੀ ਸੀਮਤ ਰਾਜਨੀਤਿਕ ਸੂਝ ਕਾਰਨ ਸਿੱਖਾਂ ਲਈ ਕੋਈ ਆਜ਼ਾਦ ਖਿੱਤਾ ਨਾ ਲੈ ਸਕੇ। ਕੇਵਲ ਕਾਂਗਰਸ ਤੋਂ ਇਹ ਵਾਇਦਾ ਲੈ ਕੇ ਹੀ ਸੰਤੁਸ਼ਟ ਹੋ ਗਏ ਕਿ ਆਜ਼ਾਦੀ ਮਿਲਣ ਤੋਂ ਪਿੱਛੋਂ ਸਿੱਖਾਂ ਨੂੰ ਇੱਕ ਖਿੱਤਾ ਦਿੱਤਾ ਜਾਵੇਗਾ ਜਿੱਥੇ ਉਹ ਅਜ਼ਾਦੀ ਦੀ ਰੌਸ਼ਨੀ ਮਾਣ ਸਕਣ। ਕਾਂਗਰਸ ਅਤੇ ਇਸ ਦੀ ਸਰਪ੍ਰਸਤ ਬੁਰਜੁਆਜ਼ੀ ਜੋ ਸਾਰੇ ਭਾਰਤੀ ਉਪਮਹਾਂਦੀਪ ਨੂੰ ਆਪਣੀ ਬੇਰੋਕ ਮੰਡੀ ਬਣਾਉਣਾ ਚਾਹੁੰਦੀ ਸੀ, ਸਿੱਖਾਂ ਦੀ ਆਜ਼ਾਦੀ ਲਈ ਭਾਵਨਾ ਅਤੇ ਅੰਦਰੂਨੀ ਖਿੱਚ ਤੋਂ ਡਰਦੀਆਂ ਹਨ।

ਜਦੋਂ ਇੰਦਰਾ ਗਾਂਧੀ ਨੇ ਬਲਿਊ ਸਟਾਰ ਉਪਰੇਸ਼ਨ ਕੀਤਾ, ਉਹ ਇਸ ਡਰ ਵਿੱਚ ਹੀ ਸੀ ਕਿ ਸਿੱਖ ਆਜ਼ਾਦ ਕੌਮ ਵਜੋਂ ਆਪਣੀ ਹਸਤੀ ਨਾ ਸਥਾਪਤ ਕਰ ਲੈਣ। ਸਮੁੱਚੀ ਪੰਜਾਬੀ ਕੌਮ ਦੇ ਇਹ ਨਾਇਕ ਆਪਣੇ ਵਿਲੱਖਣ ਮੂਲ ਵਿਧਾਨ ਨਾਲ ਮਹਾਰਾਜਾ ਰਣਜੀਤ ਸਿੰਘ ਵਾਂਗ ਮੁੜ ਖਾਲਸਾ ਰਾਜ ਬਣਾਉਣ ਲਈ ਮਜਬੂਰ ਨਾ ਕਰ ਦੇਣ। ਇਸ ਨਾਲ ਭਾਰਤੀ ਉਪਮਹਾਂਦੀਪ ਨੂੰ ਇੱਕ ਕੌਮ ਦੇ ਤੌਰ 'ਤੇ ਨੂੜਨ ਦੀ ਕਾਂਗਰਸ ਦੀ ਨੀਤੀ ਬਿਖਰ ਸਕਦੀ ਸੀ। ਖਾਲਸਾ ਰਾਜ ਜਾਂ ਸਿੱਖ ਨਾਇਕਤਾ ਵਿਚ ਸੁਤੰਤਰ ਪੰਜਾਬੀ ਰਾਜ ਦੀ ਸਥਾਪਤੀ ਦਾ ਪ੍ਰਭਾਵ ਦੂਜੇ ਖਿੱਤਿਆਂ ਉਤੇ ਵੀ ਪੈ ਸਕਦਾ ਸੀ। ਤਾਮਿਲ, ਉੱਤਰ ਪੂਰਬੀ ਕਬੀਲੇ, ਆਸਾਮੀ, ਤੇਲਗੂ ਸਭ ਅਤ੍ਰਿਪਤ ਅਤੇ ਅਣਵਿਕਸਿਤ ਰੱਖੀਆਂ ਗਈਆਂ ਕੌਮਾਂ ਆਪਣੀ ਆਜ਼ਾਦੀ ਲਈ ਸ਼ਕਤੀਵਰ ਮੁਹਿੰਮ ਅਰੰਭ ਕਰ ਸਕਦੀਆਂ ਸਨ। ਕੁੱਝ ਨੇ ਪਹਿਲਾਂ ਹੀ ਅਰੰਭ ਕਰ ਦਿੱਤੀਆਂ ਸਨ। ਉਪਰੇਸ਼ਨ ਬਲਿਊ ਸਟਾਰ ਦਾ ਮੁੱਦਾ ਕੇਵਲ ਸਿੱਖਾਂ ਦੀ ਕੌਮੀ ਚੇਤਨਤਾ ਅਤੇ ਵਿਰਸੇ ਨੂੰ ਹੀ ਠੇਸ ਪਹੁੰਚਾਉਣਾ ਨਹੀਂ ਸੀ, ਸਗੋਂ ਭਾਰਤੀ ਉਪਮਹਾਂਦੀਪ ਨੂੰ ਇੱਕ-ਕੌਮੀ ਰੱਖਣ ਦੇ ਪ੍ਰੋਜੈਕਟ ਨੂੰ ਸਖ਼ਤੀ ਨਾਲ ਲਾਗੂ ਕਰਨਾ ਸੀ।

ਉਪਰੇਸ਼ਨ ਬਲਿਊ ਸਟਾਰ ਦੀ ਘਟਨਾ ਨੂੰ ਯਾਦ ਰੱਖਣ ਦੀ ਲੋੜ ਹੈ ਅਤੇ ਇਹ ਦ੍ਰਿੜ ਕਰਨਾ ਜ਼ਰੂਰੀ ਹੈ ਕਿ ਭਾਰਤੀ ਉਪਮਹਾਂਦੀਪ ਵਿਲੱਖਣ ਕੌਮਾਂ ਦਾ ਉਪਮਹਾਂਦੀਪ ਹੈ। ਇਥੇ ਹਰ ਕੌਮ ਦਾ ਆਪਣਾ ਖਿੱਤਾ, ਭਾਸ਼ਾ, ਸਾਹਿਤ, ਸੰਸਥਾਵਾਂ ਅਤੇ ਪ੍ਰੰਪਰਾਵਾਂ ਹਨ। ਇਨ੍ਹਾਂ ਨੂੰ ਇੱਕ-ਕੌਮ ਦੇ ਸ਼ਿਕੰਜੇ ਵਿੱਚ ਨਹੀਂ ਕੱਸਿਆ ਜਾ ਸਕਦਾ। ਹਿਟਲਰ ਨੇ ਯਹੂਦੀਆਂ ਦੀ ਹਸਤੀ ਮਿਟਾਉਣ ਦਾ ਅਣਮਨੁੱਖੀ ਯਤਨ ਕੀਤਾ। ਯਹੂਦੀ ਦਾਰਸ਼ਨਿਕਾਂ ਅਤੇ ਸਮਾਜ ਸ਼ਾਸਤਰੀਆਂ ਨੇ ਆਪਣੇ ਖੇਤਰ ਵਿੱਚ ਇਸ ਵੰਗਾਰ ਨੂੰ ਕਬੂਲਿਆ। ਉਨ੍ਹਾਂ ਨੇ ਆਪਣੀ ਖੋਜ ਰਾਹੀਂ ਸਿੱਧ ਕਰ ਦਿੱਤਾ ਕਿ ਚਿੰਤਨ, ਅਭਿਆਸ ਅਤੇ ਭਾਸ਼ਾ ਵਿਚ ਕਿਸੇ ਪ੍ਰਕਾਰ ਦਾ ਇੱਕਵਾਦ ਜੀਵਨ ਦੀ ਵਿਲੱਖਣਤਾ ਤੋਂ ਹੀ ਇਨਕਾਰ ਨਹੀਂ ਸਗੋਂ ਭਾਸ਼ਾ ਅਤੇ ਚਿੰਤਨ ਨੂੰ ਕੁੱਝ ਸ਼ਾਸਕ ਹਿੱਤਾਂ ਲਈ ਵਰਤਣਾ ਹੈ। ਜੀਵਨ ਦੀ ਵਿਲੱਖਣਤਾ ਜਿਵੇਂ ਭਾਸ਼ਾ ਅਤੇ ਪ੍ਰਤੀਕ ਵਿਧਾਨਾਂ ਵਿੱਚ ਪ੍ਰਗਟ ਹੋਣ ਲਈ ਤਾਂਘਦੀ ਹੈ, ਉਸ ਨੂੰ ਰੋਕਣਾ ਹੈ।

ਹਿਟਲਰ ਦੇ "ਮਹਾਂਨਾਸ਼" ਦੇ ਪਿੱਛੋਂ ਪੱਛਮ ਦੇ ਜਿਨ੍ਹਾਂ ਪ੍ਰਭਾਵਸ਼ਾਲੀ ਚਿੰਤਕਾਂ ਨੇ ਸੋਚ ਨੂੰ ਬਦਲਿਆ ਹੈ ਅਤੇ ਇਕ ਕੌਮੀ ਫਾਸ਼ੀਵਾਦ ਨੂੰ ਸਦਾ ਲਈ ਸਮਾਪਤ ਕਰਨ ਦਾ ਪ੍ਰਣ ਕੀਤਾ ਹੈ। ਉਹ ਅਸਲ ਯਹੂਦੀ ਸਨ। ਯਾਕ ਦੈਰਿਦਾ, ਲ੍ਹਿਤਾਰ (ਦ), ਲੈਵੀਨਾਸ ਉੱਤਰ ਆਧੁਨਿਕ ਚਿੰਤਕ ਸਭ ਯਹੂਦੀ ਸਨ। ਸਿੱਖ ਵਿਦਵਾਨਾਂ ਨੂੰ ਵੀ ਚਾਹੀਦਾ ਹੈ ਕਿ ਉਹ ਉਪਰੇਸ਼ਨ ਬਲਿਊ ਸਟਾਰ ਪਿੱਛੇ ਲੁਕੇ ਹੋਏ ਇੱਕ ਕੌਮੀਵਾਦ ਨੂੰ ਨੰਗਾ ਕਰਨ, ਭਾਰਤੀ ਉਪਮਹਾਂਦੀਪ ਦੀ ਬਹੁਕੌਮੀ ਅਸਲੀਅਤ ਨੂੰ ਸਾਹਮਣੇ ਲਿਆਉਣ। "ਸ੍ਰੀ ਗੁਰੂ ਗ੍ਰੰਥ ਸਾਹਿਬ" ਅਤੇ ਦਸਮ ਗ੍ਰੰਥ ਜੀਵਨ ਨੂੰ ਇੱਕ ਤੋਂ ਵੱਧ ਦ੍ਰਿਸ਼ਟੀਆਂ ਤੋਂ ਦੇਖਦੇ ਹਨ ਵੱਖ-ਵੱਖ ਦ੍ਰਿਸ਼ਟੀਆਂ ਜਾਂ ਪਰਪੇਖਾਂ ਵਿੱਚ ਸੰਵਾਦ ਰਚਾਉਂਦੇ ਹਨ।

ਉਪਰੇਸ਼ਨ ਬਲਿਊ ਸਟਾਰ ਨੂੰ ਸਿੱਖ ਸਿਮਰਿਤੀ ਵਿੱਚ ਗੰਭੀਰਤਾ ਨਾਲ ਉਭਾਰਨ ਦੀ ਲੋੜ ਹੈ। ਅਜਿਹੀ ਗੰਭੀਰਤਾ ਜੋ ਸਿੱਖਾਂ ਵਿੱਚ ਕੌਮੀ ਨਾਇਕ ਹੋਣ ਦਾ ਚੇਤਾ ਵੀ ਕਰਵਾਵੇ ਅਤੇ ਨਾਲ ਹੀ ਪੰਜਾਬੀ ਕੌਮ ਦਾ ਮੂਹਰਲਾ ਦਸਤਾ ਬਣ ਕੇ ਪੰਜਾਬ ਨੂੰ ਸੋਸ਼ਣ ਅਤੇ ਪ੍ਰਤੰਤਰਤਾ ਤੋਂ ਮੁਕਤ ਕਰਵਾਏ। ਇਸ ਮੰਤਵ ਲਈ ਭਾਰਤ ਵਿੱਚ ਲਾਗੂ ਸੰਵਿਧਾਨ ਵਿਚ ਸੋਧ ਕਰਕੇ ਇੱਥੇ ਕਨਫੈਡਰੇਸ਼ਨ ਬਣਾਉਣ ਲਈ ਚੇਤਨਾ ਵਧਾਉਣ ਵਾਸਤੇ ਇਸ ਮੌਕੇ ਉਤੇ ਵਚਨਬੱਧਤਾ ਪੱਕੀ ਕਰਨ ਦੀ ਲੋੜ ਹੈ।

## ਤੀਜਾ ਘੱਲੂਘਾਰਾ (ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ)

# ਸੱਚ ਤੇ ਨਿਆਈਂ ਕਾਜ ਲਈ ਲੜੇ ਸਨ ਸਿੱਖ ਜੁਝਾਰੂ



**ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸ਼ਹਾਦਤ ਨਾਲ ਸਿੱਖ ਸੰਘਰਸ਼ ਦੇ ਇਕ ਦੌਰ ਦੀ ਸਮਾਪਤੀ ਹੋ ਗਈ ਪਰ ਇਸ ਦੇ ਨਾਲ ਹੀ ਇਕ ਨਵਾਂ ਹੋਣੀ ਭਰਪੂਰ ਦੌਰ ਆਰੰਭ ਹੋ ਗਿਆ।**



**ਸ. ਅਜਮੇਰ ਸਿੰਘ**

"ਜੁਝਾਰੂ ਸਿੰਘਾਂ ਦੇ ਨੈਤਿਕ ਪੱਖ ਵਾਲਾ ਪੱਲੜਾ ਕਿਤੇ ਵੱਧ ਵਜ਼ਨਦਾਰ ਸੀ। ਭਾਰਤੀ ਫ਼ੌਜ ਕਹਿਣ ਨੂੰ ਭਾਵੇਂ ਦੇਸ਼ ਦੇ ਹਿਤਾਂ ਦੀ ਰੱਖਿਆ ਦੀ ਲੜਾਈ ਲੜ ਰਹੀ ਸੀ ਪਰ ਅਸਲੀਅਤ ਵਿਚ ਉਹ



ਦੇਸ਼ ਦੇ ਨਹੀਂ, ਦੇਸ਼ ਦੇ ਧਿੰਗਾਣੇ ਹਾਕਮਾਂ ਦੇ ਪੱਖ ਦੀ ਲੜਾਈ ਲੜ ਰਹੀ ਸੀ। ਇਹ ਪੱਖ ਪੁੱਜ ਕੇ ਝੂਠਾ ਤੇ ਬੇ ਨਿਆਈਂ ਸੀ। ਇਸ ਦੀ ਤੁਲਨਾ ਵਿਚ ਸਿੱਖ ਜੁਝਾਰੂ ਜਿਸ ਕਾਜ ਲਈ ਲੜ ਰਹੇ ਸਨ, ਉਹ ਸੱਚਾ ਤੇ ਨਿਆਈਂ ਸੀ। ਉਹ ਆਪਣੇ ਧਰਮ ਤੇ ਸਭਿਆਚਾਰ ਦੀ ਰਾਖੀ ਲਈ ਲੜ ਰਹੇ ਸਨ, ਕਿਸੇ ਦੇ ਧਰਮ ਤੇ ਸਭਿਆਚਾਰ ਨੂੰ ਉਜਾੜਨ ਲਈ ਨਹੀਂ। ਉਹ ਆਪਣੇ ਹੱਕਾਂ ਦੀ ਰਾਖੀ ਲਈ ਲੜ ਰਹੇ ਸਨ, ਕਿਸੇ ਦੇ ਹੱਕਾਂ ਨੂੰ ਲਿਤਾੜਨ ਲਈ ਨਹੀਂ। ਉਨ੍ਹਾਂ ਅੰਦਰ ਲੜਨ ਦਾ ਨਿਸ਼ਕਾਮ ਜਜ਼ਬਾ ਸੀ, ਜੂਝ ਮਰਨ ਦਾ ਦ੍ਰਿੜ੍ਹ ਨਿਸ਼ਚਾ ਸੀ ਅਤੇ ਆਪਣੇ ਗੁਰੂ ਦੇ ਚਰਨਾਂ ਵਿਚ ਸ਼ਹੀਦ ਹੋ ਜਾਣ ਦਾ ਨਿਰਮਲ ਚਾਉ ਸੀ। ਇਸ ਕਰਕੇ ਸਿੰਘਾਂ ਨੇ ਆਪਣੀ ਮੂਲੋਂ ਹੀ ਥੋੜ੍ਹੀ ਨਫ਼ਰੀ ਤੇ ਮਾੜੇ ਹਥਿਆਰਾਂ ਦੇ ਬਾਵਜੂਦ ਭਾਰਤੀ ਫ਼ੌਜ ਦੇ ਹੱਲੇ ਨੂੰ ਬੁਰੀ ਤਰ੍ਹਾਂ ਪਛਾੜ ਕੇ ਰੱਖ ਦਿੱਤਾ।"

ਇੰਦਰਾ ਗਾਂਧੀ ਨੇ ਬਹੁਤ ਚਿਰ ਪਹਿਲਾਂ ਹੀ ਆਪਣੇ ਨਜ਼ਦੀਕੀ ਸਲਾਹਕਾਰਾਂ ਨਾਲ ਰਾਇ-ਮਸ਼ਵਰਾ ਕਰਕੇ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲਾ ਕਰਨ ਦਾ ਨਿਰਣਾ ਕਰ ਲਿਆ ਹੋਇਆਂ ਸੀ। ਉਸ ਨੇ ਭਾਰਤੀ ਫ਼ੌਜ ਦੇ ਤਤਕਾਲੀਨ ਮੁਖੀ ਜਨਰਲ ਏ.ਐਸ. ਵੈਦਿਆ ਨੂੰ, ਕੋਈ ਸਾਢੇ ਪੰਜ ਮਹੀਨੇ ਪਹਿਲਾਂ, 15 ਜਨਵਰੀ ਨੂੰ ਸੈਨਾ ਦਿਵਸ ਦੇ ਮੌਕੇ ਆਪਣੇ ਇਸ ਫ਼ੈਸਲੇ ਦੀ ਸੂਹ ਦੇ ਦਿੱਤੀ ਸੀ।

ਉਸ ਤੋਂ ਝੱਟ ਹੀ ਬਾਅਦ ਪੱਛਮੀ ਕਮਾਨ ਦੀ ਪੈਰਾ ਬਰਗੇਡ ਡਿਵੀਜ਼ਨ ਦੀ ਫ਼ਸਟ ਬਟਾਲੀਅਨ ਦੇ ਕਮਾਂਡੋਆਂ ਨੂੰ ਚਕਰਾਤਾ (ਦੇਹਰਾਦੂਨ ਨੇੜੇ) ਤੇ ਸਰਸਾਵਾ (ਸਹਾਰਨਪੁਰ) ਵਿਖੇ ਵਿਸ਼ੇਸ਼ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ ਗਈ ਸੀ। ਉਨ੍ਹਾਂ ਨੂੰ ਦਰਬਾਰ ਸਾਹਿਬ ਸਮੂਹ ਨਾਲ ਮਿਲਦੀ-ਜੁਲਦੀ ਨਕਲੀ ਇਮਾਰਤ ਤਿਆਰ ਕਰਕੇ ਇਸ ਉੱਤੇ ਧਾਵਾ ਬੋਲਣ ਦਾ ਉਚੇਚਾ ਅਭਿਆਸ ਕਰਵਾਇਆ ਗਿਆ ਸੀ।

ਹਮਲੇ ਦੀ ਮਿਥੀ ਹੋਈ ਤਰੀਕ ਨੇੜੇ ਢੁੱਕਦਿਆਂ ਹੀ ਜਨਰਲ ਏ.ਐਸ. ਵੈਦਿਆ ਨੂੰ, ਜੋ ਉਸ ਵੇਲੇ ਕਸ਼ਮੀਰ ਅੰਦਰ ਛੁੱਟੀਆਂ ਮਨਾ ਰਿਹਾ ਸੀ, ਫ਼ੌਰਨ ਦਿਲੀ ਸੱਦ ਲਿਆ ਗਿਆ। ਮਈ ਦੇ ਆਖ਼ਰੀ ਦਿਨਾਂ ਵਿਚ ਭਾਰਤੀ ਫ਼ੌਜ ਦੀਆਂ ਚੁਣਵੀਆਂ ਟੁਕੜੀਆਂ ਇਕ-ਇਕ ਕਰਕੇ ਅੰਮ੍ਰਿਤਸਰ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ। ਪੰਜਾਬ ਅੰਦਰ ਫ਼ੌਜ ਭੇਜਣ ਦੇ ਅਸਲੀ ਮੰਤਵ ਨੂੰ ਛੁਪਾਉਣ ਲਈ ਬਾਹਰੀ ਪ੍ਰਭਾਵ ਇਹ ਦਿੱਤਾ ਗਿਆ ਕਿ ਸਰਹੱਦੋਂ ਪਾਰ ਘੁਸਪੈਠ ਬੰਦ ਕਰਨ ਲਈ ਫ਼ੌਜ ਸਰਹੱਦ ਉੱਤੇ ਤੈਨਾਤ ਕਰਨ ਲਈ ਭੇਜੀ ਜਾ ਰਹੀ ਸੀ।

ਪੱਛਮੀ ਕਮਾਨ ਦੀ ਆਹਲਾ ਦਰਜੇ ਦੀ ਤੋਪਖ਼ਾਨਾ ਡਿਵੀਜ਼ਨ 30 ਮਈ ਨੂੰ ਹੀ ਸੜਕ ਰਸਤੇ ਅੰਮ੍ਰਿਤਸਰ ਪਹੁੰਚ ਗਈ ਸੀ। ਹੈਦਰਾਬਾਦ ਤੇ ਰਾਂਚੀ ਤੋਂ ਚੋਣਵੇਂ ਫ਼ੌਜੀ ਦਸਤਿਆਂ ਨੂੰ ਹਵਾਈ ਜਹਾਜ਼ਾਂ ਦੇ ਜ਼ਰੀਏ ਅੰਮ੍ਰਿਤਸਰ ਢੋਇਆ ਗਿਆ। ਸਮੁੰਦਰੀ ਫ਼ੌਜ ਦੇ ਅੱਵਲ ਦਰਜੇ ਦੇ ਗੋਤਾਖੋਰ ਹਵਾਈ ਜਹਾਜ਼ ਰਾਹੀਂ ਬੰਬਈ ਤੋਂ ਅੰਮ੍ਰਿਤਸਰ ਪਹੁੰਚਾਏ ਗਏ। ਫ਼ੌਜ ਦੇ ਉਚੇਚੇ ਸਿਖਾਏ ਹੋਏ ਕੁੱਤੇ ਜੋਰਹਟ ਤੋਂ ਹਵਾਈ ਜਹਾਜ਼ ਰਾਹੀਂ ਅੰਮ੍ਰਿਤਸਰ ਭੇਜੇ ਗਏ। ਹਮਲੇ ਦੀ ਸਮੁੱਚੀ ਅਗਵਾਈ ਪੱਛਮੀ ਕਮਾਨ ਦੇ ਜਨਰਲ ਆਫ਼ੀਸਰ ਕਮਾਂਡਿੰਗ-ਇਨ-ਚੀਫ ਕੇ. ਸੁੰਦਰਜੀ ਨੂੰ ਸੌਂਪੀ ਗਈ ਸੀ। ਪੱਛਮੀ ਕਮਾਨ ਦੇ ਚੀਫ਼ ਔਫ ਸਟਾਫ਼ ਲੈਫ਼ਟੀਨੈਂਟ ਜਨਰਲ ਰਣਜੀਤ ਸਿੰਘ ਦਿਆਲ ਨੂੰ ਸਾਰੀ ਯੋਜਨਾ ਤੇ ਕਾਰਵਾਈ ਦਾ ਮੁੱਖ ਸੰਚਾਲਕ ਬਣਾਇਆ ਗਿਆ ਸੀ।

ਦਰਬਾਰ ਸਾਹਿਬ ਉੱਤੇ ਫ਼ੌਜੀ ਹੱਲਾ ਬੋਲ ਕੇ ਕਬਜ਼ਾ ਜਮਾਉਣ ਦੀ ਮੁਹਿੰਮ ਦੀ ਅਗਵਾਈ ਵੀ ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਨਾਂ ਦੇ ਇਕ ਮੋਨੇ ਸਿੱਖ ਨੂੰ ਸੌਂਪੀ ਗਈ ਸੀ। ਇਹ ਪਾਪ ਵੱਧ ਤੋਂ ਵੱਧ ਗਿਣਤੀ ਵਿਚ ਸਿੱਖ ਜਰਨੈਲਾਂ ਦੇ ਹੱਥੋਂ ਕਰਾਉਣ ਦਾ ਨਿਰਣਾ ਹਿੰਦੂ ਹਾਕਮਾਂ ਦੀ ਚਾਣਕੀਆ ਨੀਤੀ ਵਿਚੋਂ ਨਿਕਲਿਆ ਸੀ, ਜਿਸ ਦਾ ਮਕਸਦ ਆਪਣੀ ਫ਼ਿਰਕੂ ਖਸਲਤ ਨੂੰ ਲੁਕਾਉਣਾ ਸੀ। ਦੂਜਾ, ਇਸ ਨਾਲ ਸਿੱਖਾਂ ਨੂੰ ਦੁਨੀਆ ਦੀਆਂ ਨਜ਼ਰਾਂ ਵਿਚ ਜਿੱਚ ਕਰਨਾ ਸੀ।

ਦੋ ਜੂਨ ਨੂੰ ਜਨਰਲ ਦਿਆਲ ਨੇ ਪੰਜਾਬ ਦੇ ਰਾਜਪਾਲ ਬੀ.ਡੀ. ਪਾਂਡੇ ਦੇ ਸਲਾਹਕਾਰ ਦਾ ਕਾਰਜ ਭਾਗ ਸੰਭਾਲ ਲਿਆ। ਅਸਲ ਵਿਚ ਜਨਰਲ ਦਿਆਲ ਸਿਰਫ਼ ਕਹਿਣ ਨੂੰ ਹੀ 'ਸਲਾਹਕਾਰ' ਸੀ। ਸੱਚ ਇਹ ਸੀ ਕਿ ਪੰਜਾਬ ਨੂੰ ਪੂਰਨ ਤੌਰ 'ਤੇ, ਸਾਰੇ ਪੱਖਾਂ ਤੋਂ, ਫ਼ੌਜ ਦੇ ਹਵਾਲੇ ਕਰ ਦਿੱਤਾ ਗਿਆ ਸੀ ਅਤੇ ਜਨਰਲ ਦਿਆਲ ਇਸ ਫ਼ੌਜੀ ਰਾਜ ਦਾ ਪ੍ਰਮੁੱਖ ਨੁਮਾਇੰਦਾ ਤੇ ਕਰਤਾ-ਧਰਤਾ ਸੀ। ਰਾਜਪਾਲ ਪਹਿਲਾਂ ਵੀ ਸਿਰਫ਼ ਦਿਖਾਵੇ ਦਾ ਹੀ ਰਾਜਮੁੱਖੀ ਸੀ।

ਪੰਜਾਬ ਸੰਬੰਧੀ ਵੱਡੀ ਤੋਂ ਲੈ ਕੇ ਛੋਟੀ, ਹਰ ਗੱਲ ਦਾ ਨਿਰਣਾ ਕੇਂਦਰ ਸਰਕਾਰ ਦੀ ਪੱਧਰ 'ਤੇ ਹੀ ਕੀਤਾ ਜਾਂਦਾ ਸੀ, ਅਤੇ ਅਗਾਂਹ ਇਸ ਮਾਮਲੇ ਵਿਚ 'ਕੇਂਦਰ ਸਰਕਾਰ' ਵੀ ਇੰਦਰਾ ਗਾਂਧੀ ਤੇ ਉਸ ਦੀ ਛੋਟੀ ਜਿਹੀ ਸਲਾਹਕਾਰ ਜੁੰਡਲੀ ਤੱਕ ਸਿਮਟ ਕੇ ਰਹਿ ਗਈ ਸੀ, ਪੰਜਾਬ ਬਾਰੇ ਹਰ ਗੱਲ ਇਸ ਜੁੰਡਲੀ ਦੀ ਪੱਧਰ 'ਤੇ ਹੀ ਵਿਚਾਰੀ ਤੇ ਲਾਗੂ ਕੀਤੀ ਜਾਂਦੀ ਸੀ। ਜਨਰਲ ਦਿਆਲ ਵੱਲੋਂ ਆਪਣਾ ਬਾਕਾਇਦਾ ਅਹੁਦਾ ਸੰਭਾਲ ਲੈਣ ਨਾਲ ਪੰਜਾਬ ਦਾ ਸਾਰੇ ਦਾ ਸਾਰਾ ਪ੍ਰਬੰਧਕੀ ਢਾਂਚਾ ਫ਼ੌਜ ਦੇ ਸਿੱਧੇ ਕੰਟਰੋਲ ਹੇਠ ਚਲਾ ਗਿਆ ਸੀ।

ਦੋ ਜੂਨ ਦੀ ਸ਼ਾਮ ਨੂੰ ਇੰਦਰਾ ਗਾਂਧੀ ਨੇ ਬਿਨਾਂ ਅਗਾਊਂ ਐਲਾਨ ਕੀਤਿਆਂ ਆਲ ਇੰਡੀਆ ਰੇਡੀਓ ਤੋਂ ਦੇਸ਼ ਦੀ ਜਨਤਾ ਨੂੰ ਸੰਬੋਧਨ ਕੀਤਾ। ਉਸ ਨੇ ਜਜ਼ਬਾਤੀ ਲਹਿਜ਼ੇ ਵਿਚ ਸਿੱਖ ਕੌਮ ਦੇ ਸੰਘਰਸ਼ ਸਦਕਾ ਦੇਸ ਦੇ ਸਾਹਮਣੇ ਪੈਦਾ ਹੋਈ 'ਨਾਜ਼ਕ' ਤੇ 'ਭਿਆਨਕ' ਸਥਿਤੀ ਦੀ ਕਰੁਣਾਮਈ ਤਸਵੀਰ ਪੇਸ਼ ਕੀਤੀ ਅਤੇ ਇਸ ਦਾ ਸਾਰਾ ਦੋਸ਼ ਅਕਾਲੀ ਆਗੂਆਂ ਦੇ ਸਿਰ ਮੜ੍ਹਿਆ।

ਸਿੱਖ ਕੌਮ ਨੂੰ ਤੇ ਇਸ ਦੇ ਆਗੂਆਂ ਨੂੰ ਸੰਸਾਰ ਦੇ ਲੋਕਾਂ ਦੀਆਂ ਨਜ਼ਰਾਂ ਵਿਚ ਦੋਸ਼ੀ ਸਾਬਤ ਕਰਨ ਲਈ, ਉਸ ਨੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਅਤੇ ਕੋਰਾ ਝੂਠ ਬੋਲਣ ਤੋਂ ਰਤੀ ਸੰਕੋਚ ਨਾ ਕੀਤਾ। ਇਸ ਨੰਗੇ ਤੱਥ ਦੇ ਬਾਵਜੂਦ ਕਿ ਉਹ ਤਿੰਨ ਸਾਲਾਂ ਤੋਂ ਅਕਾਲੀ ਆਗੂਆਂ ਦੀਆਂ ਸਮਝੌਤੇ ਦੀਆਂ ਸਿਰ-ਤੋੜ ਕੋਸ਼ਿਸ਼ਾਂ ਨੂੰ ਮੱਕਾਰੀ ਨਾਲ ਟਰਕਾਉਂਦੀ ਤੇ ਠੁਕਰਾਉਂਦੀ ਆ ਰਹੀ ਸੀ ਅਤੇ ਅਜੇ ਸਿਰਫ਼ ਸੱਤ ਦਿਨ ਪਹਿਲਾਂ ਹੀ ਉਹ ਅਕਾਲੀ ਲੀਡਰਸ਼ਿਪ ਦੇ ਸਮਝੌਤੇ ਦੇ ਆਖ਼ਰੀ ਤਰਲੇ ਦਾ ਬੇਰਹਿਮੀ ਨਾਲ ਘਾਤ ਕਰਕੇ ਹਟੀ ਸੀ, ਉਸ ਵੱਲੋਂ ਆਪਣੇ ਆਪ ਨੂੰ 'ਸੱਚ ਪੁੱਤਰੀ' ਵਜੋਂ ਪੇਸ਼ ਕਰਨ ਤੇ ਅਕਾਲੀ ਆਗੂਆਂ ਨੂੰ 'ਝੂਠੇ ਤੇ ਬੇਪਰਤੀਤੇ' ਸਾਬਤ ਕਰਨ ਦੇ ਪੁਰ-ਜ਼ੋਰ ਯਤਨ ਕੀਤੇ ਗਏ।

ਉਸ ਵੇਲੇ ਵੀ ਜਦ ਉਸ ਦੇ ਸਿੱਧੇ ਹੁਕਮਾਂ ਉੱਤੇ ਪੰਜਾਬ ਨੂੰ ਫ਼ੌਜ ਨੇ ਆਪਣੀ ਮੌਤ-ਜੱਫ਼ੀ ਵਿਚ ਲੈ ਲਿਆ ਹੋਇਆਂ ਸੀ ਅਤੇ ਫ਼ੌਜੀ ਹਮਲੇ ਦੀ ਯੋਜਨਾ ਉੱਤੇ ਬਕਾਇਦਾ ਅਮਲ ਸ਼ੁਰੂ ਹੋ ਚੁੱਕਾ ਸੀ, ਉਸ ਨੇ ਮਸਲੇ ਨੂੰ 'ਗੱਲਬਾਤ ਰਾਹੀਂ ਹੱਲ ਕਰਨ' ਦੀ ਝੂਠੀ ਇੱਛਾ ਤੇ ਪੇਸ਼ਕਸ਼ ਦਾ ਦੰਭ ਕਰਨ ਤੋਂ ਗੁਰੇਜ਼ ਨਾ ਕੀਤਾ। ਅਖੇ 'ਇਸ ਅੰਤਿਮ ਘੜੀ ਉੱਤੇ ਵੀ ਮੈਂ ਅਕਾਲੀਆਂ ਨੂੰ ਬੇਨਤੀ ਕਰਦੀ ਹਾਂ ਕਿ ਉਹ ਆਪਣਾ ਅੰਦੋਲਨ ਠੱਪ ਕਰ ਦੇਣ ਅਤੇ ਸਾਡੇ ਦੁਆਰਾ ਸੁਝਾਏ ਗਏ ਸ਼ਾਂਤਮਈ ਸਮਝੌਤੇ ਦੇ ਚੌਖਟੇ ਨੂੰ ਪਰਵਾਨ ਕਰ ਲੈਣ।'

ਉਹ ਔਰਤ ਜਿਸ ਦਾ ਸਮੁੱਚਾ ਰਾਜਸੀ ਕਾਰੋਬਾਰ ਹੀ ਨਫ਼ਰਤ ਦੀਆਂ ਬੁਨਿਆਦਾਂ 'ਤੇ ਟਿਕਿਆ ਹੋਇਆਂ ਸੀ, ਜਿਸ ਨੇ ਤਿੰਨ ਸਾਲਾਂ ਤੋਂ ਪੰਜਾਬ ਨੂੰ ਲਹੂ ਵਿਚ ਡੋਬਣ ਦੀ ਕੋਈ ਕਸਰ ਨਹੀਂ ਸੀ ਛੱਡੀ ਅਤੇ ਜਿਸ ਦੇ ਮਨ ਅੰਦਰ ਪੰਜਾਬ ਵਿਚ ਲਹੂ ਦੇ ਹੋਰ ਵੱਡੇ ਵਹਿਣ ਵਹਾਉਣ ਦੀ ਕੁਲਹਿਣੀ ਸੋਚ ਤੇ ਤਾਂਘ ਮਚਲ ਰਹੀ ਸੀ, ਉਸ ਨੇ ਆਪਣੇ ਭਾਸ਼ਣ ਦਾ ਤੋੜਾ ਇਨ੍ਹਾਂ ਸ਼ਬਦਾਂ ਨਾਲ ਝਾੜਿਆ : ਖ਼ੂਨ ਮੱਤ ਡੋਲ੍ਹੋ, ਨਫ਼ਰਤ ਤਿਆਗੋ!

ਇੰਦਰਾ ਗਾਂਧੀ ਦੇ ਭਾਸ਼ਣ ਦਾ ਪ੍ਰਸਾਰਨ ਖ਼ਤਮ ਹੁੰਦਿਆਂ ਹੀ ਰੇਡੀਓ ਤੋਂ ਪੰਜਾਬ ਸੰਬੰਧੀ ਕੁਝ ਵਿਸ਼ੇਸ਼ ਐਲਾਨ ਤੇ ਫ਼ਰਮਾਨ ਪ੍ਰਸਾਰਤ ਹੋਣੇ ਸ਼ੁਰੂ ਹੋ ਗਏ। ਪੰਜਾਬ ਨੂੰ 'ਗੜਬੜ ਵਾਲਾ ਇਲਾਕਾ' ਤਾਂ ਪਹਿਲਾਂ ਹੀ ਕਰਾਰ ਦਿੱਤਾ ਜਾ ਚੁੱਕਾ ਸੀ। ਵਿਸ਼ੇਸ਼ ਫ਼ਰਮਾਨਾਂ ਰਾਹੀਂ ਇਸ ਦੇ ਪੇਚ ਹੋਰ ਕੱਸ ਦਿੱਤੇ ਗਏ। ਪੰਜਾਬ ਅੰਦਰ ਤੁਰੰਤ ਸਾਰੀ ਰੇਲ ਤੇ ਸੜਕੀ ਆਵਾਜਾਈ ਠੱਪ ਕਰ ਦਿੱਤੀ ਗਈ।

ਫ਼ੌਜੀ ਗੱਡੀਆਂ ਤੋਂ ਬਿਨਾਂ ਬਾਕੀ ਹਰ ਕਿਸਮ ਦੇ ਵਾਹਨਾਂ ਉੱਤੇ, ਰੇੜ੍ਹਿਆਂ ਤੋਂ ਲੈ ਕੇ ਸਾਈਕਲਾਂ ਤੱਕ ਵੀ, ਸਖ਼ਤ ਪਾਬੰਦੀਆਂ ਆਇਦ ਕਰ ਦਿੱਤੀਆਂ ਗਈਆਂ। ਲੋਕਾਂ ਨੂੰ ਕੱਚੇ ਰਸਤਿਆਂ 'ਤੇ ਚੱਲਣ ਤੋਂ ਵੀ ਮਨ੍ਹਾਂ ਕਰ ਦਿੱਤਾ ਗਿਆ। ਡਾਕ-ਤਾਰ ਤੇ ਦੂਰ ਸੰਚਾਰ ਸੇਵਾਵਾਂ ਪੂਰਨ ਤੌਰ 'ਤੇ ਫ਼ੌਜ ਦੇ ਕੰਟਰੋਲ ਵਿਚ ਦੇ ਦਿੱਤੀਆਂ ਗਈਆਂ।

ਪੰਜਾਬ ਨੂੰ ਬਾਕੀ ਦੇਸ਼ ਨਾਲੋਂ, ਅੰਮ੍ਰਿਤਸਰ ਨੂੰ ਬਾਕੀ ਪੰਜਾਬ ਨਾਲੋਂ ਤੇ ਦਰਬਾਰ ਸਾਹਿਬ ਨੂੰ ਬਾਕੀ ਸ਼ਹਿਰ ਨਾਲੋਂ, ਪੂਰੀ ਤਰ੍ਹਾਂ ਨਿਖੇੜ ਕੇ ਸੀਲ ਕਰ ਦਿੱਤਾ ਗਿਆ। ਸਭਨਾਂ ਬਦੇਸ਼ੀ ਪੱਤਰਕਾਰਾਂ ਨੂੰ ਪੰਜਾਬ ਤੋਂ ਬਾਹਰ ਕੱਢ ਦਿੱਤਾ ਗਿਆ। ਪੰਜਾਬ ਉੱਤੇ ਦੋ ਮਹੀਨਿਆਂ ਲਈ ਕਰੜਾ ਸੈਂਸਰ ਲਾਗੂ ਕਰ ਦਿੱਤਾ ਗਿਆ ਜਿਸ ਦੇ ਸਿੱਟੇ ਵਜੋਂ ਪੰਜਾਬ ਦੇ ਸਾਰੇ ਪ੍ਰਮੁੱਖ ਅਖ਼ਬਾਰਾਂ ਨੇ ਕੁਝ ਦਿਨਾਂ ਲਈ ਆਪਣੀ ਪ੍ਰਕਾਸ਼ਨਾ ਠੱਪ ਕਰ ਦਿੱਤੀ। ਅਜਿਹੀਆਂ ਸਾਹ-ਘੁਟਵੀਆਂ ਪਾਬੰਦੀਆਂ ਪੰਜਾਬ ਦੇ ਲੋਕਾਂ ਨੇ ਇਤਿਹਾਸ ਅੰਦਰ ਨਾ ਪਹਿਲਾਂ ਕਦੇ ਦੇਖੀਆਂ ਸਨ ਨਾ ਸੁਣੀਆਂ ਸਨ।

ਕੇਂਦਰ ਸਰਕਾਰ ਦੇ ਨੀਮ-ਫ਼ੌਜੀ ਹਥਿਆਰਬੰਦ ਬਲਾਂ (ਬੀ.ਐਸ.ਐਫ., ਸੀ.ਆਰ.ਪੀ., ਆਈ.ਟੀ.ਬੀ.ਪੀ.ਆਦਿ) ਨੇ ਕੁਝ ਦਿਨ ਪਹਿਲਾਂ ਹੀ ਦਰਬਾਰ ਸਾਹਿਬ ਦੇ ਇਰਦ-ਗਿਰਦ ਇਮਾਰਤਾਂ ਉੱਤੇ ਆਪਣੇ ਪੱਕੇ ਮੋਰਚੇ ਬਣਾਉਣੇ ਸ਼ੁਰੂ ਕਰ ਦਿੱਤੇ ਹੋਏ ਸਨ। ਪਹਿਲੀ ਜੂਨ ਨੂੰ ਉਨ੍ਹਾਂ ਆਪਣੇ ਇਨ੍ਹਾਂ ਮੋਰਚਿਆਂ ਵਿਚੋਂ ਦਰਬਾਰ ਸਾਹਿਬ ਸਮੂਹ ਉੱਤੇ ਅੱਠ ਘੰਟੇ ਲਗਾਤਾਰ ਅੰਧਾਧੁੰਦ ਗੋਲੀਬਾਰੀ ਕੀਤੀ। ਇਸ ਗੋਲੀਬਾਰੀ ਦਾ ਇਕ ਉਦੇਸ਼ ਜੁਝਾਰੂ ਸਿੰਘਾਂ ਨੂੰ ਭੈਭੀਤ ਕਰਨਾ ਸੀ। ਦੂਜਾ, ਉਨ੍ਹਾਂ ਨੂੰ ਜੁਆਬੀ ਗੋਲੀਬਾਰੀ ਲਈ ਉਕਸਾ ਕੇ ਉਨ੍ਹਾਂ ਦੀ ਹਕੀਕੀ ਤਾਕਤ ਦਾ ਸਹੀ ਅੰਦਾਜ਼ਾ ਲਾਉਣਾ ਤੇ ਉਨ੍ਹਾਂ ਦੇ ਮੋਰਚਿਆਂ ਦੀ ਨਿਸ਼ਾਨਦੇਹੀ ਕਰਨਾ ਸੀ। ਪਰ ਜੁਝਾਰੂ ਸਿੰਘ ਫ਼ੌਜੀ ਵਿਦਿਆ ਤੋਂ ਏਨੇ ਕੋਰੇ ਨਹੀਂ ਸਨ ਕਿ ਦੁਸ਼ਮਣ ਦੀ ਇਸ ਚਾਲ ਵਿਚ ਫਸ ਜਾਂਦੇ।

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪੜ੍ਹਾਏ ਤੇ ਜਨਰਲ ਸੁਬੇਗ਼ ਸਿੰਘ ਦੇ ਸਿਖਾਏ ਸਿੰਘਾਂ ਨੇ ਦੁਸ਼ਮਣ ਦੀ ਇਸ ਭੜਕਾਹਟ ਦੇ ਜੁਆਬ ਵਿਚ ਮੁਕੰਮਲ ਚੁੱਪ ਸਾਧੀ ਰੱਖੀ। ਨੀਮ ਫ਼ੌਜੀ ਬਲਾਂ ਦੀ ਇਸ ਅੰਧਾਧੁੰਦ ਗੋਲੀਬਾਰੀ ਨਾਲ ਦਰਬਾਰ ਸਾਹਿਬ ਸਮੂਹ ਅੰਦਰ ਇੱਕ ਮਾਸੂਮ ਬੱਚੇ ਤੇ ਬਿਰਧ ਔਰਤ ਸਮੇਤ ਅੱਧੀ ਦਰਜਨ ਤੋਂ ਵੱਧ ਸਿੱਖ ਸ਼ਰਧਾਲੂਆਂ ਦੀ ਮੌਤ ਹੋ ਗਈ ਅਤੇ ਹਰਿਮੰਦਰ ਸਾਹਿਬ ਉੱਤੇ 32 ਥਾਵਾਂ 'ਤੇ ਗੋਲੀਆਂ ਦੇ ਡੂੰਘੇ ਨਿਸ਼ਾਨ ਪੈ ਗਏ।

ਇਸ ਗੋਲੀਬਾਰੀ ਦੀ ਖ਼ਬਰ ਸੁਣਦਿਆਂ ਹੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੁਰੰਤ (ਦੋ ਜੂਨ) ਦਰਬਾਰ ਸਾਹਿਬ ਪਹੁੰਚ ਗਏ। ਪਰ ਹੋਰ ਕਿਸੇ ਵੀ ਵੱਡੇ ਅਕਾਲੀ ਆਗੂ ਨੇ, ਇਹ ਖ਼ਬਰਾਂ ਸੁਣ ਲੈਣ ਦੇ ਬਾਵਜੂਦ, ਹਾਲਤਾਂ ਦੇ ਤੇਵਰ ਵੱਲ ਦੇਖਦਿਆਂ ਹੋਇਆਂ ਦਰਬਾਰ ਸਾਹਿਬ ਪਹੁੰਚਣਾ ਜ਼ਰੂਰੀ ਜਾਂ ਸਿਆਣਪ ਭਰਿਆ ਨਾ ਸਮਝਿਆ।

3 ਜੂਨ ਨੂੰ ਪੰਜਵੇਂ ਪਾਤਸ਼ਾਹ ਦਾ ਸ਼ਹੀਦੀ ਪੁਰਬ ਸੀ। ਪੰਜਾਬ ਤੇ ਨਾਲ ਲਗਵੇਂ ਰਾਜਾਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਦਰਸ਼ਨ ਇਸ਼ਨਾਨ ਕਰਨ ਲਈ ਦਰਬਾਰ ਸਾਹਿਬ ਪਹੁੰਚੀਆਂ ਹੋਈਆਂ ਸਨ। 500 ਤੋਂ ਵੱਧ ਅਕਾਲੀ ਵਰਕਰ ਮੋਰਚੇ 'ਚ ਗ੍ਰਿਫ਼ਤਾਰੀਆਂ ਦੇਣ ਲਈ ਪੁੱਜੇ ਹੋਏ ਸਨ।

ਸੈਂਕੜਿਆਂ ਦੀ ਗਿਣਤੀ ਵਿਚ ਬੰਗਲਾਦੇਸ਼ੀ ਮੁਸਲਮਾਨ ਤੇ ਅਜਿਹੇ ਹੋਰ ਬੇਸਹਾਰਾ ਲੋਕ ਸਨ, ਜਿਨ੍ਹਾਂ ਨੇ ਗੁਰੂ ਦੇ ਘਰ ਅੰਦਰ ਸ਼ਰਨ ਲੈ ਰੱਖੀ ਹੋਈ ਸੀ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੈਂਕੜੇ ਕਰਮਚਾਰੀ ਤੇ ਸੇਵਾਦਾਰ ਸਨ ਜਿਨ੍ਹਾਂ ਵਿਚੋਂ ਬਹੁਤੇ ਆਪਣੇ ਪਰਿਵਾਰਾਂ ਸਮੇਤ ਦਰਬਾਰ ਸਾਹਿਬ ਦੇ ਅਹਾਤੇ ਅੰਦਰ ਆਪਣੇ ਪੱਕੇ ਰਿਹਾਇਸ਼ੀ ਟਿਕਾਣਿਆਂ ਵਿਚ ਰਹਿ ਰਹੇ ਸਨ। ਹੋਰ ਕਿੰਨੇ ਹੀ ਯਾਤਰੂ ਸਨ ਜੋ ਰਾਤ ਕੱਟਣ ਲਈ ਸਰਾਂ ਅੰਦਰ ਠਹਿਰੇ ਹੋਏ ਸਨ। ਇਸ ਗੱਲ ਦਾ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਭਾਰਤ ਸਰਕਾਰ ਨੇ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਦੀ ਇਕ ਭਿਆਨਕ ਤੇ ਖ਼ੂਨੀ ਤਿਆਰੀ ਕਰ ਰੱਖੀ ਹੋਈ ਸੀ ਅਤੇ ਇਸ ਘਿਣਾਉਣੇ ਕਰਮ ਲਈ ਉਨ੍ਹਾਂ ਸ਼ਾਂਤੀ ਦੇ ਪੁੰਜ ਪੰਜਵੇਂ ਪਾਤਸ਼ਾਹ ਦੇ ਸ਼ਹੀਦੀ ਪੁਰਬ ਦਾ ਪਵਿੱਤਰ ਦਿਹਾੜਾ ਚੁਣ ਰੱਖਿਆ ਹੋਇਆਂ ਸੀ।

ਜੂਨ ਦੀ ਸ਼ਾਮ ਨੂੰ ਜਦ ਫ਼ੌਜ ਨੇ ਦਰਬਾਰ ਸਾਹਿਬ ਦੁਆਲੇ ਮੌਤ ਵਰਗਾ ਕੱਸਵਾਂ ਘੇਰਾ ਘੱਤ ਲਿਆ ਅਤੇ ਸਾਰੇ ਪੰਜਾਬ ਅੰਦਰ 36 ਘੰਟਿਆਂ ਲਈ ਲੰਮਾ ਤੇ ਸਖ਼ਤ ਕਰਫ਼ਿਊ ਲਾ ਦਿੱਤਾ ਅਤੇ ਲੋਕਾਂ ਦੇ ਘਰੋਂ ਬਾਹਰ ਨਿਕਲਣ ਉੱਤੇ ਕਰੜੀਆਂ ਬੰਦਸ਼ਾਂ ਲਾ ਦਿੱਤੀਆਂ ਗਈਆਂ ਤਾਂ ਉਸ ਵੇਲੇ ਤੱਕ ਵੀ ਦਰਬਾਰ ਸਾਹਿਬ ਅੰਦਰ ਘਿਰੇ ਸਿੱਖ ਸ਼ਰਧਾਲੂਆਂ, ਅਕਾਲੀ ਵਰਕਰਾਂ ਤੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ/ ਸੇਵਾਦਾਰਾਂ ਨੂੰ ਇਹ ਯਕੀਨ ਨਹੀਂ ਸੀ ਆ ਰਿਹਾ ਕਿ ਉਹ ਮੌਤ ਦੇ ਪੰਜੇ 'ਚ ਫਸ ਗਏ ਹਨ ਅਤੇ ਇਸ ਵਿਚੋਂ ਬਚ ਕੇ ਨਿਕਲ ਸਕਣਾ ਉਨ੍ਹਾਂ ਲਈ ਆਸਾਨ ਨਹੀਂ ਸੀ ਰਹਿ ਗਿਆ।

3 ਜੂਨ ਦੀ ਰਾਤ ਪੈਂਦਿਆਂ ਹੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦੀਆਂ ਇਮਾਰਤਾਂ ਉੱਤੇ ਨੀਮ-ਫੌਜੀ ਦਸਤਿਆਂ ਦੁਆਰਾ ਕਾਇਮ ਕੀਤੇ ਗਏ ਸਾਰੇ ਮੋਰਚਿਆਂ ਅੰਦਰ ਬਿਹਾਰ ਰਜਮੈਂਟ ਦੀ ਬਾਰ੍ਹਵੀਂ ਬਟਾਲੀਅਨ ਦੇ ਜਵਾਨਾਂ ਨੇ ਪੁਜ਼ੀਸ਼ਨਾਂ ਮੱਲ ਲਈਆਂ।

ਚਾਰ ਜੂਨ ਨੂੰ ਅੰਮ੍ਰਿਤ ਵੇਲੇ ਜਦ ਦਰਬਾਰ ਸਾਹਿਬ ਅੰਦਰ ਆਸਾ ਦੀ ਵਾਰ ਦਾ ਕੀਰਤਨ ਚੱਲ ਰਿਹਾ ਸੀ ਤਾਂ ਚਾਰ ਵਜੇ ਦੇ ਕਰੀਬ ਫ਼ੌਜੀ ਮਸ਼ੀਨਗੰਨਾਂ ਨੇ ਅਚਾਨਕ ਅੱਗ ਉਗਲਣੀ ਸ਼ੁਰੂ ਕਰ ਦਿੱਤੀ। ਰਾਤ ਦੇ ਹਨੇਰੇ ਵਿਚ ਅੱਗੇ-ਅੱਗੇ ਰੌਸ਼ਨੀ ਦੀ ਲੀਕ ਪਾਉਂਦੇ ਚਾਨਣੀ ਗੋਲੇ (ਟਰੇਸਰ ਬੁਲਿਟਸ) ਤੇ ਪਿਛੇ-ਪਿਛੇ ਆਰ.ਸੀ.ਐਲ. ਦੇ ਗੋਲਿਆਂ ਨੇ ਅਸਮਾਨ ਅੰਦਰ ਲਾਂਬੂ ਲਾ ਦਿੱਤੇ ਸਨ। ਚਾਰ ਜੂਨ ਦੀ ਸਾਰੀ ਦਿਹਾੜੀ ਗੋਲਿਆਂ ਤੇ ਗੋਲੀਆਂ ਦੀ ਅੱਗ ਵਰ੍ਹਦੀ ਰਹੀ।

ਦੁਪਹਿਰ ਸਾਢੇ ਬਾਰਾਂ ਵਜੇ ਦੇ ਕਰੀਬ ਸਰਾਂ ਵਾਲੇ ਬੰਨੇ ਪਾਣੀ ਵਾਲੀ ਵੱਡੀ ਟੈਂਕੀ ਅੰਦਰ ਤੋਪ ਦੇ ਗੋਲੇ ਨਾਲ ਵੱਡਾ ਮਘੋਰਾ ਖੁੱਲ੍ਹ ਗਿਆ ਜਿਸ ਨਾਲ ਦਰਬਾਰ ਸਾਹਿਬ ਦੇ ਅਹਾਤੇ ਅੰਦਰ

ਪਾਣੀ ਦੀ ਸਪਲਾਈ ਠੱਪ ਹੋ ਗਈ। ਨਾਲ ਹੀ, ਦਰਬਾਰ ਸਾਹਿਬ ਨੂੰ ਬਿਜਲੀ ਦੀ ਸਪਲਾਈ ਵੀ ਕੱਟ ਦਿੱਤੀ ਗਈ। ਸ਼੍ਰੋਮਣੀ ਕਮੇਟੀ ਦਾ ਜਨਰੇਟਰ ਵੀ ਗੋਲਾਬਾਰੀ ਨਾਲ ਨਕਾਰਾ ਹੋ ਗਿਆ ਸੀ।

ਅਗਲੀ ਰਾਤ ਤੇ ਉਸ ਤੋਂ ਅਗਲਾ (5 ਜੂਨ) ਸਾਰਾ ਦਿਨ ਲਗਾਤਾਰ ਦਰਬਾਰ ਸਾਹਿਬ ਉੱਤੇ ਗੋਲੀਆਂ ਦਾ ਮੀਂਹ ਵਰ੍ਹਦਾ ਰਿਹਾ। ਉਸ ਵੇਲੇ ਤੱਕ ਫ਼ੌਜ ਦਾ ਮੁੱਖ ਜ਼ੋਰ ਜੁਝਾਰੂ ਸਿੰਘਾਂ ਦੇ ਛੱਤਾਂ ਉਪਰਲੇ ਨੰਗੇ ਮੋਰਚਿਆਂ ਨੂੰ ਨਸ਼ਟ ਕਰਨ ਉੱਤੇ ਲੱਗਾ ਰਿਹਾ। ਪੰਜ ਜੂਨ ਦੀ ਸ਼ਾਮ ਤੱਕ ਫ਼ੌਜ ਨੇ ਟੈਂਪਲ ਵਿਊ ਹੋਟਲ, ਬ੍ਰਹਮ ਬੂਟਾ ਅਖਾੜਾ ਤੇ ਪਰਿਕਰਮਾ ਦੀ ਘੰਟਾ ਘਰ ਵਾਲੀ ਬਾਹੀ ਉੱਪਰ ਛੱਤਾਂ 'ਤੇ ਬਣਾਏ ਲਗਭਗ ਸਾਰੇ ਮੋਰਚੇ ਨਸ਼ਟ ਕਰ ਦਿੱਤੇ ਸਨ। ਅਠਾਰ੍ਹਵੀਂ ਸਦੀ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਦੌਰਾਨ ਉਸਾਰੇ ਗਏ ਇਤਿਹਾਸਿਕ ਬੁੰਗਿਆਂ ਦੀਆਂ ਟੀਸੀਆਂ ਤੋਪਾਂ ਦੇ ਗੋਲਿਆਂ ਨਾਲ ਠੀਕਰੀ-ਠੀਕਰੀ ਹੋ ਗਈਆਂ ਸਨ।

ਸਿੱਖ ਜੁਝਾਰੂਆਂ ਦੇ ਨੰਗੇ ਟਿਕਾਣਿਆਂ ਨੂੰ ਨਸ਼ਟ ਕਰ ਦੇਣ ਤੋਂ ਬਾਅਦ ਫ਼ੌਜ ਨੇ 5 ਜੂਨ ਦੀ ਰਾਤ ਨੂੰ ਦਰਬਾਰ ਸਾਹਿਬ ਅੰਦਰ ਦਾਖਲ ਹੋ ਕੇ ਅਕਾਲ ਤਖ਼ਤ ਉੱਤੇ ਕਬਜ਼ਾ ਜਮਾਉਣ ਦੀ ਆਪਣੀ ਪੂਰਵ-ਉਲੀਕੀ ਯੋਜਨਾ ਉੱਤੇ ਕਾਰਵਾਈ ਸ਼ੁਰੂ ਕਰ ਦਿੱਤੀ। ਫ਼ੌਜ ਦੇ ਉਚ-ਕੋਟੀ ਦੇ ਜਰਨੈਲਾਂ ਤੇ ਮਾਹਰਾਂ ਦੁਆਰਾ ਡੂੰਘੀ ਸੋਚ-ਵਿਚਾਰ ਤੋਂ ਬਾਅਦ ਤਿਆਰ ਕੀਤੀ ਗਈ ਇਸ ਯੋਜਨਾ ਅਨੁਸਾਰ ਫ਼ੌਜ ਨੇ ਆਪਣੇ ਅੱਵਲ ਦਰਜੇ ਦੇ ਕਮਾਂਡੋਆਂ, ਜਿਨ੍ਹਾਂ ਨੂੰ ਇਸ ਮਕਸਦ ਲਈ ਚਕਰਾਤਾ ਤੇ ਸਸਰਾਵਾਂ ਵਿਖੇ ਉਚੇਚੀ ਸਿਖਲਾਈ ਦਿੱਤੀ ਗਈ ਸੀ, ਦੀ ਮਦਦ ਨਾਲ ਦਰਬਾਰ ਸਾਹਿਬ ਦੀ ਪਰਕਰਮਾਂ ਅੰਦਰ ਇਕੋ ਮੌਕੇ ਦੋ ਪਾਸਿਆਂ ਤੋਂ ਦਾਖਲ ਹੋਣਾ ਸੀ।

ਸਭ ਤੋਂ ਉੱਤਮ ਗਿਣੇ ਜਾਂਦੇ "10 ਗਾਰਡਜ਼" (ਦਸਵੀਂ ਬਟਾਲੀਅਨ) ਦੇ ਕਮਾਂਡੋਆਂ ਨੇ ਘੰਟਾ ਘਰ ਵਾਲੇ ਪਾਸੇ ਤੋਂ ਮੁੱਖ ਦੁਆਰ ਰਾਹੀਂ ਪਰਿਕਰਮਾ ਅੰਦਰ ਦਾਖਲ ਹੋ ਕੇ ਅਕਾਲ ਤਖ਼ਤ ਤੱਕ ਪਹੁੰਚਣ ਲਈ ਰਾਹ ਸਾਫ਼ ਕਰਨਾ ਸੀ। ਜੁਝਾਰੂ ਸਿੰਘਾਂ ਦਾ ਧਿਆਨ ਦੋ ਥਾਈਂ ਵੰਡਣ ਦੀ ਰਣਨੀਤੀ ਤਹਿਤ ਮਦਰਾਸ ਰਜਮੈਂਟ ਦੀ 26ਵੀਂ ਬਟਾਲੀਅਨ

ਬਾਕੀ ਸਫ਼ਾ 33 'ਤੇ

*ਜੂਨ 1984 ਦੇ ਦੁਖਾਂਤ ਦਾ ਸੰਦੇਸ਼ :*

# ਜ਼ਖਮਾਂ ਨੂੰ ਰੌਸ਼ਨੀ ਵਿੱਚ ਬਦਲ ਕੇ ਅੱਗੇ ਵਧੀਏ

**ਅਵਤਾਰ ਸਿੰਘ**
ਸੀਨੀਅਰ ਪੱਤਰਕਾਰ ਯੂ.ਕੇ.



20ਵੀਂ ਸਦੀ ਦੇ ਜ਼ਖ਼ਮਾਂ ਦੀ ਇਬਾਰਤ ਪਾਉਂਦਾ ਇਕ ਹੋਰ ਵਰ੍ਹਾ ਬੀਤ ਰਿਹਾ ਹੈ। 33 ਸਾਲ ਪਹਿਲਾਂ ਸਿੱਖ ਮਾਨਸਿਕਤਾ 'ਤੇ ਲੱਗੇ ਜ਼ਖ਼ਮਾਂ ਨੇ ਵਰ੍ਹਿਆਂ ਦੀ ਇਸ ਇਬਾਰਤ ਵਿਚ ਇਕ ਹੋਰ ਪੰਨਾ ਜੋੜ ਦਿੱਤਾ ਹੈ। ਜ਼ਖ਼ਮ ਜੋ ਡੂੰਘੇ ਵੀ ਹਨ, ਦੁਖਦਾਈ ਵੀ ਅਤੇ ਰਾਹ ਦਰਸਾਵੇ ਵੀ। ਜ਼ਖ਼ਮ ਜੋ ਪੀੜ ਵੀ ਦਿੰਦੇ ਹਨ ਅਤੇ ਰਾਹ ਵੀ ਰੁਸ਼ਨਾਉਂਦੇ ਹਨ। ਜ਼ਖ਼ਮ ਜੋ ਅਤੀਤ ਵੱਲ ਵੀ ਜਾਂਦੇ ਹਨ ਅਤੇ ਜੋ ਭਵਿੱਖ ਘੜਨ ਦੀ ਸਮਰੱਥਾ ਵੀ ਰੱਖਦੇ ਹਨ। ਇਤਿਹਾਸ ਵਿਚ ਅਜਿਹੇ ਜ਼ਖ਼ਮ ਬਹੁਤ ਥੋੜ੍ਹੇ ਹੁੰਦੇ ਹਨ, ਜੋ ਕੌਮਾਂ ਦਾ ਜੀਵਨ ਪਲਟ ਦਿੰਦੇ ਹਨ। ਫੈਸਲਾਕੁੰਨ ਜ਼ਖ਼ਮ, ਜੋ ਦੁਖਦਾਈ ਹੁੰਦੇ ਹੋਏ ਵੀ ਰੌਸ਼ਨੀ ਦੀ ਮਸ਼ਾਲ ਬਣਕੇ ਆਉਂਦੇ ਹਨ। ਜੋ ਅਤੀਤ ਨਾਲ ਵੀ ਜਾ ਜੁੜਦੇ ਹਨ, ਵਰਤਮਾਨ ਨਾਲ ਲਗਾਤਾਰ ਖਹਿੰਦੇ ਰਹਿੰਦੇ ਹਨ ਅਤੇ ਭਵਿੱਖ ਲਈ ਰੌਸ਼ਨੀ ਕਰਦੇ ਨਜ਼ਰ ਆਉਂਦੇ ਹਨ। ਜੂਨ 1984 ਦੇ ਜ਼ਖ਼ਮ ਸਿੱਖ ਕੌਮ ਲਈ ਦੁਖਦਾਈ ਹੋਣ ਦੇ ਨਾਲ ਨਾਲ ਫੈਸਲਾਕੁੰਨ ਵੀ ਬਣ ਗਏ ਹਨ। ਜੂਨ 1984 ਸਿੱਖਾਂ ਲਈ 'ਜ਼ੀਰੋ ਆਵਰ' ਬਣ ਗਿਆ ਹੈ। ਉਸੇ ਦਿਨ ਤੋਂ ਸਿੱਖਾਂ ਨੇ ਆਪਣੇ ਅਤੀਤ, ਵਰਤਮਾਨ ਅਤੇ ਭਵਿੱਖ ਬਾਰੇ ਮੁੜ ਤੋਂ ਸੋਚਣਾ ਅਰੰਭ ਕਰ ਦਿੱਤਾ ਸੀ।

ਪਿਛਲੇ 33 ਸਾਲਾਂ ਤੋਂ ਕੌਮ ਇਕ ਦਰਦਮਈ ਪੀੜ ਆਪਣੇ ਵਜੂਦ ਨਾਲ ਲਈ ਫਿਰ ਰਹੀ ਹੈ। ਉਹ ਪੀੜ ਜਿਸ ਨੂੰ ਘਟਾਉਣ ਲਈ ਕਿਸੇ ਪਾਸਿਓਂ ਵੀ ਕੋਈ ਯਤਨ ਨਹੀਂ ਹੋ ਰਿਹਾ। ਬਲਕਿ ਵਾਰ ਵਾਰ ਸਿੱਖਾਂ ਨੂੰ ਯਾਦ ਕਰਵਾਇਆ ਜਾ ਰਿਹਾ ਹੈ ਕਿ 'ਅਜਿਹਾ ਫਿਰ ਵੀ ਵਾਪਰ ਸਕਦਾ ਹੈ।' ਅਜਿਹੇ ਜ਼ਖ਼ਮ ਜੋ ਹਰ ਨਵੀਂ ਸਵੇਰ ਤੁਹਾਡੇ ਸਾਹਮਣੇ ਆ ਖਲੋਣ ਅਤੇ ਤੁਸੀਂ ਚਾਹੁੰਦੇ ਹੋਏ ਵੀ ਉਨ੍ਹਾਂ ਤੋਂ ਪਾਸਾ ਨਾ ਵੱਟ ਸਕੋਂ ਅਜਿਹੇ ਜ਼ਖ਼ਮ ਸੱਚਮੁਚ ਸਾਂਭਣਯੋਗ ਹੁੰਦੇ ਹਨ। ਸਿਰਫ ਸਾਂਭਣਯੋਗ ਹੀ ਨਹੀਂ ਬਲਕਿ ਅਜਿਹੇ ਜ਼ਖ਼ਮ ਨੂੰ ਰੌਸ਼ਨੀ ਵਿਚ ਬਦਲਣ ਦੀ ਲੋੜ ਹੁੰਦੀ ਹੈ।

ਇੰਗਲੈਂਡ ਦੇ 180 ਸਕੂਲੀ ਵਿਦਿਆਰਥੀਆਂ ਦਾ ਇਕ ਗਰੁੱਪ ਮਈ 2012 ਦੇ ਮਹੀਨੇ ਪੋਲੈਂਡ ਦੀ ਉਸ ਇਤਿਹਾਸਕ ਧਰਤੀ (ਔਸ਼ਵਿਟਜ਼) ਦਾ ਸਰਕਾਰੀ ਸਹਾਇਤਾ ਨਾਲ ਦੌਰਾ ਕਰਕੇ ਆਇਆ ਜਿਥੇ 70 ਸਾਲ ਪਹਿਲਾ ਨਾਜ਼ੀਆਂ ਨੇ 15 ਲੱਖ ਲੋਕਾਂ ਨੂੰ ਕਤਲ ਕਰ ਦਿੱਤਾ ਸੀ। ਨੌਜਵਾਨਾਂ ਦੇ ਇਸ ਗਰੁੱਪ ਦੀ ਅਗਵਾਈ ਕਰਨ ਵਾਲੇ ਅਧਿਆਪਕਾਂ ਨੇ ਹਫਤਾਵਾਰੀ ਅਖਬਾਰ 'ਵਾਲਸਾਲ ਐਡਵਰਟਾਈਜ਼ਰ' ਦੇ ਰਿਪੋਰਟਰ ਨੂੰ ਦੱਸਿਆ ਇਸ ਦੌਰੇ ਦਾ ਮੰਤਵ ਸੀ ਕਿ "ਇਸ ਧਰਤੀ 'ਤੇ ਜਾਨਾਂ ਵਾਰ ਗਏ ਲੱਖਾਂ ਲੋਕ ਕਿਤੇ ਇਹ ਨਾ ਸਮਝਣ ਕਿ ਲੋਕ ਸਾਨੂੰ ਭੁੱਲ ਗਏ ਹਨ।" ਉਨ੍ਹਾਂ ਇਹ ਵੀ ਦੱਸਿਆ ਕਿ "ਅਸੀਂ ਭਵਿੱਖ ਦੇ ਅਧਿਆਪਕਾਂ, ਰਾਜਨੀਤੀਵਾਨਾਂ, ਵਪਾਰੀਆਂ, ਮਾਪਿਆਂ ਅਤੇ ਭਾਈਚਾਰੇ ਦੇ ਮੁਖੀਆਂ ਨੂੰ ਆਪਣੇ ਅਤੀਤ ਅਤੇ ਇਤਿਹਾਸ ਦੀ ਜਾਣਕਾਰੀ ਨਾਲ ਲੈਸ ਕਰਨਾ ਚਾਹੁੰਦੇ ਹਾਂ।"

ਸੱਚਮੁਚ ਇਤਿਹਾਸ ਦੇ ਵੱਡੇ ਫੈਸਲਾਕੁਨ ਜ਼ਖ਼ਮ ਇਸੇ ਲਈ ਸਾਂਭਣਯੋਗ ਹੁੰਦੇ ਹਨ ਤਾਂ ਕਿ ਭਵਿੱਖ ਦੀਆਂ ਪੀੜ੍ਹੀਆਂ ਨੂੰ ਉਸ ਦੌਰ ਦੀ ਪੀੜ ਅਤੇ ਪੀੜ ਦੇ ਸਬਕਾਂ ਨਾਲ ਲੈਸ ਕੀਤਾ ਜਾ ਸਕੇ। ਇੰਗਲੈਂਡ ਦੇ ਇਨ੍ਹਾਂ ਨੌਜਵਾਨ ਵਿਦਿਆਰਥੀਆਂ ਨੇ ਅਖ਼ਬਾਰ ਦੇ ਨੁਮਾਇੰਦੇ ਬੌਬੀ ਬਰਿੱਜ ਨਾਲ ਗੱਲਬਾਤ ਕਰਦਿਆਂ ਆਖਿਆ, "ਇਸ ਇਤਿਹਾਸਕ ਦੌਰੇ ਨੇ ਸਾਨੂੰ ਨਾਜ਼ੀਆਂ ਦੀ ਫਿਤਰਤ ਅਤੇ ਮਾਨਸਿਕਤਾ ਨੂੰ ਸਮਝਣ ਦੇ ਯੋਗ ਬਣਾਇਆ ਹੈ।"

ਅਸੀਂ ਸਮਝਦੇ ਹਾਂ ਕਿ ਮਨੁੱਖੀ ਇਤਿਹਾਸ ਦੇ ਸਭ ਤੋਂ ਵੱਡੇ ਮਹਾਂਨਾਸ਼ ਵਾਲੀ ਥਾਂ ਦਾ ਦੌਰਾ ਕਰਕੇ ਆਏ ਵਿਦਿਆਰਥੀਆਂ ਦਾ ਬਿਆਨ ਆਪਣੇ ਆਪ ਵਿਚ ਇਤਿਹਾਸਕ ਹੈ ਕਿਉਂਕਿ ਕਿਸੇ ਵੀ ਸਰਬਨਾਸ਼, ਘੱਲੂਘਾਰੇ ਜਾਂ ਜ਼ਖ਼ਮ ਨੂੰ ਰੌਸ਼ਨੀ ਵਿਚ ਬਦਲਣ ਲਈ ਅਜਿਹਾ ਕਾਰਾ ਕਰਨ ਵਾਲੇ ਹਾਕਮਾਂ ਦੀ ਮਾਨਸਿਕਤਾ ਅਤੇ ਉਨ੍ਹਾਂ ਦੀ ਢੋਈ ਬਣ ਰਹੇ ਸਮਾਜੀ ਅਧਾਰ ਦੀ ਜਾਣਕਾਰੀ ਹਾਸਲ ਕਰਨੀ ਬਹੁਤ ਜ਼ਰੂਰੀ ਹੁੰਦੀ ਹੈ। ਸਿਆਣੀਆਂ ਕੌਮਾਂ ਉਹ ਹੁੰਦੀਆਂ ਹਨ ਜੋ ਜ਼ਖ਼ਮਾਂ ਦੀ ਪੀੜ ਦੇ ਦਰਦ ਹੇਠ ਨਾ ਦਬਣ ਅਤੇ ਨਾ ਹੀ ਜ਼ਖ਼ਮਾਂ ਨੂੰ ਵਿਕਾਊ ਮਾਲ ਵਾਂਗ ਵੇਚਣ ਦੇ ਰਾਹ ਪੈ ਜਾਣ। ਇਸ ਦਿਸ਼ਾ ਵਿਚ ਯਹੂਦੀ ਕੌਮ ਨੇ ਕਾਫੀ ਗੰਭੀਰ ਖੋਜ ਕੀਤੀ ਹੈ। ਉਨ੍ਹਾਂ ਨੇ ਆਪਣੇ ਸਾਰੇ ਸਾਧਨ ਝੋਕ ਕੇ ਨਾਜ਼ੀਆਂ ਦੇ ਕਾਰੇ ਦਾ ਇਤਿਹਾਸ ਦੀ ਨਜ਼ਰ ਤੋਂ, ਸਮਾਜਿਕ ਵਿਗਿਆਨ ਦੀ ਨਜ਼ਰ ਤੋਂ, ਮਾਨਸਿਕ ਵਿਗਿਆਨ ਦੀ ਨਜ਼ਰ ਤੋਂ, ਆਰਥਿਕ ਨਜ਼ਰ ਤੋਂ, ਭੂਗੋਲਿਕ ਨਜ਼ਰ ਤੋਂ ਬਹੁਤ ਹੀ ਗੰਭੀਰ ਅਧਿਐਨ ਕੀਤਾ ਅਤੇ ਅਜਿਹੇ ਕਾਰੇ ਭਵਿੱਖ ਵਿਚ ਨਾ ਵਾਪਰਨ ਇਸ ਦਾ ਬਾਖੂਬ ਪ੍ਰਬੰਧ ਕੀਤਾ। ਥੋੜ੍ਹੇ ਜਿਹੇ ਸਮੇਂ ਵਿਚ ਹੀ ਯਹੂਦੀ ਕੌਮ ਅੱਜ ਸੰਸਾਰ ਭਰ ਦੀ ਰਾਜਨੀਤੀ, ਇਤਿਹਾਸ ਅਤੇ ਆਰਥਿਕਤਾ ਨੂੰ ਚਲਾਉਣ ਦੇ ਕਾਬਲ ਹੋ ਗਈ ਹੈ।

ਜੂਨ 1984 ਦੇ ਜ਼ਖ਼ਮਾਂ ਨੇ ਵੀ ਸਿੱਖਾਂ ਲਈ ਕੁਝ ਅਜਿਹੇ ਹੀ ਸੰਦੇਸ਼ ਦਿੱਤੇ ਸਨ। ਜਿਸ ਤਰ੍ਹਾਂ ਯਹੂਦੀਆਂ ਨੇ ਆਪਣੇ ਜ਼ਖ਼ਮਾਂ ਨੂੰ ਰੌਸ਼ਨੀ ਵਿਚ ਬਦਲਿਆ ਹੈ ਸਿੱਖਾਂ ਲਈ ਵੀ 1984 ਦੇ ਜ਼ਖ਼ਮਾਂ ਨੂੰ ਰੌਸ਼ਨੀ ਵਿਚ ਬਦਲਣ ਦਾ ਮੌਕਾ ਸੀ ਅਤੇ ਹੈ। ਜ਼ਖ਼ਮਾਂ ਨੂੰ ਰੌਸ਼ਨੀ ਵਿਚ ਬਦਲਣ ਲਈ ਕਿਸੇ ਵੀ ਕੌਮ ਨੂੰ ਅਧਿਆਤਮਵਾਦ ਅਤੇ ਰੂਹਾਨੀਅਤ ਦੇ ਨਾਲ ਨਾਲ ਫਲਸਫੇ ਅਤੇ ਇਤਿਹਾਸ ਦੇ ਡੂੰਘੇ ਪਾਣੀਆਂ ਵਿਚ ਉਤਰਨਾ ਪੈਂਦਾ ਹੈ। ਅਧਿਆਤਮਵਾਦ ਅਤੇ ਰੂਹਾਨੀਅਤ ਕੌਮ ਦੇ ਉਂਚੇ ਇਖਲਾਕ ਦਾ ਜ਼ਾਮਨ ਬਣਦਾ ਹੈ ਅਤੇ ਫਲਸਫੇ ਦਾ ਡੂੰਘਾ ਅਧਿਐਨ ਭਵਿੱਖ ਦਾ ਰਾਹ ਰੁਸ਼ਨਾਉਂਦਾ ਹੈ।

ਪਰ ਅੱਜ 33 ਸਾਲਾਂ ਬਾਅਦ ਕਹਿਣਾ ਪੈ ਰਿਹਾ ਹੈ ਕਿ ਏਨੇ ਵੱਡੇ ਜ਼ਖ਼ਮ ਜੋ ਹਰ ਰੰਗ ਦੇ ਸਿੱਖਾਂ ਦੇ ਜੀਵਨ ਵਿਚ ਹਰ ਰੋਜ਼ ਵਾਰ ਵਾਰ ਦਸਤਕ ਦਿੰਦੇ ਹਨ ਹਾਲੇ ਵੀ ਰੌਸ਼ਨੀ ਦੀ ਮਿਸ਼ਾਲ ਨਹੀਂ ਬਣ ਸਕੇ।

**1984 ਦੇ ਜ਼ਖ਼ਮਾਂ ਦਾ ਕੇਂਦਰੀ ਸੱਚ ਕੀ ਸੀ ?**

ਜੂਨ 1984 ਦੇ ਜ਼ਖ਼ਮ ਭਾਰਤ ਨੂੰ ਇਕੋ ਸਾਂਝੀ ਕੌਮੀਅਤ ਦੇ ਰੂਪ ਵਿਚ ਉਸਾਰ ਕੇ ਵੱਖ ਵੱਖ ਧਾਰਮਿਕ ਅਤੇ ਸੱਭਿਆਚਾਰਕ ਭਾਈਚਾਰਿਆਂ ਦੀ ਇਤਿਹਾਸਕ ਹੋਂਦ ਅਤੇ ਹਸਤੀ ਨੂੰ ਮਿਟਾ ਦੇਣ ਦਾ ਪਹਿਲਾ ਸੰਗਠਿਤ ਯਤਨ ਸੀ। ਬੇਸ਼ੱਕ ਇਸ ਦਿਸ਼ਾ ਵਿਚ ਗੈਰ ਫੌਜੀ ਕੋਸ਼ਿਸ਼ਾਂ ਤਾਂ 1947 ਵੇਲੇ ਤੋਂ ਹੀ ਅਰੰਭ ਹੋ ਗਈਆਂ ਸਨ ਪਰ ਸੰਨ 1947 ਤੋਂ ਬਾਅਦ ਭਾਰਤ ਦੀ ਸੱਤਾ 'ਤੇ ਕਾਬਜ਼ ਹੋਏ ਲੋਕਾਂ ਦੀਆਂ ਗਿਣਤੀਆਂ ਮਿਣਤੀਆਂ ਜਦੋਂ ਮੂੰਹਜ਼ੋਰ ਧਾਰਮਿਕ ਅਤੇ ਸਭਿਆਚਾਰਕ ਵਿਭਿੰਨਤਾ ਦੇ ਸੱਚ ਅੱਗੇ ਢਹਿਢੇਰੀ ਹੋ ਗਈਆਂ ਤਾਂ ਇਕੋ ਭਾਰਤੀ ਕੌਮ ਦੇ ਅਧਾਰ 'ਤੇ 'ਨੇਸ਼ਨ ਸਟੇਟ' ਦੇ ਸੰਕਲਪ ਨੂੰ ਮਜ਼ਬੂਤ ਕਰਨ ਲਈ ਅਤੇ ਵੱਖ ਵੱਖ ਕੌਮੀਅਤਾਂ ਦੇ ਗੁਲਦਸਤੇ ਨੂੰ ਖਿੰਡਾ ਦੇਣ ਲਈ ਸ੍ਰੀ ਹਰਿਮੰਦਰ ਸਾਹਿਬ 'ਤੇ ਹੱਲਾ ਬੋਲਣ ਦਾ ਫੈਸਲਾ ਕੀਤਾ ਗਿਆ।

ਇਸ ਸਥਿਤੀ ਦੇ ਸੰਦਰਭ ਵਿਚ ਸਿੱਖ ਵਿਦਵਾਨਾਂ ਲਈ ਸਭ ਤੋਂ ਮਹੱਤਵਪੂਰਨ ਕੰਮ ਸਿੱਖ ਕੌਮ 'ਤੇ ਹਮਲਾ ਕਰਨ ਵਾਲੇ ਸਮੂਹ ਦੇ 'ਵਿਸ਼ਵਾਸ਼ਾਂ ਅਤੇ ਮਾਨਸਿਕਤਾ' ਦਾ ਅਧਿਐਨ ਕਰਨ ਦਾ ਸੀ। ਇਸ ਅਧਿਐਨ ਦੇ ਸਿੱਟਿਆਂ ਦੇ ਅਧਾਰ 'ਤੇ ਹੀ ਕੌਮ ਨੂੰ ਨਰੋਈ ਭਵਿੱਖੀ ਦਿਸ਼ਾ ਵੱਲ ਤੋਰਿਆ ਜਾ ਸਕਦਾ ਸੀ। 1984 ਨੇ ਅਧਿਐਨ ਦੇ ਖੇਤਰ ਵਿਚ ਕੰਮ ਕਰਨ ਵਾਲੇ ਸਿੱਖਾਂ ਲਈ ਬਹੁਤ ਹੀ ਵੱਡੇ ਮੌਕੇ ਪ੍ਰਦਾਨ ਕੀਤੇ ਸਨ। ਪਰ ਹਾਲੇ ਤਕ ਵੀ ਕੌਮ 1984 ਦੇ ਜ਼ਖ਼ਮਾਂ ਨੂੰ ਰੌਸ਼ਨੀ ਵਿਚ ਬਦਲਣ ਦੇ ਰਾਹ ਪਈ ਨਜ਼ਰ ਨਹੀਂ ਆ ਰਹੀ।

ਦੁਖ ਨਾਲ ਕਹਿਣਾ ਪੈ ਰਿਹਾ ਹੈ ਕਿ 1984 ਦੇ ਦੁਖਾਂਤ ਤੋਂ ਬਾਅਦ ਸਿੱਖ ਕੌਮ ਪੂਰੀ ਤਰ੍ਹਾਂ ਰਾਜਨੀਤਕ ਹੋ ਕੇ ਰਹਿ ਗਈ ਹੈ। ਕੌਮ ਦੇ ਸੁਭਾਅ ਅਤੇ ਚਰਿੱਤਰ ਵਿਚ ਜੋ ਵੱਡੀ ਤਬਦੀਲੀ ਆਈ ਹੈ ਉਹ ਆਸ਼ਾਜਨਕ ਨਹੀਂ ਹੈ। ਰਾਜਨੀਤੀ ਕੌਮ ਦੇ ਸੁਭਾਅ ਅਤੇ ਮਾਨਸਿਕਤਾ ਦਾ ਏਨਾ ਵੱਡਾ ਅੰਗ ਬਣ ਗਈ ਹੈ ਕਿ ਇਹ ਇਕ ਤਰ੍ਹਾਂ ਨਾਲ ਕੌਮ ਦੇ ਵਜੂਦ ਦੁਆਲੇ ਚਿੰਬੜ ਹੀ ਗਈ ਹੈ। ਅੱਜ ਪੂਰੀ ਕੌਮ ਪ੍ਰਤੀਕਿਰਿਆਵਾਦੀ ਰਾਜਨੀਤਕ ਬਣ ਕੇ ਹੀ ਰਹਿ ਗਈ ਹੈ। ਪਿਛਲੇ 33 ਸਾਲਾਂ ਦੀ ਕੌਮ ਦੀ ਰਾਜਨੀਤੀ ਸਿਰਫ ਪ੍ਰਤੀਕਰਮਾਂ ਦੀ ਰਾਜਨੀਤੀ ਹੀ ਰਹੀ ਹੈ। ਜਿਸ ਵਿਚ ਨਾ ਕੋਈ ਗੰਭੀਰਤਾ ਹੈ ਨਾ ਉਂਚੀ ਉਡਾਰੀ ਅਤੇ ਨਾ ਹੀ ਦੂਰ ਤਕ ਦੇਖ ਸਕਣ ਵਾਲੀ ਨਜ਼ਰ। ਕੌਮ ਵਿਚ ਕੁਝ ਉਸਾਰ ਸਕਣ ਦੀ ਸਮਰਥਾ ਕਿਤੇ ਵੀ ਨਜ਼ਰ ਨਹੀਂ ਆ ਰਹੀ। ਬੇਸ਼ੱਕ 1984 ਦੇ ਜ਼ਖ਼ਮਾਂ ਨੇ ਕੌਮ ਨੂੰ ਖੰਡਰਾਤਾਂ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ ਸੀ ਪਰ ਸਮਰੱਥ ਕੌਮਾਂ ਖੰਡਰਾਤਾਂ ਉਤੇ ਵੀ ਕਿਣਕਾ ਕਿਣਕਾ ਜੋੜ ਕੇ ਕੁਝ ਉਸਾਰ ਲਿਆ ਕਰਦੀਆਂ ਹਨ। ਸਿੱਖ ਕੌਮ ਅੱਜ ਏਨੀ ਰਾਜਨੀਤਕ ਹੋ ਗਈ ਹੈ ਕਿ ਇਸਦੇ ਧਰਮ ਦੀ ਵਿਆਖਿਆ ਵੀ ਹੁਣ




ਰਾਜਨੀਤੀ ਦੇ ਗਲਿਆਰਿਆਂ ਵਿਚੋਂ ਹੋਣ ਲੱਗ ਪਈ ਹੈ। ਪ੍ਰਤੀਕਿਰਿਆ ਦੀ ਇਸ ਰਾਜਨੀਤੀ ਨੇ ਧਰਮ-ਰਾਜਨੀਤੀ ਦੇ ਪਵਿੱਤਰ ਰਿਸ਼ਤੇ ਨੂੰ ਰਾਜਨੀਤੀ-ਧਰਮ ਦੇ ਰਿਸ਼ਤੇ ਵਿਚ ਤਬਦੀਲ ਕਰਕੇ ਰੱਖ ਦਿੱਤਾ ਹੈ। ਕੌਮ ਦੇ ਵੱਡੇ ਹਿੱਸੇ ਦਾ ਦਿਨ ਰੂਹਾਨੀਅਤ ਨਾਲ ਭਰਪੂਰ ਗੁਰਾਂ ਦੀ ਬਾਣੀ ਨਾਲ ਅਰੰਭ ਨਹੀਂ ਹੁੰਦਾ ਬਲਕਿ ਅਖਬਾਰਾਂ ਦੀਆਂ ਸੁਰਖੀਆਂ ਨਾਲ ਅਰੰਭ ਹੁੰਦਾ ਹੈ ਅਤੇ ਟੈਲੀਵਿਜ਼ਨ ਦੀਆਂ ਖਬਰਾਂ ਨਾਲ ਸਮਾਪਤ ਹੋ ਜਾਂਦਾ ਹੈ। ਗੁਰਬਾਣੀ ਦਾ ਫਲਸਫਾ ਹੁਣ ਸਾਡੀ ਅਗਵਾਈ ਕਰਦਾ ਪ੍ਰਤੀਤ ਨਹੀਂ ਹੁੰਦਾ ਬਲਕਿ ਨੀਵੇਂ ਦਰਜੇ ਦੇ ਰਾਜਨੀਤੀਵਾਨਾਂ ਦੇ ਡੰਗਟਪਾਊ ਭਾਸ਼ਨ ਸਾਡੀ ਅਗਵਾਈ ਕਰਦੇ ਹਨ।

ਜੂਨ 1984 ਦੇ ਦੁਖਾਂਤ ਨੇ ਸਾਨੂੰ ਜਿਨ੍ਹਾਂ ਸੁਆਲਾਂ ਦੇ ਸਾਹਮਣੇ ਖੜ੍ਹਾ ਕੀਤਾ ਸੀ ਅਤੇ ਜਿਨ੍ਹਾਂ ਦੇ ਜੁਆਬ ਲੱਭਣੇ ਸਾਡੀ ਜ਼ਿੰਮੇਵਾਰੀ ਸੀ ਉਨ੍ਹਾਂ ਸੁਆਲਾਂ ਤੋਂ ਜਾਂ ਤਾਂ ਅਸੀਂ ਪਾਸਾ ਵੱਟ ਰਹੇ ਹਾਂ ਜਾਂ ਉਨ੍ਹਾਂ ਦਾ ਸਾਹਮਣਾ ਕਰਨ ਤੋਂ ਅਸਮਰਥ ਹਾਂ ।

ਸਿੱਖ ਕੌਮ ਦੇ ਸਾਹਮਣੇ ਪੈਦਾ ਹੋਈ ਸਥਿਤੀ ਦੀ ਗੰਭੀਰਤਾ ਨੂੰ ਸੀਨੀਅਰ ਪੱਤਰਕਾਰ ਐਮ.ਜੇ. ਅਕਬਰ ਨੇ ਬੁੱਝ ਲਿਆ ਸੀ ਉਨ੍ਹਾਂ ਸਿੱਖਾਂ ਨੂੰ ਦਰਪੇਸ਼ ਚੁਣੌਤੀ ਦੀ ਵਿਆਖਿਆ ਕਰਦਿਆਂ ਆਖਿਆ ਸੀ-

"ਸਿੱਖ ਮੁਸਲਮਾਨਾਂ ਦੇ ਹਥਿਆਰਾਂ ਵਿਰੁੱਧ ਕਹਿਰਾਂ ਦੀ ਜੰਗ ਵਿਚੋਂ ਤਾਂ ਸਬੂਤੇ ਬਚ ਨਿਕਲੇ ਸਨ ਪਰ ਹਿੰਦੂ ਦੀ ਬੁੱਧੀ ਨਾਲ ਸੰਗਰਾਮ ਵਿਚੋਂ ਵੀ ਕੀ ਉਹ ਬਚ ਪਾਉਣਗੇ ?"

ਨਿਰਸੰਦੇਹ 1984 ਕੋਈ 'ਕੱਲੀ ਕਹਿਰੀ ਘਟਨਾ ਨਹੀਂ ਸੀ ਇਹ ਇਕ ਵਰਤਾਰਾ ਸੀ ਜੋ ਅੱਜ ਵੀ ਚੱਲ ਰਿਹਾ ਹੈ। ਜੂਨ 1984 ਵਿਚ ਜੋ ਵਰਤਾਰਾ ਫੌਜੀ ਹਥਿਆਰਾਂ ਨਾਲ ਵਰਤਾਇਆ ਜਾ ਰਿਹਾ ਸੀ ਉਹ ਹੁਣ ਬੁੱਧੀ ਦੇ ਹਥਿਆਰ ਨਾਲ ਵਰਤਾਇਆ ਜਾ ਰਿਹਾ ਹੈ। ਬੇਸ਼ੱਕ ਜੂਨ 1984 ਵਿਚ ਵੀ ਵੱਡੀ ਲੋੜ ਬੁੱਧੀ ਦੇ ਮੋਰਚੇ ਨੂੰ ਇਕਦਮ ਮੱਲ ਲੈਣ ਦੀ ਸੀ ਪਰ ਉਸ ਦੁਖਾਂਤ ਦਾ ਦਰਦ ਹੀ ਏਨਾ ਗੰਭੀਰ ਸੀ ਕਿ ਕੌਮ ਦੇ ਇਕ ਵੱਡੇ ਹਿੱਸੇ ਨੇ ਹਥਿਆਰਾਂ ਦਾ ਰਾਹ ਫੜ ਲਿਆ। ਦੁੱਖ ਦੀ ਗੱਲ ਇਹ ਹੈ ਕਿ ਬੁੱਧੀ ਦੀ ਜੰਗ ਲੜਣ ਲਈ ਕੋਈ ਵੱਡਾ ਜਰਨੈਲ ਮੈਦਾਨ ਵਿਚ ਨਹੀਂ ਆ ਰਿਹਾ। ਜੇ ਕੌਮ 'ਤੇ ਹਮਲਾ ਕਰਨ ਵਾਲਿਆਂ ਦੀ 'ਫਿਤਰਤ ਅਤੇ ਮਾਨਸਿਕਤਾ' ਨੂੰ ਸਮਝਣਾਂ ਹੈ ਅਤੇ ਜੇ "ਭਵਿੱਖ ਦੇ ਅਧਿਆਪਕਾਂ, ਰਾਜਨੀਤੀਵਾਨਾਂ, ਵਪਾਰੀਆਂ, ਮਾਪਿਆਂ ਅਤੇ ਭਾਈਚਾਰੇ ਦੇ ਮੁਖੀਆਂ ਨੂੰ ਆਪਣੇ ਅਤੀਤ ਅਤੇ ਇਤਿਹਾਸ ਦੀ ਜਾਣਕਾਰੀ ਨਾਲ ਲੈਸ ਕਰਨਾ ਚਾਹੁੰਦੇ ਹਾਂ" ਤਾਂ ਬੁੱਧੀ ਦੇ ਮੈਦਾਨ ਵਿਚ ਵੱਡੀ ਜੰਗ ਲੜਨ ਲਈ ਯਤਨ ਕਰਨੇ ਪੈਣਗੇ। 1984 ਕੋਈ ਇਕਹਿਰੀ ਘਟਨਾ ਨਹੀਂ ਹੈ ਇਹ ਇਕ ਸਮੁੱਚਾ ਵਰਤਾਰਾ ਹੈ ਜੋ ਅੱਜ ਵੀ ਵਰਤ ਰਿਹਾ ਹੈ। 1984 ਦੇ ਵਰਤਾਰੇ ਦਾ ਕੇਂਦਰੀ ਸੱਚ 'ਨਸਲਕੁਸ਼ੀ ਵਾਲੀ ਪਹੁੰਚ' ਹੈ ਅਤੇ ਉਹ ਪਹੁੰਚ ਅਤੇ ਉਹੋ ਹੀ ਵਤੀਰਾ ਅੱਜ ਵੀ ਸਾਡੇ ਨਾਲ ਵਾਪਰ ਰਿਹਾ ਹੈ।

ਵਰਤਮਾਨ ਹਮਲਾ ਅਕਾਦਮਿਕ ਖੇਤਰ ਵਿਚ ਹੋ ਰਿਹਾ ਹੈ ਅਤੇ ਬਹੁਤ ਹੀ ਵਸੀਹ ਪੈਮਾਨੇ 'ਤੇ ਹੋ ਰਿਹਾ ਹੈ। ਬੋਲੀ ਦਾ ਹਿੰਦੀਕਰਨ, ਸਭਿਆਚਾਰ ਦਾ ਹਿੰਦੀਕਰਨ, ਧਰਮ ਦੀ ਵਿਗੜੀ ਵਿਆਖਿਆ, ਸਿੱਖ ਵਿਦਵਾਨਾਂ ਲਈ ਵਿਕਾਸ ਦੇ ਸਾਰੇ ਰਾਹ ਬੰਦ ਕਰਨੇ, ਕੌਮ ਨੂੰ ਸਮੁੱਚੇ ਤੌਰ 'ਤੇ ਰਾਜਨੀਤਕ ਵਿਸ਼ ਨਾਲ ਲਬਰੇਜ਼ ਕਰ ਦੇਣਾ, ਆਰਥਿਕ ਤਬਾਹੀ ਦੇ ਸੂਖਮ ਯਤਨ, ਮੀਡੀਆ 'ਤੇ ਕੰਟਰੋਲ ਅਤੇ ਵੱਖਰੇ ਵਿਚਾਰ ਰੱਖਣ ਵਾਲਿਆਂ ਦੀ ਮੀਡੀਆ ਵਿਚੋਂ ਨਿਕਾਸੀ ਜਾਂ ਦਾਖਲਾ ਬੰਦ, ਗੁਰਬਾਣੀ ਦੀ ਭਾਰਤੀ ਨੇਸ਼ਨ ਸਟੇਟ ਦੇ ਸੂਤ ਬਹਿੰਦੀ ਵਿਆਖਿਆ ਅਤੇ ਇਸਦੇ ਨਾਲ ਹੀ ਹੋਰ ਬਹੁਤ ਸਾਰੇ ਮੋਰਚੇ ਹਨ ਜਿਨ੍ਹਾਂ 'ਤੇ ਲਗਾਤਾਰ ਕੰਮ ਹੋ ਰਿਹਾ ਹੈ। ਇਨ੍ਹਾਂ ਸਾਰੇ ਯਤਨਾਂ ਦਾ ਮਕਸਦ ਉਹ ਹੀ ਹੈ ਜੋ ਜੂਨ 1984 ਵਿਚ ਸੀ ਸਮੁੱਚੇ ਦੇਸ਼ ਨੂੰ ਇਕੋ ਸਰਬਸਾਂਝੀ ਭਾਰਤੀ ਕੌਮ ਵਿਚ ਤਬਦੀਲ ਕਰਨਾ ਅਤੇ ਕੌਮੀ ਨਿਆਰੇਪਣ ਨੂੰ ਮਲੀਆਮੇਟ ਕਰਨਾ। ਸਾਮਰਾਜੀ ਤਾਕਤਾਂ ਕੌਮਾਂਤਰੀ ਪੱਧਰ 'ਤੇ ਦੁਨੀਆਂ ਦੇ 'ਮੈਕਡੌਨਲਡੀਕਰਨ' ਦੀ ਜੋ ਮੁਹਿੰਮ ਚਲਾ ਰਹੀਆਂ ਹਨ, ਭਾਰਤੀ ਸਟੇਟ ਉਸ ਨੂੰ 'ਹਿੰਦੀਕਰਨ' ਦੇ ਮਾਡਲ 'ਤੇ ਉਸਾਰ ਰਹੀ ਹੈ।

1984 ਦੇ ਵਰਤਾਰੇ ਨੇ ਸਿੱਖਾਂ ਲਈ ਸਭ ਤੋਂ ਵੱਡੀ ਚੁਣੌਤੀ ਬੌਧਿਕ ਖੇਤਰ ਵਿਚ ਪੈਦਾ ਕੀਤੀ ਹੈ ਪਰ ਦੁੱਖ ਦੀ ਗੱਲ ਹੈ ਕਿ ਸਿੱਖ ਇਸ ਚੁਣੌਤੀ ਦਾ ਸਾਹਮਣਾ ਕਰਨ ਦੀ ਆਪਣੀ ਸਮਰੱਥਾ ਦਾ ਹਾਲੇ ਤਕ ਮੁਜ਼ਾਹਰਾ ਨਹੀਂ ਕਰ ਸਕੇ। ਪ੍ਰਤੀਕਿਰਿਆਵਾਦੀ ਰਾਜਨੀਤੀ ਨੇ ਕੌਮ ਦੇ ਕਥਿਤ ਰਾਜਨੀਤੀਵਾਨਾਂ ਨੂੰ ਤਾਂ ਲਬੇੜਿਆ ਹੀ ਸੀ ਇਸਨੇ ਸਾਡੇ ਧਾਰਮਿਕ ਰਹਿਬਰਾਂ ਦੇ ਨਾਲ ਨਾਲ ਸਾਡੇ ਵਿਦਵਾਨਾਂ ਨੂੰ ਵੀ ਆਪਣੇ ਘਿਨਾਉਣੀ ਲਪੇਟ ਵਿਚ ਲੈ ਲਿਆ ਹੈ। ਜਿਨ੍ਹਾਂ ਵਿਦਵਾਨਾਂ ਦੀ ਜ਼ਿੰਮੇਵਾਰੀ ਬੌਧਿਕਤਾ ਦੇ ਖੇਤਰ ਵਿਚ ਆਪਣੀ ਨਿੱਜੀ ਪਹਿਚਾਣ ਦੀ ਫਿਕਰ ਛੱਡ ਕੇ ਪੁਰਜਾ ਪੁਰਜਾ ਕਟ ਮਰਨ ਦੀ ਸੀ ਉਹ ਵੀ ਟਕੇ ਟਕੇ ਦੀ ਰਾਜਨੀਤੀ ਵਿਚ ਉਲਝੇ ਹੋਏ ਹਨ।

ਇਸ ਸਮੇ ਸਿੱਖ ਕੌਮ ਸਾਹਮਣੇ ਫੌਰੀ ਕਾਰਜ ਬੁੱਧੀ ਦੇ ਖੇਤਰ ਵਿਚ ਜੰਗ ਲੜਣ ਦੇ ਹਨ ਜਿਵੇਂ ਐਮ. ਜੇ. ਅਕਬਰ ਨੇ ਆਖਿਆ ਹੈ। ਜੂਨ 1984 ਵਿਚ ਵੀ ਇਹ ਕਾਰਜ ਪਹਿਲੀ ਤਰਜੀਹ ਸਨ ਅਤੇ ਅੱਜ ਵੀ। ਸਭ ਤੋਂ ਪਹਿਲੀ ਲੋੜ ਹਮਲਾਵਰ ਹੋਈ ਧਿਰ ਦੀ ਫਿਤਰਤ, ਵਿਸ਼ਵਾਸ਼ਾਂ ਅਤੇ ਮਾਨਸਿਕਤਾ ਨੂੰ ਸਮਝਣ ਦੀ ਸੀ। ਬੇਸ਼ੱਕ 1984 ਤਕ, ਕੌਮ ਏਨੀ ਸੁਚੇਤ ਨਹੀਂ ਸੀ ਹੋਈ ਕਿ ਵਿਰੋਧੀ ਦੀ ਫਿਤਰਤ ਬਾਰੇ ਕੋਈ ਬੱਝਵਾਂ ਅਧਿਐਨ ਕਰ ਸਕਦੀ ਹੋਏ ਪਰ ਫਿਰ ਵੀ ਇਸ ਦਿਸ਼ਾ ਵਿਚ ਕੁਝ ਬੌਧਿਕ ਕਾਰਜ ਸਾਡੇ ਲਈ ਰਾਹ ਦਰਸਾਵੇ ਬਣ ਸਕਦੇ ਸਨ (ਅਤੇ ਹਨ)। ਸ. ਜਗਜੀਤ ਸਿੰਘ ਦੀ ਪ੍ਰਸਿੱਧ ਕਿਤਾਬ 'ਸਿੱਖ ਇਨਕਲਾਬ' ਇਸ ਦਿਸ਼ਾ ਵਿਚ ਸਿੱਖਾਂ ਲਈ ਦਾਰਸ਼ਨਿਕ ਮਾਰਗਦਰਸ਼ਕ ਹੋ ਸਕਦੀ ਹੈ। ਇਸ ਦੇ ਨਾਲ ਹੀ ਡਾਕਟਰ ਸਾਧੂ ਸਿੰਘ 'ਹਮਦਰਦ' ਦੀ ਪ੍ਰਸਿੱਧ ਕਿਤਾਬ 'ਯਾਦ ਬਣੀ ਇਤਿਹਾਸ' ਇਸ ਮਾਮਲੇ ਵਿਚ ਸਿੱਖ ਵਿਦਵਾਨਾਂ ਨੂੰ ਵਿਰੋਧੀ ਦੀ ਫਿਤਰਤ ਸਮਝਾਉਣ ਲਈ ਕਾਫੀ ਲਾਹੇਵੰਦੀ ਹੋ ਸਕਦੀ ਹੈ। ਇਸਦੇ ਨਾਲ ਹੀ ਸ. ਅਜੀਤ ਸਿੰਘ ਸਰਹੱਦੀ ਦੀ ਕਿਤਾਬ, 'ਪੰਜਾਬੀ ਸੂਬੇ ਦਾ ਇਤਿਹਾਸ' ਵੀ ਕਾਫੀ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। 1984 ਦੇ ਘੱਲੂਘਾਰੇ ਨੇ ਭਾਰਤ ਵਿਚ ਕੌਮਵਾਦ ਦੇ ਸੰਕਲਪ ਦੀ ਨਸਲਕੁਸ਼ੀ ਕਰਨ ਦਾ ਯਤਨ ਕੀਤਾ ਸੀ। ਕੌਮਾਂ ਦੇ ਨਿਆਰੇਪਣ ਅਤੇ ਪਵਿੱਤਰ ਰਹੁਰੀਤਾਂ 'ਤੇ ਇਹ ਇਕ ਬੱਝਵਾਂ ਹਮਲਾ ਸੀ ਅਤੇ ਫੌਰੀ ਤੌਰ 'ਤੇ ਕੌਮਵਾਦ ਦੇ ਸੰਕਲਪ ਬਾਰੇ ਫੌਰੀ ਖੋਜ ਅਰੰਭ ਹੋਣੀ ਚਾਹੀਦੀ ਸੀ। ਬੇਸ਼ੱਕ ਪਿਛਲੇ 20-25 ਸਾਲਾਂ ਤੋਂ ਭਿਆਨਕ ਦੌਰ ਨੇ ਕੌਮ ਨੂੰ ਫੌਜੀ ਟੱਕਰ ਵਿਚ ਉਲਝਾਈ ਰੱਖਿਆ ਪਰ ਹੁਣ ਵੀ ਇਸ ਦਿਸ਼ਾ ਵਿਚ ਕੋਈ ਵੱਡਾ ਬੌਧਿਕ ਕਾਰਜ ਹੁੰਦਾ ਪ੍ਰਤੀਤ ਨਹੀਂ ਹੋ ਰਿਹਾ। ਧਾਰਮਿਕ ਖੇਤਰ ਵਿਚ ਪ੍ਰੋ. ਹਰਿੰਦਰ ਸਿੰਘ ਮਹਿਬੂਬ ਨੇ ਅਤੇ ਰਾਜਸੀ ਸਮਾਜਕ ਖੇਤਰ ਵਿਚ ਸ. ਅਜਮੇਰ ਸਿੰਘ ਨੇ ਇਸ ਮਸਲੇ ਬਾਰੇ ਕੁਝ ਯਤਨ ਕੀਤੇ ਪਰ ਜਿੰਨਾ ਵੱਡਾ ਮਸਲਾ ਅਤੇ ਖਤਰਾ ਦਰਪੇਸ਼ ਹੈ ਇਹ ਯਤਨ ਉਸਦੇ ਸਾਹਮਣੇ ਬਹੁਤ ਨਿਗੂਣੇ ਹਨ। ਹੁਣ ਤਕ ਚਾਹੀਦਾ ਤਾਂ ਇਹ ਸੀ ਕਿ ਕੌਮਵਾਦ ਦੇ ਸੰਕਲਪ ਬਾਰੇ ਸੈਂਕੜੇ ਕਿਤਾਬਾਂ ਅਤੇ ਖੋਜ ਕਾਰਜ ਸਾਡੇ ਸਾਹਮਣੇ ਪਏ ਹੁੰਦੇ। ਸਿਰਫ ਕੌਮਵਾਦ ਬਾਰੇ ਹੀ ਨਹੀਂ ਬਲਕਿ ਨਸਲਕੁਸ਼ੀ ਬਾਰੇ, ਇਸ ਦੀਆਂ ਵੱਖ ਵੱਖ ਕਿਸਮਾਂ ਬਾਰੇ, ਬੌਧਿਕ, ਸਮਾਜਿਕ, ਧਾਰਮਿਕ, ਸਭਿਆਚਾਰਕ, ਰੂਹਾਨੀ ਅਤੇ ਆਰਥਿਕ, ਸਮਾਜਿਕ ਨਸਲਕੁਸ਼ੀ ਬਾਰੇ ਬਹੁਤ ਦਿਸ਼ਾਵਾਂ ਤੋਂ ਬੌਧਿਕ ਕਾਰਜ ਕੀਤੇ ਜਾ ਸਕਦੇ ਹਨ ਅਤੇ ਸਿੱਖ ਕੌਮ ਦੀ ਸਥਿਤੀ ਦੇ ਸਨਮੁਖ ਉਸ ਸਬੰਧੀ ਅਕਾਦਮਿਕ ਬਹਿਸ ਤੋਰੀ ਜਾ ਸਕਦੀ ਹੈ।

ਪਰ ਹਾਲੇ ਤਕ ਕੌਮ ਦੀ ਪਹਿਲੀ ਅਤੇ ਦੂਜੀ ਪੀੜ੍ਹੀ ਦੇ ਵਿਦਵਾਨਾਂ ਵਲੋਂ ਅਜਿਹਾ ਕੋਈ ਵੱਡਾ ਬੌਧਿਕ ਕਾਰਜ ਹੋਇਆ ਨਜ਼ਰ ਨਹੀਂ ਆ ਰਿਹਾ। ਇਸ ਸਬੰਧੀ ਦੱਖਣੀ ਭਾਰਤ ਦੇ ਵਿਦਵਾਨਾਂ ਵਲੋਂ ਕਾਫੀ ਉੱਚ ਪੱਧਰ ਦਾ ਕਾਰਜ ਕੀਤਾ ਜਾ ਰਿਹਾ ਹੈ। ਦਿੱਲੀ ਯੂਨੀਵਰਸਿਟੀ ਦੇ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਅਤੇ ਪ੍ਰਸਿੱਧ ਸਮਾਜ ਸ਼ਾਸਤਰੀ ਜੀ ਔਲੀਏਸ਼ ਦੀ ਕਿਤਾਬ "©▲✝⇦✿✪▲⇩⇦⬌✡ ↰⇦✝★✿✝✝ ▲ ©▲✝⇦✿✪ ⇦✪ 9✪➢⇦▲" ਇਸਦੀ ਉਤਮ ਮਿਸਾਲ ਹੈ। ਬੌਧਿਕਤਾ ਦੇ ਖੇਤਰ ਵਿਚ ਜੀ ਔਲੀਏਸ਼ ਨੇ ਸਰਬਸਾਂਝੀ ਭਾਰਤੀ ਕੌਮ ਦੇ ਸੰਕਲਪ ਦਾ ਜਿੰਨੀ ਡੂੰਘਾਈ ਨਾਲ ਅਧਿਐਨ ਕੀਤਾ ਹੈ ਅਤੇ ਜਿੰਨੀ ਦ੍ਰਿੜ੍ਹਤਾ ਨਾਲ ਬ੍ਰਾਹਮਣੀ ਨੇਸ਼ਨ ਸਟੇਟ ਦੇ ਸੰਕਲਪ ਦੇ ਕਿੰਗਰੇ ਢਾਹੇ ਹਨ ਉਹ ਇਕ ਵੱਡੀ ਪ੍ਰਾਪਤੀ ਆਖੀ ਜਾ ਸਕਦੀ ਹੈ। ਸਿੱਖ ਵਿਦਵਾਨਾਂ ਲਈ ਉਹ ਕਿਤਾਬ ਰਾਹ ਦਰਸਾਵਾ ਹੋ ਸਕਦੀ ਹੈ ਅਤੇ ਉਸ ਪੱਧਰ 'ਤੇ ਵੱਡੇ ਬੌਧਿਕ ਕਾਰਜ ਕੀਤੇ ਜਾ ਸਕਦੇ ਹਨ। ਇਸਦੇ ਨਾਲ ਹੀ ਘੱਟਗਿਣਤੀ ਕੌਮਾਂ ਦੇ ਇਤਿਹਾਸ ਨਾਲ ਛੇੜਛਾੜ ਕਰਕੇ ਉਸਨੂੰ ਸਰਬਸਾਂਝੀ ਭਾਰਤੀ ਕੌਮ ਦੇ ਸਾਂਚੇ ਵਿਚ ਫਿੱਟ ਕਰਨ ਦੇ ਯਤਨਾਂ 'ਇਤਿਹਾਸਕ ਨਸਲਕੁਸ਼ੀ' ਦੇ ਵਰਤਾਰੇ ਦਾ ਪ੍ਰਸਿੱਧ ਪੱਤਰਕਾਰ ਬਰਿੱਜ ਰੰਜਨ ਮਨੀ ਦੀ ਕਿਤਾਬ ÒÒDebrahmanising History (Dominance and Resistance in Indian Society)ÓÓ ਬਹੁਤ ਹੀ ਸੰਵੇਦਨਸ਼ੀਲ ਅਧਿਐਨ ਕਰਦੀ ਹੈ। ਇਸ ਕਿਤਾਬ ਵਿਚ ਵਿਦਵਾਨ ਲੇਖਕ ਨੇ ਬ੍ਰਾਹਮਣਵਾਦੀ ਗਲਬੇ ਦੀਆਂ ਇਤਿਹਾਸਕ ਜੜ੍ਹਾਂ ਤੋਂ ਲੈ ਕੇ ਮੁਕਤੀ ਲਹਿਰਾਂ ਅਤੇ ਬਸਤੀਵਾਦੀ ਭਾਰਤ ਵਿਚ ਪੈਦਾ ਹੋਏ ਬ੍ਰਾਹਮਣੀ ਰਾਸ਼ਟਰਵਾਦ ਦੇ ਉਭਾਰ ਦੇ ਨਾਲ ਨਾਲ ਸੱਤਾ ਦੀ ਰਾਜਨੀਤੀ ਦੇ ਬ੍ਰਾਹਮਣੀ ਤੱਤ ਦਾ ਗੰਭੀਰ ਅਧਿਐਨ ਕਰਕੇ ਸਪਸ਼ਟ ਖੁਲਾਸੇ ਕੀਤੇ ਹਨ।

ਹਾਲਾਂਕਿ ਇਸ ਕਿਸਮ ਦੇ ਕਾਰਜ ਸਿੱਖਾਂ ਵਲੋਂ ਹੋਣੇ ਚਾਹੀਦੇ ਸਨ ਕਿਉਂਕਿ ਭਾਰਤੀ ਸਟੇਟ ਦੇ ਨਸਲਕੁਸ਼ੀ ਵਾਲੇ ਨਿਜ਼ਾਮ ਦੇ ਅਸਲੀ ਸ਼ਿਕਾਰ ਤਾਂ ਸਿੱਖ ਹੀ ਹੋਏ ਸਨ ਤੇ ਹੋ ਰਹੇ ਹਨ ਹੁਣ ਜਦੋਂ 1984 ਦੇ ਨਸਲਕੁਸ਼ੀ ਵਾਲੇ ਵਰਤਾਰੇ ਦਾ ਨਵਾਂ ਰੂਪ ਆਪਣਾ ਫਨ ਖਿਲਾਰ ਕੇ ਖੜ੍ਹਾ ਹੈ ਅਤੇ ਜਦੋਂ ਸਿੱਖ ਕੌਮ ਹਥਿਆਰਾਂ ਦੀ ਲੜਾਈ ਤੋਂ ਅੱਗੇ ਲੰਘ ਆਈ ਹੈ ਇਸ ਵੇਲੇ ਆਪਣੇ ਵਿਰੋਧੀ ਦੀ ਨੀਅਤ ਅਤੇ ਫਿਤਰਤ ਨੂੰ ਸਮਝਣ ਲਈ ਅਜਿਹੇ ਖੋਜ ਕਾਰਜ ਸਿੱਖਾਂ ਦੇ ਸੰਦਰਭ ਵਿਚ ਕੀਤੇ ਜਾਣੇ ਚਾਹੀਦੇ ਹਨ। ਸੰਸਾਰ ਪੱਧਰ 'ਤੇ ਨਸਲਕੁਸ਼ੀ ਦੇ ਨਵੇਂ ਰੂਪਾਂ ਬਾਰੇ ਵੱਡੀ ਪੱਧਰ 'ਤੇ ਖੋਜ ਅਤੇ ਅਧਿਐਨ ਕਾਰਜ ਹੋ ਰਹੇ ਹਨ ਇਸ ਦਿਸ਼ਾ ਵਿਚ ਬਹੁਤ ਹੀ ਬਹੁਮੁੱਲੀਆਂ ਕਿਤਾਬਾਂ ਅਤੇ ਦਸਤਾਵੇਜ਼ ਸਾਡੇ ਸਾਹਮਣੇ ਆ ਰਹੇ ਹਨ।

ਇਸ ਸਬੰਧ ਵਿਚ ਪ੍ਰਸਿੱਧ ਇਤਿਹਾਸਕਾਰ ਇਲਾਨ ਪਾਪੇ ਦੀ ਰਚਨਾ "he Ethinic Cleanising of Palestine" ਦਾ ਸਭ ਤੋਂ ਪਹਿਲਾਂ ਜ਼ਿਕਰ ਕੀਤਾ ਜਾ ਸਕਦਾ ਹੈ। ਕਰੜੀ ਮਿਹਨਤ ਨਾਲ ਲਿਖੀ ਗਈ ਇਸ ਬਹੁਮੁੱਲੀ ਕਿਤਾਬ ਵਿਚ ਵਿਦਵਾਨ ਲੇਖਕ ਨੇ ਨਸਲਕੁਸ਼ੀ ਦੀਆਂ ਕਿਸਮਾਂ, ਆਧੁਨਿਕ ਯੁੱਗ ਵਿਚ ਨਸਲਕੁਸ਼ੀ ਦੇ ਢੰਗਾਂ ਦੇ ਨਾਲ ਨਾਲ ਹਮਲਾਵਰ ਫੌਜਾਂ ਦੀ ਬਿਰਤੀ ਤੇ ਫਿਤਰਤ ਦਾ ਗੰਭੀਰ ਮੁਤਾਲਿਆ ਕੀਤਾ ਹੈ। ਫੌਜੀ ਕਤਲੋਗਾਰਤ ਦੇ ਨਾਲ ਨਾਲ ਬਹੁਤ ਹੀ ਮਹੀਨ ਕਨੂੰਨੀ ਢੰਗਾਂ ਨਾਲ ਕਿਸੇ ਦੇਸ਼ ਦੇ ਇਕ ਹਿੱਸੇ ਨੂੰ ਇਕ ਖਾਸ ਕੌਮ ਲਈ ਵਿਰਵਾ ਕਰ ਦੇਣ ਦੇ ਵਰਤਾਰੇ ਦਾ ਇਲਾਨ ਪਾਪੇ ਨੇ ਪਾਜ ਉਘੇੜਿਆ ਹੈ। ਸਿੱਖ ਨਸਲਕੁਸ਼ੀ ਸਬੰਧੀ ਖੋਜ ਕਰ ਰਹੇ ਵਿਦਿਆਰਥੀਆਂ ਲਈ ਇਹ ਕਿਤਾਬ ਬਹੁਮੁੱਲੀ ਹੋ ਸਕਦੀ ਹੈ।

ਇਸਦੇ ਨਾਲ ਹੀ ਜੇਮਜ਼ ਸੀ ਸਕਾਟ ਦੀ ਕਿਤਾਬ "Domination and the Arts of Resistance" ਦਾਬੇ ਅਤੇ ਅਰਧ ਗ਼ੁਲਾਮੀ ਦੀ ਜੂਨ ਹੰਢਾ ਰਹੀਆਂ ਕੌਮਾਂ ਦੇ ਮਨੋਭਾਵਾਂ ਅਤੇ ਰਾਜਸੀ ਇਛਾਵਾਂ ਦੀ ਥਾਹ

**ਬਾਕੀ ਸਫ਼ਾ 33 'ਤੇ**

# 'ਤੇਰਾ ਭਾਣਾ ਮੀਠਾ ਲਾਗੇ। ਹਰਿ ਨਾਮ ਪਦਾਰਥ ਨਾਨਕ ਮਾਂਗੇ।'

**ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਅਧਿਆਤਮਿਕਤਾ ਦੀ ਸੱਤਾ ਨਾਲ ਟੱਕਰ ਦਾ ਪ੍ਰਤੀਕ ਹੈ। ਇੱਕ ਪਾਸੇ ਇਕ ਸ਼ਹਿਨਸ਼ਾਹ ਦੀ ਅਥਾਹ ਤਾਕਤ ਦਾ ਹੰਕਾਰ, ਦੂਜੇ ਪਾਸੇ ਇਕ ਫ਼ਕੀਰ ਆਤਮਾ ਦਾ ਤਿਆਗ, ਸਹਿਣਸ਼ਲਿਤਾ ਦੀ ਚਰਮ ਸੀਮਾ ਅਤੇ ਲੋਕਾਈ ਪ੍ਰਤੀ ਪ੍ਰੇਮ ਤੇ ਹਮਦਰਦੀ। ਇਹ ਸ਼ਹਾਦਤ ਇਕ ਲੋਕ ਨਾਇਕ ਦੀ ਜ਼ੁਲਮ ਵਿਰੁੱਧ ਸ਼ਾਂਤਮਈ ਜੰਗ ਸੀ। ਉਹ ਇਕ ਫ਼ਕੀਰ ਤੋਂ ਬਾਦਸ਼ਾਹ ਦੇ ਭੈਅ ਖਾਣ ਦੀ ਘਟਨਾ ਸੀ। ਜੇਤੂ ਫਕੀਰ ਰਿਹਾ।**

**ਪ੍ਰੋ. ਸਾਧੂ ਸਿੰਘ ਪਨਾਗ**
ਮੋਬਾਈਲ : 98550-64499



ਜੇਠ ਦਾ ਅੱਗ ਵਰ੍ਹਾਉਂਦਾ ਮਹੀਨਾ। ਗੁਰੂ ਅਰਜਨ ਦੇਵ ਜੀ ਹੇਠਾਂ ਅੱਗ ਵਾਂਗ ਤਪਦੀ ਲੋਹ ਤੇ ਉੱਪਰੋਂ ਸਿਰ ਵਿੱਚ ਪਾਈ ਜਾ ਰਹੀ ਤੱਤੀ ਰੇਤ ਦੇ ਕੜਛੇ। ਚੱਟਾਨ ਦੀ ਤਰ੍ਹਾਂ ਅਡੋਲ ਇਰਾਦਾ। ਗਹਿਰੀ ਨਦੀ ਦੇ ਪਾਣੀ ਦੀ ਤਰ੍ਹਾਂ ਠੰਢਾ ਅਤੇ ਸ਼ਾਂਤ ਮਨ। ਮੁੱਖ ਤੋਂ ਚੱਲ ਰਿਹਾ ਛਬੀਲ ਦੇ ਪਾਣੀ ਵਰਗਾ ਮਿੱਠੀ ਬਾਣੀ ਦਾ ਪ੍ਰਵਾਹ: 'ਤੇਰਾ ਭਾਣਾ ਮੀਠਾ ਲਾਗੇ। ਹਰਿ ਨਾਮ ਪਦਾਰਥ ਨਾਨਕ ਮਾਂਗੇ।' ਜ਼ੁਲਮ ਦੀ ਇੰਤਹਾ 'ਤੇ ਤ੍ਰਾਹ ਤ੍ਰਾਹ ਕਰਦੇ ਲੋਕ। ਇਹ ਸੀ ਸਹਿਣਸ਼ੀਲਤਾ ਦੇ ਪੁੰਜ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ। ਦੂਜੇ ਪਾਸੇ ਫਿਰ ਜੇਠ ਦਾ ਮਹੀਨਾ। ਪੈਰਾਂ ਹੇਠ ਅੱਗ ਵਾਂਗ ਤਪਦੀ ਜ਼ਮੀਨ। ਸਿਰ ਉੱਤੇ ਅੱਗ ਵਰ੍ਹਾਉਂਦੀ ਸੂਰਜ ਦੀ ਧੁੱਪ। ਚਮੜੀ ਨੂੰ ਸਾੜ ਦੇਣ ਵਾਲੀ ਅੱਗ ਵਰਗੀ ਗਰਮ ਲੂ। ਪਸੀਨੇ ਰਾਹੀਂ ਨਿਕਲ ਰਿਹਾ ਪਾਣੀ ਤੇ ਸੁੱਕ ਰਹੀ ਜੀਭ। ਕਹਿਰਾਂ ਦੀ ਪਿਆਸ। ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਮਨਾਏ ਜਾ ਰਹੇ ਸ਼ਹੀਦੀ ਦਿਹਾੜੇ ਮੌਕੇ ਪਿਆਇਆ ਜਾ ਰਿਹਾ ਛਬੀਲ ਦਾ ਠੰਢਾ ਅਤੇ ਮਿੱਠਾ ਪਾਣੀ, ਜੋ ਮਰਦੇ ਜਾ ਰਹੇ ਸਰੀਰ ਵਿੱਚ ਜਾਨ ਪਾ ਦਿੰਦਾ ਹੈ। ਇਹ ਹਨ ਦੋ ਤਸਵੀਰਾਂ- ਇੱਕ ਸਤਾਰ੍ਹਵੀਂ ਸਦੀ ਦੇ ਮੁੱਢ ਦੀ ਅਤੇ ਦੂਜੀ ਚਾਰ ਸਦੀਆਂ ਤੋਂ ਹਰੇਕ ਸਾਲ ਇਸ ਲਾਸਾਨੀ ਸ਼ਹਾਦਤ ਦੇ ਦਿਹਾੜੇ ਮੌਕੇ ਥਾਂ ਥਾਂ 'ਤੇ ਚੱਲਦੇ ਵਰਤਾਰੇ ਦੀ।

ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਅਧਿਆਤਮਿਕਤਾ ਦੀ ਸੱਤਾ ਨਾਲ ਟੱਕਰ ਦਾ ਪ੍ਰਤੀਕ ਹੈ। ਇੱਕ ਪਾਸੇ ਇਕ ਸ਼ਹਿਨਸ਼ਾਹ ਦੀ ਅਥਾਹ ਤਾਕਤ ਦਾ ਹੰਕਾਰ, ਦੂਜੇ ਪਾਸੇ ਇਕ ਫ਼ਕੀਰ ਆਤਮਾ ਦਾ ਤਿਆਗ, ਸਹਿਣਸ਼ਲਿਤਾ ਦੀ ਚਰਮ ਸੀਮਾ ਅਤੇ ਲੋਕਾਈ ਪ੍ਰਤੀ ਪ੍ਰੇਮ ਤੇ ਹਮਦਰਦੀ। ਇਹ ਸ਼ਹਾਦਤ ਇਕ ਲੋਕ ਨਾਇਕ ਦੀ ਜ਼ੁਲਮ ਵਿਰੁੱਧ ਸ਼ਾਂਤਮਈ ਜੰਗ ਸੀ। ਉਹ ਇਕ ਫ਼ਕੀਰ ਤੋਂ ਬਾਦਸ਼ਾਹ ਦੇ ਭੈਅ ਖਾਣ ਦੀ ਘਟਨਾ ਸੀ। ਜੇਤੂ ਫ਼ਕੀਰ ਰਿਹਾ। ਉਸ ਨੇ ਆਪਣੇ ਜੀਵਨ ਦੀ ਆਹੁਤੀ ਦੇ ਕੇ ਹਾਸਲ ਕੀਤੀ ਵੱਡੀ ਨੈਤਿਕ ਜਿੱਤ, ਜਿਸ ਨੇ ਹਿੰਦੁਸਤਾਨ ਦੇ ਇਤਿਹਾਸ ਨੂੰ ਨਵਾਂ ਮੋੜ ਦੇ ਦਿੱਤਾ ਅਤੇ ਲਗਭਗ ਇਕ ਸਦੀ ਪੁਰਾਣੇ ਮੁਗਲ ਸਾਮਰਾਜ ਦੀ ਬਰਬਾਦੀ ਦੀ ਨੀਂਹ ਰੱਖ ਦਿੱਤੀ।

"ਆਖ਼ਿਰ ਕਿਉਂ ਬੀਤਿਆ ਇਹ ਭਾਣਾ? ਕਿਉਂ ਡਰ ਗਿਆ ਇਕ ਬਾਦਸ਼ਾਹ ਇਕ ਦਰਵੇਸ਼ ਤੋਂ? ਅਸਲ ਵਿੱਚ ਇਹ ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਮਨ ਦਾ ਡਰ ਹੀ ਸੀ ਜਿਸ ਨੇ ਇਕ ਨਿਰਦੋਸ਼ ਧਰਮ-ਆਗੂ ਨੂੰ ਤਸੀਹੇ ਦੇ ਕੇ ਮਾਰਨ ਦਾ ਆਦੇਸ਼ ਦੇਣ ਦੇ ਰਾਹ ਪਾਇਆ।"

ਸਿੱਖ ਰਵਾਇਤਾਂ ਅਨੁਸਾਰ ਇਸ ਦੁਖਾਂਤ ਲਈ ਲਾਹੌਰ ਦੇ ਦੀਵਾਨ ਚੰਦੂ ਸ਼ਾਹ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਪਰ ਡਾ. ਗੰਡਾ ਸਿੰਘ ਇਸ ਮਤ ਨਾਲ ਸਹਿਮਤ ਨਹੀਂ। ਉਨ੍ਹਾਂ ਦੀ ਖੋਜ ਇਹ ਦੱਸਦੀ ਹੈ ਕਿ ਜਹਾਂਗੀਰ ਦੀ ਆਤਮ ਕਥਾ 'ਤੁਜ਼ਕ-ਏ-ਜਹਾਂਗੀਰੀ' ਵਿੱਚ ਜਿੱਥੇ ਜਿੱਥੇ ਵੀ ਇਸ ਘਟਨਾ ਵੱਲ ਸੰਕੇਤ ਮਿਲਦਾ ਹੈ, ਚੰਦੂ ਨਾਂ ਦੇ ਕਿਸੇ ਵਿਅਕਤੀ ਦਾ ਨਾਂ ਨਹੀਂ ਆਉਂਦਾ। ਨਾ ਹੀ ਕਿਸੇ ਹੋਰ ਇਤਿਹਾਸਕ ਸਰੋਤ ਵਿੱਚ ਚੰਦੂ ਨਾਂ ਦੇ ਕਿਸੇ ਦੀਵਾਨ ਵਰਗੇ ਉੱਚੇ ਅਹੁਦੇ 'ਤੇ ਤਾਇਨਾਤ ਕਿਸੇ ਵਿਅਕਤੀ ਦਾ ਨਾਂ ਆਉਂਦਾ ਹੈ। ਹੋ ਸਕਦਾ ਹੈ ਕਿ ਚੰਦੂ ਨਾਂ ਦਾ ਕੋਈ ਛੋਟਾ ਮੋਟਾ ਅਧਿਕਾਰੀ ਹੋਵੇ ਜਿਸ ਨੇ ਸੰਗਤ ਦੇ ਕਹਿਣ 'ਤੇ ਆਪਣੀ ਪੁੱਤਰੀ ਦਾ ਰਿਸ਼ਤਾ ਗੁਰੂ ਜੀ ਵੱਲੋਂ ਨਾਮਨਜ਼ੂਰ ਕਰਨ ਦੇ ਸਿੱਟੇ ਵਜੋਂ ਇਸ ਦੁਖਾਂਤ ਲਈ ਜਹਾਂਗੀਰ ਨੂੰ ਭੜਕਾਉਣ ਵਿੱਚ ਕੋਈ ਭੂਮਿਕਾ ਅਦਾ ਕੀਤੀ ਹੋਵੇ। ਪਰ ਇਹ ਕਹਿਣਾ ਕਿ ਇਹ ਦੁਖਾਂਤ ਸਿਰਫ਼ ਚੰਦੂ ਦੇ ਕਹਿਣ 'ਤੇ ਵਾਪਰਿਆ, ਇਤਿਹਾਸਕ ਮਾਪਦੰਡਾਂ ਉਪਰ ਪੂਰਾ ਨਹੀਂ ਉੱਤਰਦਾ। ਹੋਰ ਬਹੁਤ ਸਾਰੇ ਇਹੋ ਜਿਹੇ ਕਿਰਦਾਰ ਸਨ ਜਿਨ੍ਹਾਂ ਨੇ ਜਹਾਂਗੀਰ ਦੇ ਮਨ ਵਿੱਚ ਇਹ ਗੱਲ ਬਿਠਾ ਦਿੱਤੀ ਕਿ ਗੁਰੂ ਅਰਜਨ ਦੇਵ ਦਾ ਵਧ ਰਿਹਾ ਪ੍ਰਭਾਵ ਇਸਲਾਮ ਲਈ ਖ਼ਤਰਾ ਹੈ ਅਤੇ ਉਹ ਉਸ ਦੇ ਤਖ਼ਤ ਲਈ ਵੀ ਖ਼ਤਰਾ ਬਣ ਸਕਦੇ ਹਨ। ਅਜਿਹਾ ਕਰਨ ਵਾਲੇ ਲੋਕਾਂ ਵਿਚੋਂ ਇਕ ਨਾਮ ਗੁਰੂ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਦਾ ਵੀ ਹੈ ਜੋ ਵੱਡਾ ਹੋਣ ਕਾਰਨ ਆਪਣੇ ਆਪ ਨੂੰ ਗੁਰੂਗੱਦੀ ਦਾ ਵਾਰਸ ਸਮਝਦਾ ਸੀ। ਉਸ ਨੂੰ ਇਹ ਲੱਗਦਾ ਸੀ ਕਿ ਗੁਰੂ ਅਰਜਨ ਦੇਵ ਜੀ ਨੂੰ ਗੁਰੂਗੱਦੀ ਦੇਣਾ ਉਸ ਨਾਲ ਸਰਾਸਰ ਬੇਇਨਸਾਫ਼ੀ ਸੀ। ਉਸ ਦਾ ਗੁਰੂ ਜੀ ਨਾਲ ਖ਼ਾਰ ਖਾਣਾ ਅਤੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦਾ ਯਤਨ ਕਰਨਾ ਅਚੰਭੇ ਦੀ ਗੱਲ ਨਹੀਂ। ਉਸ ਤੋਂ ਇਲਾਵਾ ਕੁੱਝ ਸੰਤ ਅਤੇ ਭਗਤ ਵੀ ਸਨ, ਜਿਹੜੇ ਗੁਰੂ ਜੀ ਨਾਲ ਇਸ ਕਰਕੇ ਨਾਰਾਜ਼ ਸਨ ਕਿ ਉਨ੍ਹਾਂ ਨੇ ਉਨ੍ਹਾਂ ਦੀ ਬਾਣੀ ਨੂੰ ਆਪਣੇ ਦੁਆਰਾ ਸੰਪਾਦਿਤ 'ਆਦਿ ਗ੍ਰੰਥ' ਵਿੱਚ ਥਾਂ ਨਹੀਂ ਸੀ ਦਿੱਤੀ ਕਿਉਂਕਿ ਉਨਾਂ ਦੇ ਵਿਚਾਰ ਗੁਰਮਤਿ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦੇ ਸੀ। ਇਨ੍ਹਾਂ ਅਸੰਤੁਸ਼ਟ ਤੱਤਾਂ ਨੇ ਵੀ ਜਹਾਂਗੀਰ, ਜੋ ਆਪਣੇ ਪਿਤਾ ਅਕਬਰ ਵਾਂਗ ਧਾਰਮਿਕ ਮਸਲਿਆਂ ਵਿੱਚ ਉਦਾਰਚਿੱਤ ਨਹੀਂ ਸੀ, ਇਹ ਕਹਿ ਕੇ ਗੁਰੂ ਜੀ ਦੇ ਖ਼ਿਲਾਫ਼ ਉਕਸਾਇਆ ਕਿ ਉਨ੍ਹਾਂ ਦੁਆਰਾ ਸੰਪਾਦਿਤ ਗ੍ਰੰਥ ਵਿੱਚ ਬਹੁਤ ਕੁੱਝ ਇਸਲਾਮ ਦੇ ਖ਼ਿਲਾਫ਼ ਹੈ, ਇਸਲਾਮ ਨੂੰ ਭੰਡਦਾ ਅਤੇ ਇਸਲਾਮੀ ਮਾਪਦੰਡਾਂ ਦੇ ਅਨੁਸਾਰ ਕੁਫ਼ਰ ਹੈ। ਪਰ ਇਹ ਗੱਲ ਸੱਚ ਹੈ ਕਿ ਗੁਰੂ ਜੀ ਦੁਆਰਾ 'ਆਦਿ ਗ੍ਰੰਥ' ਦੀ ਸੰਪਾਦਨਾ, ਉਨ੍ਹਾਂ ਦੀ ਸ਼ਹੀਦੀ ਦਾ ਬਹੁਤ ਵੱਡਾ ਕਾਰਨ ਬਣੀ। ਗੁਰੂ ਜੀ ਨੇ ਅਧਿਆਤਮਵਾਦ ਦੀ ਦੁਨੀਆ ਨੂੰ ਅਜਿਹਾ ਗ੍ਰੰਥ ਦੇ ਦਿੱਤਾ ਸੀ ਜਿਸ ਦਾ ਸਿੱਖ ਹੀ ਨਹੀਂ, ਬਹੁਤ ਗਿਣਤੀ ਵਿੱਚ ਹਿੰਦੂ ਅਤੇ ਬਹੁਤ ਸਾਰੇ ਉਦਾਰਵਾਦੀ ਮੁਸਲਮਾਨ ਵੀ ਸਤਿਕਾਰ ਕਰਦੇ ਸਨ। ਕੱਟੜਪੰਥੀ ਮੁਸਲਮਾਨਾਂ ਦੀ ਨਜ਼ਰ ਵਿੱਚ ਇੱਕ ਤਰ੍ਹਾਂ ਨਾਲ ਮੁਕੱਦਸ ਕੁਰਾਨ ਸ਼ਰੀਫ਼ ਲਈ 'ਆਦਿ ਗ੍ਰੰਥ' ਵੰਗਾਰ ਬਣ ਗਿਆ ਸੀ ਜਿਸ ਨੂੰ ਉਹ ਬਰਦਾਸ਼ਤ ਨਹੀਂ ਕਰ ਸਕਦੇ ਸੀ। ਇਕ ਹਿੰਦੂ ਮਾਂ ਦਾ ਪੁੱਤਰ ਹੋਣ ਦੇ ਬਾਵਜੂਦ ਜਹਾਂਗੀਰ ਉਸ ਤਰ੍ਹਾਂ ਦਾ ਉਦਾਰਚਿਤ ਨਹੀਂ ਸੀ ਕਿ ਮੌਲਾਣਿਆਂ ਦਾ ਦਬਾਅ ਬਹੁਤੀ ਦੇਰ ਤੱਕ ਝੱਲ ਸਕਦਾ। ਗੁਰੂ ਸਾਹਿਬ ਦੀ ਸ਼ਹਾਦਤ ਵਿੱਚ ਸਭ ਤੋਂ ਅਹਿਮ ਭੂਮਿਕਾ ਕੱਟੜਵਾਦੀ ਇਸਲਾਮੀ ਫ਼ਿਰਕੇ 'ਨਕਸ਼ਬੰਦੀ' ਦੀ ਹੈ। ਇਹ ਫ਼ਿਰਕਾ ਕੱਟੜ ਸੁੰਨੀਵਾਦ ਦਾ ਧਾਰਨੀ ਅਤੇ ਸ਼ੀਆ ਵਿਚਾਰਧਾਰਾ ਦਾ ਸਖ਼ਤ ਵਿਰੋਧੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਸ ਜ਼ਮਾਨੇ ਗੁਰੂ ਘਰ ਦਾ

**ਬਾਕੀ ਸਫ਼ਾ 36 'ਤੇ**

## *ਹੁਣ ਇਸਲਾਮੀ ਰਾਜਨੀਤੀ, ਦਲਿਤ ਭਾਈਚਾਰੇ ਅਤੇ ਜਾਤੀ ਵੰਡ ਦਾ ਤੇਜ਼ ਮਸਾਲਾ ਤਿਆਰ ਹੋਵੇਗਾ*

# ਆਰਤੀ ਅਤੇ ਵਿਰਲਾਪ ਵਿਚਕਾਰ ਦੱਖਣ ਪੰਥ

**ਯਸ਼ਵੰਤ ਵਿਆਸ**

ਨਰਿੰਦਰ ਮੋਦੀ ਦੇ ਹਰ ਕੰਮ 'ਚ ਖ਼ੁਸ਼ੀ ਵੇਖਣ ਵਾਲਿਆਂ ਨੂੰ ਬੁੱਧੀਜੀਵੀਆਂ ਨੇ ਸੋਸ਼ਲ ਮੀਡੀਆ ਰਾਹੀਂ ਨਵਾਂ ਨਾਂ ਦਿੱਤਾ ਹੈ 'ਭਗਤ'। ਇਹ ਭਗਤ ਹੁਣ ਟਾਪ ਬਰਾਂਡ 'ਚ ਤਬਦੀਲ ਹੋਣ ਲਈ ਆਪਣੀ ਕੋਰ ਵੈਲਿਊ ਨੂੰ ਰੀਸਾਈਕਲ ਕਰ ਰਿਹਾ ਹੈ। ਉਸ ਨੇ ਹੁਣ ਇਕ ਪਾਸੜ ਚੱਲ ਰਹੀ ਵਿਚਾਰ ਚਰਚਾ ਨੂੰ ਬੁਰੀ ਤਰ੍ਹਾਂ ਹਿਲਾ ਦਿੱਤਾ ਹੈ। ਲਿਹਾਜ਼ਾ ਜਾਂ ਤਾਂ ਰਾਸ਼ਟਰਵਾਦ ਨੂੰ ਬੌਧਿਕ ਗਾਲ ਵਾਂਗ ਉਛਾਲਿਆ ਜਾ ਰਿਹਾ ਹੈ ਜਾਂ ਫਿਰ ਪੱਗ ਵਾਂਗ ਸਜਾਇਆ ਜਾ ਰਿਹਾ ਹੈ। ਸਥਾਈ ਵਿਚਾਰ 'ਤੇ ਪੁਨਰਵਿਚਾਰ ਦਾ ਮੁਸ਼ਕਲ ਦੌਰ, ਬਿਨਾਂ ਸ਼ੱਕ ਮੋਦੀ ਕਾਰਨ ਪੈਦਾ ਹੋਈ ਹੈ। ਨਰਿੰਦਰ ਮੋਦੀ ਨੇ ਮੱਧ ਖੱਬੇਪੱਖੀਆਂ ਦੀ ਰਾਜਨੀਤੀ ਨੂੰ ਨਿਸ਼ਾਨਾ ਲਾਉਂਦੇ ਹੋਏ ਕੁੱਝ ਗੰਭੀਰ ਸਵਾਲ ਖੜੇ ਕੀਤੇ ਹਨ। ਇਸੇ ਕਾਰਨ ਸੱਤਾ 'ਚ ਉਨ੍ਹਾਂ ਦੇ ਤਿੰਨ ਸਾਲ ਉਤਸ਼ਾਹ ਨਾਲ ਵੇਖੇ ਜਾ ਰਹੇ ਹਨ।

ਦੱਖਣ ਪੰਥ ਦੀ ਸਮੱਸਿਆ ਇਹ ਹੈ ਕਿ ਉਸ ਕੋਲ ਬੌਧਿਕ ਤਰਕ ਸ਼ਾਸਤਰੀਆਂ ਦੀ ਘਾਟ ਹੈ, ਜਦਕਿ ਖੱਬੇ ਪੱਖੀਆਂ ਦਾ ਹਿਸਾਬ ਇਸ ਤੋਂ ਉਲਟ ਹੈ। ਉੱਥੇ ਤਰਕ ਦਾ ਸੁਪਨਿਆਂ ਨਾਲ ਜਾਦੂਈ ਸਬੰਧ ਸਥਾਪਤ ਕੀਤਾ ਜਾਂਦਾ ਹੈ। ਭਾਰਤ 'ਚ ਪੂੰਜੀਵਾਦੀ-ਸਮਾਜਵਾਦ ਦਾ ਦਿਲਚਸਪ ਸੰਸਕਰਨ ਤਿਆਰ ਹੋਇਆ ਹੈ। ਇਸ 'ਚ ਇਸ ਹੱਦ ਤਕ ਲਚਕੀਲਾਪਨ ਹੈ ਕਿ ਸੁਵਿਧਾ ਦੇ ਹਿਸਾਬ ਨਾਲ ਸੱਤਾ 'ਚ ਸਾਂਝੇਦਾਰ ਬਦਲ ਜਾਂਦੇ ਹਨ, ਪਰ ਤਰਕ ਦੀ ਮੁੱਛ ਉੱਚੀ ਫਰਕਦੀ ਰਹਿੰਦੀ ਹੈ। ਕਹਿਣ ਨੂੰ ਉੱਤਰ ਪ੍ਰਦੇਸ਼ ਦੀ ਪਾਰਟੀ ਜਾਤੀ ਮੁਕਤ ਸਮਾਜ ਦਾ ਸੁਪਨਾ ਲੈਣ ਵਾਲੇ ਲੋਹੀਆ ਦੇ ਭਰੋਸੇ ਸਮਾਜਵਾਦੀ ਹੈ, ਪਰ ਜਾਤੀ ਵਿਸ਼ੇਸ਼ ਦਾ ਖ਼ਾਨਦਾਨੀ ਹੁੱਕਾ ਗੁੜਗੁੜਾਉਂਦਾ ਰਹਿੰਦਾ ਹੈ। ਭਾਜਪਾ ਦੇ ਦੋਸਤ ਨਿਤੀਸ਼ ਕੁਮਾਰ ਚੋਣ ਲੜਨ ਤੋਂ ਰੋਕੇ ਜਾ ਚੁੱਕੇ ਲਾਲੂ ਨਾਲ ਸਰਕਾਰ ਬਣਾ ਲੈਂਦੇ ਹਨ ਤਾਂ ਸਭ ਕੁਝ ਸਪਸ਼ਟ ਹੁੰਦੇ ਹੋਏ ਵੀ ਜਾਤੀ ਦੀ ਗੋਲਬੰਦੀ ਦੀ ਬਜਾਏ ਇਸ ਨੂੰ ਫ਼ਿਰਕੂਵਾਦ ਵਿਰੁੱਧ ਜਿੱਤ ਵਾਂਗ ਚਲਾਇਆ ਜਾ ਸਕਦਾ ਹੈ। ਇਸੇ ਗੋਲਮਾਲ 'ਚ ਯਾਕੂਬ ਮੇਮਨ, ਅਫ਼ਜ਼ਲ, ਕਸਾਬ, ਕਸ਼ਮੀਰ, ਗੋਧਰਾ, ਅਹਿਮਦਾਬਾਦ ਘੋਟ ਕੇ ਪਿਲਾ ਦਿੱਤੇ ਜਾਂਦੇ ਹਨ। ਇਕੱਲੇ ਸਾਮਵਾਦੀ, ਜੋ ਰਾਜਨੀਤਕ ਤੌਰ 'ਤੇ ਭਾਵੇਂ ਕਿਸੇ ਵੀ ਹਾਲਤ 'ਚ ਹੋਣ, ਕਦੇ ਖੋਖਲੀ ਪੈ ਚੁੱਕੀ ਕਾਂਗਰਸ ਦੇ ਭਰੋਸੇ ਜਾਂ ਦੱਖਣ ਪੰਥੀ ਬਹੁਗਿਣਤੀ ਕੱਟੜਤਾ ਵਿਰੁੱਧ ਆਪਣੇ ਸਥਾਈ ਪ੍ਰੋਗਰਾਮ ਦੇ ਆਉਂਦੇ-ਜਾਂਦੇ ਸਾਥੀਆਂ ਰਾਹੀਂ ਬੌਧਿਕ ਮਾਹੌਲ ਬਣਾਈ ਰੱਖਦੇ ਹਨ। ਇਹ ਊਰਜਾ ਖ਼ਾਸ ਤਰ੍ਹਾਂ ਦੇ ਰਾਈਡਰ ਦਾ ਕੰਮ ਵੀ ਕਰਦੀ ਹੈ। (ਹਾਲਾਂਕਿ ਕੁੱਝ ਲੋਕ,

**ਦੱਖਣ ਪੰਥ ਦੀ ਸਮੱਸਿਆ ਇਹ ਹੈ ਕਿ ਉਸ ਕੋਲ ਬੌਧਿਕ ਤਰਕ ਸ਼ਾਸਤਰੀਆਂ ਦੀ ਘਾਟ ਹੈ, ਜਦਕਿ ਖੱਬੇ ਪੱਖੀਆਂ ਦਾ ਹਿਸਾਬ ਇਸ ਤੋਂ ਉਲਟ ਹੈ। ਉੱਥੇ ਤਰਕ ਦਾ ਸੁਪਨਿਆਂ ਨਾਲ ਜਾਦੂਈ ਸਬੰਧ ਸਥਾਪਤ ਕੀਤਾ ਜਾਂਦਾ ਹੈ। ਭਾਰਤ 'ਚ ਪੂੰਜੀਵਾਦੀ-ਸਮਾਜਵਾਦ ਦਾ ਦਿਲਚਸਪ ਸੰਸਕਰਨ ਤਿਆਰ ਹੋਇਆ ਹੈ। ਇਸ 'ਚ ਇਸ ਹੱਦ ਤਕ ਲਚਕੀਲਾਪਣ ਹੈ ਕਿ ਸੁਵਿਧਾ ਦੇ ਹਿਸਾਬ ਨਾਲ ਸੱਤਾ 'ਚ ਸਾਂਝੇਦਾਰ ਬਦਲ ਜਾਂਦੇ ਹਨ, ਪਰ ਤਰਕ ਦੀ ਮੁੱਛ ਉੱਚੀ ਫਰਕਦੀ ਰਹਿੰਦੀ ਹੈ।**



ਭਾਰਤੀ ਸਮਾਜ 'ਚ ਕਬੀਰ ਦੇ ਦੋਹੇ ਤੋਂ ਰਾਮ ਨੂੰ ਵੱਖ ਨਹੀਂ ਕੀਤਾ ਜਾ ਸਕਦਾ, ਇਹ ਗੱਲ ਵੀ ਬੜੀ ਦੇਰ ਬਾਅਦ ਸਮਝਣ ਲਈ ਸਹਿਮਤ ਹੋਏ।) ਭ੍ਰਿਸ਼ਟਾਚਾਰ ਅਤੇ ਪਰਿਵਾਰਵਾਦ ਨਾਲ ਬੁਣੇ ਮੁਨਾਫ਼ੇਖ਼ੋਰਾਂ ਦੇ ਜਾਲ ਕਾਰਨ ਖੋਖਲੀ ਹੁੰਦੀ ਕਾਂਗਰਸ ਨੇ ਆਪਣੇ ਲਈ ਹਮੇਸ਼ਾ ਚੰਗਾ ਮੌਕਾ ਮੰਨਿਆ ਹੈ। ਉਸ ਦੇ ਇਕ ਮੰਤਰੀ ਤਾਂ ਇੰਨੇ ਕਾਬਲ ਸਨ ਕਿ ਉਨ੍ਹਾਂ ਨੇ ਦੋ ਸੰਸਕ੍ਰਿਤ ਪ੍ਰੇਮੀ ਆਈ. ਏ.ਐਸ. ਅਫ਼ਸਰ ਲਗਾਏ। ਇਕ ਕਲਾਵਾਦੀ ਖੇਤਰ ਨੂੰ ਸੰਭਾਲਦਾ ਸੀ। ਦੂਜਾ ਕਲਾਵਾਦੀਆਂ ਦੇ ਘੋਰ ਜਨਵਿਰੋਧੀ ਰੂਪ 'ਤੇ ਕਰੋਧਿਤ ਪ੍ਰਗਤੀਸ਼ੀਲ ਸਾਥੀਆਂ ਨਾਲ ਰਾਬਤਾ ਬਣਾਉਂਦਾ ਸੀ। ਇਸ ਤਰ੍ਹਾਂ ਰਾਮ ਨੌਮੀ ਵੀ ਮਨਾ ਲਈ ਜਾਂਦੀ ਸੀ ਅਤੇ ਜਨਵਾਦੀ ਸ਼ਕਤੀਆਂ ਨੂੰ ਪ੍ਰਣਾਮ ਵੀ ਹੋ ਜਾਂਦਾ ਸੀ।

ਇਹ ਰਾਜਨੀਤਕ ਦ੍ਰਿਸ਼ ਆਮ ਆਦਮੀ ਦੀ ਮੂਲ ਹਾਲਤ 'ਤੇ ਪੈਂਤੜੇਬਾਜ਼ੀ ਲਈ ਉਦੋਂ ਤੱਕ ਬਿਲਕੁਲ ਠੀਕ ਰਿਹਾ, ਜਦੋਂ ਤੱਕ ਕਿ ਕੁੱਝ ਬੁੱਧੀਜੀਵੀਆਂ ਨੇ ਸਿਧਾਂਤਾਂ ਦੇ ਨਾਂ 'ਤੇ ਵੋਟਾਂ ਦੀਆਂ ਚਲਾਕੀਆਂ ਨੂੰ ਖ਼ੁਦ ਸਵੀਕਾਰ ਨਾ ਕਰ ਲਿਆ। ਵੀ.ਪੀ. ਸਿੰਘ ਦੇ ਮੰਡਲ ਨੇ ਘੱਟ-ਗਿਣਤੀ-ਪੱਛੜਿਆਂ ਦੇ ਸਿਆਸੀ ਸਮੂਹ ਨੂੰ ਜ਼ਰੂਰਤਾਂ ਦਾ ਰੂਪ ਦੇ ਦਿੱਤਾ ਅਤੇ ਕਾਂਗਰਸ 'ਯੂਪੀਏ' 'ਚ ਬਦਲ ਕੇ ਰਹਿ ਗਈ। ਉਸ ਦਾ ਰੂਪ ਮੱਧ ਖੱਬੇਪੱਖੀ ਦੇ ਨਾਂ 'ਤੇ ਚੱਲ ਰਹੀ ਰਾਜਨੀਤੀ ਦੇ ਖ਼ੂਨ 'ਚ ਉਤਰ ਗਿਆ। ਉਹ ਸੱਤਾ ਦੀਆਂ ਸੰਭਾਵਨਾਵਾਂ ਦੇ ਹਿਸਾਬ ਨਾਲ ਬਦਲ ਕੇ ਵੱਖ-ਵੱਖ ਰੂਪਾਂ ਵਿਚ ਪੈਂਤੜੇ ਵਿਖਾਉਂਦੀ ਰਹੀ ਹੈ। ਭਾਜਪਾ ਕੋਲ ਭਾਰਤੀ ਰਾਜਨੀਤਕ ਅਤੇ ਸਮਾਜਿਕ ਇਤਿਹਾਸ ਦੀਆਂ ਮੁੱਖ ਘਟਨਾਵਾਂ ਦਾ ਅਜਿਹਾ ਜ਼ਖ਼ੀਰਾ ਸੀ, ਜੋ ਸਪਸ਼ਟ, ਵਿਚਾਰਕ ਅਤੇ ਟੀਚਾਬੱਧ ਪਰੰਪਰਾ ਦੀ ਰੰਗਤ ਨਾਲ ਭਰਿਆ ਪਿਆ ਸੀ। ਸਮੇਂ ਦੇ ਨਾਲ ਉਸ ਦੇ ਵਿਚਾਰਕ ਵਿਰੋਧੀਆਂ ਨੇ ਖ਼ੁਦ ਦੇ ਅੰਤਰ-ਵਿਰੋਧਾਂ ਨਾਲ ਉਸ ਨੂੰ ਪ੍ਰਸੰਗਕ ਬਣਾ ਦਿੱਤਾ। ਮੋਦੀ ਨੇ ਮੱਧ ਵਰਗੀ ਰਾਜਨੀਤੀ ਨਾਲ ਜੁੜ ਕੇ ਭਾਰਤੀ ਰੰਗ ਨੂੰ ਪਛਾਣਿਆ ਅਤੇ ਬਾਰੀਕੀ ਨਾਲ ਉਸ ਆਤਮਾ ਨੂੰ ਅਪਣਾਇਆ ਜੋ ਕਲਿਆਣਕਾਰੀ ਸੂਬੇ ਦੇ ਚੰਗੇ ਅਤੀਤ ਦੀਆਂ ਯਾਦਾਂ ਨੂੰ ਜਾਗਰੂਕ ਕਰਦੀਆਂ ਸਨ। ਸਿਰ ਝੁਕਾ ਕੇ ਆਸਮਾਨ ਵੱਲ ਵੇਖਣ ਦੀ ਮੁਦਰਾ ਦਾ ਨਵਾਂ ਅਨੁਭਵ ਰਚਦੀ ਸੀ।

ਇਸ ਨੇ ਆਪਣੀ ਪ੍ਰਸੰਗਿਕਤਾ ਸਾਬਤ ਕਰ ਦਿੱਤੀ ਹੈ ਅਤੇ ਇਸੇ ਕਾਰਨ ਕਈ ਲੋਕਾਂ 'ਚ ਅਪ੍ਰਸੰਗਿਕ ਹੋਣ ਦਾ ਡਰ ਬਿਠਾ ਦਿੱਤਾ ਹੈ। ਉਹ ਸ਼ੁੱਧ ਦੱਖਣ ਪੰਥ ਦੀ ਸਥਾਪਨਾ ਨਹੀਂ ਹੈ। ਨਾ ਇਹ ਕਾਰਪੋਰੇਟਾਂ ਦੀ ਕੋਈ ਨਵੀਂ ਸੱਤਾ ਹੈ। (ਜੋ ਅੰਬਾਨੀ-ਅਡਾਨੀ ਦੀ ਦੁਹਾਈ ਦਿੰਦੇ ਹਨ, ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਾਂਗਰਸ ਨੂੰ ਆਪਣੀ ਦੁਕਾਨ ਇਨਾਂ 'ਚੋਂ ਹੀ ਇਕ ਨੇ ਦੱਸਿਆ ਸੀ।) ਦਰਅਸਲ ਇਹ ਨਿਰਾਸ਼ ਪਏ, ਇੱਕਤਰਫ਼ਾ ਤਰਕਾਂ ਅਤੇ ਬੇਸ਼ੁਮਾਰ ਭ੍ਰਿਸ਼ਟਾਚਾਰਾਂ ਦੇ ਬਾਵਜੂਦ ਬੌਧਿਕ ਰਾਜਨੀਤੀ ਨਾਲ ਲੁਭਾਏ ਜਾ ਰਹੇ ਤ੍ਰਸਤ ਤੰਤਰ ਦਾ ਹੱਥ-ਠੋਕਾ ਹਨ।

ਹਾਂ, ਇਸ ਮੌਕੇ ਨੂੰ ਨਰਿੰਦਰ ਮੋਦੀ ਨੇ ਰਾਜਨੀਤਕ ਚਲਾਕੀ ਨਾਲ ਆਪਣੀ ਸ਼ਕਤੀ 'ਚ ਬਦਲ ਲਿਆ ਹੈ। ਹਾਲਾਂਕਿ ਕਥਿਤ ਮੱਧ-ਦੱਖਣ ਦੀ ਇਹ ਪਹਿਲੀ ਪੂਰਨ ਸੱਤਾ ਦਾ ਮੌਕਾ ਸੀ, ਇਸ ਲਈ ਸਰਗਰਮੀ ਬਹੁਤ ਹੈ। ਤਿੰਨ ਸਾਲਾਂ 'ਚ ਨਵੀਆਂ ਯੋਜਨਾਵਾਂ, ਜੋਖ਼ਮ ਲੈਣ ਵਾਲੇ ਫ਼ੈਸਲਿਆਂ ਅਤੇ ਅਚਾਨਕ ਹੈਰਾਨੀ 'ਚ ਪਾਉਣ ਵਾਲੇ ਤੌਰ-ਤਰੀਕਿਆਂ ਦੀ ਵਿਰੋਧੀਆਂ 'ਤੇ ਲਗਭਗ 'ਦਹਿਸ਼ਤ' ਹੈ। ਘੁਟਾਲਿਆਂ ਦੇ ਨਾ ਹੋਣ ਅਤੇ ਰਾਸ਼ਟਰੀ-ਅੰਤਰ ਰਾਸ਼ਟਰੀ ਪੱਧਰ 'ਤੇ ਨਵੀਂ ਗਤੀ ਦੇਣ ਕਾਰਨ ਇਹ ਸ਼ਕਤੀ ਵਧੀ ਹੈ। ਜੇਕਰ ਇਹ ਦੌਰ ਕਾਇਮ ਨਹੀਂ ਰਿਹਾ ਤਾਂ 'ਦੱਖਣ ਪੰਥ' ਦੀ ਕਥਿਤ ਕਾਮਨਾ ਦਾ ਇਹ ਆਖ਼ਰੀ ਦੌਰ ਹੋਵੇਗਾ।

ਇਹੀ ਗੱਲ ਮੋਦੀ ਵਿਰੋਧੀਆਂ ਨੂੰ ਸਤਾ ਰਹੀ ਹੈ। ਜੇ ਇਹੀ ਡਰ ਮੌਜੂਦਾ ਸੱਤਾ ਨੂੰ ਕਾਇਮ ਰੱਖਦਾ ਹੈ ਤਾਂ ਕੀ ਹੋਵੇਗਾ? ਇਸ ਦਾ ਜਵਾਬ ਉਨਾਂ ਦੇ ਖ਼ੁਦ ਦੇ ਅਤੀਤ ਅਤੇ ਵਰਤਮਾਨ 'ਚ ਹੈ। ਉਹ ਸਿਰਫ਼ ਪ੍ਰਸ਼ਾਂਤ ਕਿਸ਼ੋਰ ਦੀ ਅਦਲਾ-ਬਦਲੀ ਨਾਲ ਕ੍ਰਾਂਤੀ ਪ੍ਰਗਟ ਨਹੀਂ ਕਰ ਸਕਦੇ।

ਆਰਤੀ ਅਤੇ ਵਿਰਲਾਪ ਵਿਚਕਾਰ ਹੁਣ ਇਸਲਾਮੀ ਰਾਜਨੀਤੀ, ਦਲਿਤ ਭਾਈਚਾਰੇ ਅਤੇ ਜਾਤੀਗਤ ਵੰਡ ਦਾ ਤੇਜ਼ ਮਸਾਲਾ ਤਿਆਰ ਕੀਤਾ ਜਾਵੇਗਾ। ਇਹ ਵੱਡੀ ਪਰਖੀ ਹੋਈ ਰਸੋਈ ਪ੍ਰਕਿਰਿਆ ਹੈ। ਮੋਦੀ ਨੂੰ ਸਿਰਫ਼ ਇਸੇ ਦੀ ਕਾਟ ਚਾਹੀਦੀ ਹੈ।

ਉਸ ਲਈ ਸਾਰੇ ਦੋਸਤਾਂ ਨੂੰ ਹਾਲੇ ਇੰਤਜ਼ਾਰ ਕਰਨਾ ਹੋਵੇਗਾ।

# ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਪਹਿਲੀ ਅਰਦਾਸ ਮਗਰੋਂ ਖੁੱਲ੍ਹੇ

## 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਗੂੰਜੀਆਂ ਪਹਾੜੀਆਂ



**ਗੋਬਿੰਦਧਾਮ/ਬਿਊਰੋ ਨਿਊਜ਼ :** ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਜੀ ਦੇ ਕਿਵਾੜ ਪਹਿਲੀ ਅਰਦਾਸ ਉਪਰੰਤ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਖੋਲ੍ਹ ਦਿੱਤੇ ਗਏ, ਉਪਰੰਤ ਹਜ਼ਾਰਾਂ ਦੀ ਗਿਣਤੀ ਵਿਚ ਦੂਰ-ਦੁਰਾਡੇ ਇਲਾਕਿਆਂ ਵਿਚੋਂ ਪਹੁੰਚੀਆਂ ਸੰਗਤਾਂ ਨੇ ਸ਼ਰਧਾ, ਭਾਵਨਾ ਤੇ ਉਤਸ਼ਾਹ ਨਾਲ ਮੱਥਾ ਟੇਕਿਆ ਅਤੇ ਸੱਤ ਪਹਾੜੀਆਂ ਦੀ ਗੋਦੀ ਵਿਚ ਸਥਿਤ ਬਰਫ਼ੀਲੇ ਸਰੋਵਰ ਵਿਚ ਇਸ਼ਨਾਨ ਕੀਤਾ। ਇਸ ਤੋਂ ਪਹਿਲਾਂ ਸਵੇਰੇ ਗੁਰ-ਮਰਿਆਦਾ ਅਨੁਸਾਰ ਸੁੱਖ ਆਸਣ ਹਾਲ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ਼ਬਦ ਗਾਇਨ ਕਰਦੀਆਂ ਸੰਗਤਾਂ ਅਤੇ ਨਰਸਿੰਙੇ ਦੀਆਂ ਮਨਮੋਹਨ ਧੁਨਾਂ ਵਿਚ ਦਰਬਾਰ ਹਾਲ ਵਿਖੇ ਸੁਸ਼ੋਭਿਤ ਸੁੰਦਰ ਪਾਲਕੀ ਸਾਹਿਬ ਵਿਚ ਪ੍ਰਕਾਸ਼ ਕੀਤਾ ਗਿਆ ਅਤੇ ਪਹਿਲੀ ਅਰਦਾਸ ਮੁੱਖ ਗ੍ਰੰਥੀ ਸ੍ਰੀ ਹੇਮਕੁੰਟ ਸਾਹਿਬ ਭਾਈ ਮਿਲਾਪ ਸਿੰਘ ਵੱਲੋਂ ਕੀਤੀ ਗਈ, ਜਿਸ ਵਿਚ ਕਰੀਬ 6 ਹਜ਼ਾਰ ਤੋਂ ਵਧੇਰੇ ਸੰਗਤਾਂ ਨੇ ਦਰਬਾਰ ਸਾਹਿਬ ਦੇ ਦਰਸ਼ਨ ਦੀਦਾਰੇ ਕਰ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਇਸ ਦੌਰਾਨ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਮਿਲਾਪ ਸਿੰਘ ਨੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਨ ਉਪਰੰਤ ਅਰਦਾਸ ਕੀਤੀ। ਇਸ ਮੌਕੇ ਹਜ਼ੂਰੀ ਰਾਗੀ (ਸ੍ਰੀ ਹੇਮਕੁੰਟ ਸਾਹਿਬ) ਭਾਈ ਜੋਗਾ ਦੇ ਜਥੇ ਵੱਲੋਂ ਕੀਰਤਨ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਖੁੱਲ੍ਹਣ ਦੇ ਨਾਲ ਹੀ ਸ੍ਰੀ ਹੇਮਕੁੰਟ ਸਾਹਿਬ ਵਿਖੇ ਸੰਗਤਾਂ ਤੇ ਯਾਤਰੂ ਜਥਿਆਂ ਦੀ ਆਮਦ ਸ਼ੁਰੂ ਹੋ ਗਈ। ਸ੍ਰੀ ਹੇਮਕੁੰਟ ਸਾਹਿਬ ਵਿਖੇ ਹਲਕੀ ਬਾਰਿਸ਼ ਹੋਣ ਨਾਲ ਚੱਲੀਆਂ ਬਰਫ਼ੀਲੀਆਂ ਹਵਾਵਾਂ ਦੇ ਬਾਵਜੂਦ ਸੰਗਤਾਂ ਦੇ ਉਤਸ਼ਾਹ ਵਿਚ ਕੋਈ ਕਮੀ ਨਜ਼ਰ ਨਹੀਂ ਆਈ। ਯਾਤਰਾ 'ਤੇ ਆਉਣ ਵਾਲੀਆਂ ਸੰਗਤਾਂ ਲਈ ਇਸ ਵਾਰ 418 ਇੰਜਨੀਅਰ ਕੋਰ ਦੇ ਸੂਬੇਦਾਰ ਇਕਬਾਲ ਸਿੰਘ ਦੀ ਅਗਵਾਈ ਹੇਠ ਸੈਨਾ ਦੇ ਜਵਾਨਾਂ ਵੱਲੋਂ 3 ਤੋਂ ਲੈ ਕੇ 17 ਫੁੱਟ ਦੀ ਬਰਫ਼ ਦੀ ਮੋਟੀ ਤਹਿ ਨੂੰ ਕੱਟ ਕੇ ਪੈਦਲ ਰਸਤਾ ਬਣਾਇਆ ਗਿਆ।

ਸ੍ਰੀ ਹੇਮਕੁੰਟ ਸਾਹਿਬ ਜੀ ਦੇ ਕਿਵਾੜ ਸੰਗਤਾਂ ਲਈ ਖੋਲ੍ਹਣ ਦੌਰਾਨ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਹਿਮਾਲਿਆ ਦੀਆਂ ਬਰਫ਼ ਨਾਲ ਢਕੀਆਂ ਹੋਈਆਂ ਪਹਾੜੀਆਂ ਗੂੰਜ ਉੱਠੀਆਂ ਅਤੇ ਪੂਰਾ ਮਾਹੌਲ ਖ਼ਾਲਸਾਈ ਰੰਗ ਵਿਚ ਰੰਗਿਆ ਗਿਆ।

ਸ੍ਰੀ ਹੇਮਕੁੰਟ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਮਿਲਾਪ ਸਿੰਘ ਨੇ ਦੱਸਿਆ ਕਿ ਪ੍ਰੰਪਰਾ ਅਨੁਸਾਰ ਦਿਨ ਵਿਚ ਤਿੰਨ ਵਾਰ ਅਰਦਾਸ ਕੀਤੀ ਜਾਂਦੀ ਹੈ, ਜਿਸ ਵਿਚ ਪਹਿਲੀ ਸੰਗਤਾਂ ਦੀ ਆਮਦ 'ਤੇ ਸਵੇਰੇ 10 ਵਜੇ, ਉਪਰੰਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਕੀਰਤਨ ਤੋਂ ਬਾਅਦ 12 ਵਜੇ ਅਤੇ ਇਸੇ ਪ੍ਰਕਾਰ 2 ਵਜੇ ਅਰਦਾਸ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਆਕਸੀਜਨ ਦੀ ਕਮੀ ਅਤੇ ਮੌਸਮ ਦੀ ਖ਼ਰਾਬੀ ਕਾਰਨ ਸੰਗਤਾਂ ਨੂੰ ਦਿਨ ਦੇ 2 ਵਜੇ ਦੀ ਅਰਦਾਸ ਤੋਂ ਬਾਅਦ ਵਾਪਸ ਗੁਰਦੁਆਰਾ ਗੋਬਿੰਦ ਘਾਟ ਵਿਖੇ ਭੇਜਿਆ ਜਾਂਦਾ ਹੈ। ਜਿਥੇ ਉਹ ਵਿਸ਼ਰਾਮ ਕਰ ਕੇ ਅਗਲੇ ਪੜਾਅ ਲਈ ਰਵਾਨਾ ਹੁੰਦੀਆਂ ਹਨ।

ਉੱਤਰਾਖੰਡ ਸਰਕਾਰ ਵੱਲੋਂ ਗੁਰਦੁਆਰਾ ਗੋਬਿੰਦ ਘਾਟ ਜਿਥੋਂ ਕਿ ਪਹਿਲਾਂ ਸ੍ਰੀ ਹੇਮਕੁੰਟ ਸਾਹਿਬ ਲਈ 19 ਕਿਲੋਮੀਟਰ ਪੈਦਲ ਯਾਤਰਾ ਸ਼ੁਰੂ ਹੁੰਦੀ ਸੀ, ਤੋਂ ਚਾਰ ਕਿਲੋਮੀਟਰ ਦੂਰ ਸਥਿਤ ਪਿੰਡ ਪੁਲਨਾ ਤੱਕ ਸੜਕ ਦਾ ਨਿਰਮਾਣ ਕਰਵਾਇਆ ਗਿਆ ਹੈ। ਹੁਣ ਇਥੋਂ ਤੱਕ ਵਾਹਨਾਂ ਦੀ ਆਵਾਜਾਈ ਹੋਣ ਨਾਲ ਸ੍ਰੀ ਹੇਮਕੁੰਟ ਸਾਹਿਬ ਜੀ ਦੀ 19 ਕਿਲੋਮੀਟਰ ਦੀ ਪੈਦਲ ਯਾਤਰਾ ਘਟ ਕੇ 15 ਕਿਲੋਮੀਟਰ ਹੀ ਰਹਿ ਗਈ ਹੈ। ਸਾਲ 2013 ਦੀ ਸ੍ਰੀ ਹੇਮਕੁੰਟ ਸਾਹਿਬ ਯਾਤਰਾ ਦੌਰਾਨ ਜੁਲਾਈ ਮਹੀਨੇ ਵਿਚ ਹੋਈ ਕੁਦਰਤੀ ਤ੍ਰਾਸਦੀ ਦੇ ਅੰਸ਼ ਪੈਦਲ ਰਸਤੇ ਵਿਚ ਅਜੇ ਵੀ ਦੇਖਣ ਨੂੰ ਮਿਲਦੇ ਹਨ ਭਾਵੇਂ ਕਿ ਸੂਬਾ ਸਰਕਾਰ ਤੇ ਟਰੱਸਟ ਦੇ ਪੂਰਨ ਸਹਿਯੋਗ ਸਦਕਾ ਰਸਤੇ ਦਾ ਨਵਨਿਰਮਾਣ ਕਰ ਕੇ ਮੁੜ 21 ਸਤੰਬਰ, 2013 ਨੂੰ ਯਾਤਰਾ ਸ਼ੁਰੂ ਕਰਵਾ ਦਿੱਤੀ ਗਈ ਸੀ ਪਰ ਗੋਬਿੰਦ ਘਾਟ ਤੋਂ ਕਰੀਬ 8 ਕਿਲੋਮੀਟਰ ਦੂਰ ਅਤੇ ਗੁਰਦੁਆਰਾ ਗੋਬਿੰਦਧਾਮ ਤੋਂ 5 ਕਿਲੋਮੀਟਰ ਪਹਿਲਾਂ ਗੰਗਾ ਨਦੀ ਉੱਪਰ ਢਹਿ-ਢੇਰੀ ਹੋਇਆ ਪੁਲ ਦਾ ਮਲਬਾ ਅੱਜ ਵੀ ਆਪਣੀ ਦਾਸਤਾਨ ਬਿਆਨ ਕਰ ਰਿਹਾ ਹੈ।

ਸ੍ਰੀ ਹੇਮਕੁੰਟ ਸਾਹਿਬ ਵਿਖੇ ਦਰਸ਼ਨ ਕਰਨ ਆਉਂਦੀਆਂ ਸੰਗਤਾਂ ਲਈ ਟਰੱਸਟ ਵੱਲੋਂ ਹਲਕਾ-ਫੁਲਕਾ ਚਾਹ ਅਤੇ ਖਿਚੜੀ ਦਾ ਲੰਗਰ ਵਰਤਾਇਆ ਜਾਂਦਾ ਹੈ। ਇਸ ਤੋਂ ਇਲਾਵਾ ਸੰਗਤਾਂ ਵੱਲੋਂ ਵੀ ਬਰੈੱਡ-ਪਕੌੜੇ, ਬਰੈੱਡ-ਜੈਮ ਅਤੇ ਭੰਗੂਰ ਦਾ ਲੰਗਰ ਲਾਇਆ ਜਾਂਦਾ ਹੈ। ਇਸ ਦੌਰਾਨ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਮੈਨੇਜਰ ਗੁਰਨਾਮ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਦੀ ਬਜਾਏ ਇਸ ਵਾਰ ਬਰਫ਼ ਜ਼ਿਆਦਾ ਪਈ ਹੈ ਪਰ ਮੌਸਮ ਖ਼ੁਸ਼ਗਵਾਰ ਰਹਿਣ ਦੀ ਉਮੀਦ ਹੈ ਜਿਸ ਲਈ ਸੰਗਤਾਂ ਦੀ ਆਮਦ ਵਧੇਰੇ ਹੋਈ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਸੰਗਤਾਂ ਯਾਤਰਾ ਸਬੰਧੀ ਕਿਸੇ ਵੀ ਪ੍ਰਕਾਰ ਦੀ ਅਫ਼ਵਾਹ 'ਤੇ ਯਕੀਨ ਨਾ ਕਰਨ। ਯਾਤਰਾ ਦੇ ਪਹਿਲੇ ਦਿਨ 418 ਇੰਡੀਪੈਂਡੈਂਟ ਫੀਲਡ ਕੰਪਨੀ ਇੰਜਨੀਅਰ ਦੇ ਮੇਜਰ ਵਿਕਰਾਂਤ ਬੋਰਾ ਅਤੇ ਸੂਬੇਦਾਰ ਮੇਜਰ ਗੁਰਨਾਮ ਸਿੰਘ ਵੱਲੋਂ ਜਿਥੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਉਥੇ ਹੀ ਉਨ੍ਹਾਂ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਖੋਲ੍ਹਣ ਦੌਰਾਨ ਅਹਿਮ ਭੂਮਿਕਾ ਨਿਭਾਈ ਜਦ ਕਿ ਪਿਛਲੇ ਕਈ ਦਿਨਾਂ ਤੋਂ ਗਲੇਸ਼ੀਅਰ ਨੂੰ ਹਟਾ ਕੇ ਸੰਗਤਾਂ ਲਈ ਰਸਤਾ ਬਣਾਉਣ ਲਈ ਟੀਮ ਦੀ ਅਗਵਾਈ ਕਰਨ ਵਾਲੇ ਸੂਬੇਦਾਰ ਇਕਬਾਲ ਸਿੰਘ ਨੇ ਪੰਜ ਪਿਆਰਿਆਂ ਵਿਚ ਸੇਵਾ ਵੀ ਨਿਭਾਈ।

## ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਪ੍ਰਦੂਸ਼ਣ ਵਿਚ ਆਈ ਕਮੀ

ਅੰਮ੍ਰਿਤਸਰ/ਬਿਊਰੋ ਨਿਊਜ਼ :

ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਸਥਾਪਤ ਕੀਤੇ ਪ੍ਰਦੂਸ਼ਣ ਮਾਪਕ ਯੰਤਰ ਤੋਂ ਖੁਲਾਸਾ ਹੋਇਆ ਹੈ ਕਿ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਪ੍ਰਦੂਸ਼ਣ ਵਿੱਚ ਕਮੀ ਆਈ ਹੈ ਅਤੇ ਵਾਤਾਵਰਣ ਠੀਕ ਹੋਣ ਲੱਗਾ ਹੈ। ਇਹ ਯੰਤਰ ਕੁਝ ਸਮਾਂ ਪਹਿਲਾਂ ਇਥੇ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਬਣੇ ਗਲਿਆਰੇ ਵਿੱਚ ਸਥਾਪਤ ਕੀਤਾ ਗਿਆ ਸੀ। ਇਸ ਯੰਤਰ ਰਾਹੀਂ ਹਰਿਮੰਦਰ ਸਾਹਿਬ ਅਤੇ ਆਲੇ ਦੁਆਲੇ ਦੇ ਪ੍ਰਦੂਸ਼ਣ 'ਤੇ ਨਜ਼ਰ ਰੱਖੀ ਜਾਂਦੀ ਹੈ। ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਡਿਪਟੀ ਡਾਇਰੈਕਟਰ ਚਰਨਜੀਤ ਸਿੰਘ ਨੇ ਦੱਸਿਆ ਕਿ ਇਸ ਰੂਹਾਨੀ ਅਸਥਾਨ ਦੇ ਆਲੇ ਦੁਆਲੇ ਪ੍ਰਦੂਸ਼ਣ ਵਿੱਚ ਕਮੀ ਆਈ ਹੈ ਅਤੇ ਵਾਤਾਵਰਣ ਕੁਦਰਤ ਪੱਖੀ ਬਣ ਰਿਹਾ ਹੈ। ਮੌਜੂਦਾ ਅਧਿਐਨ ਮੁਤਾਬਕ ਇਥੇ ਪ੍ਰਦੂਸ਼ਣ ਦੇ ਕਣਾਂ ਪਰਟੀਕੁਲੇਟ ਮੈਟਰ (ਪੀਐਮ 10) ਦੀ ਮਾਤਰਾ 88.10 ਮਾਈਕਰੋਗਰਾਮ ਪ੍ਰਤੀ ਕਿਊਬਿਕ ਮੀਟਰ ਪਾਈ ਗਈ ਹੈ, ਜੋ ਕਿ ਇਤਿਹਾਸਕ ਸਥਾਨਾਂ ਲਈ ਖ਼ਤਰੇ ਦੇ ਨਿਸ਼ਾਨ 100 ਮਾਈਕਰੋਗਰਾਮ ਪ੍ਰਤੀ ਕਿਊਬਿਕ ਮੀਟਰ ਤੋਂ ਘੱਟ ਹੈ। ਇਸੇ ਤਰ੍ਹਾਂ ਨਾਈਟਰੋਜਨ ਡੀ-ਆਕਸਾਈਡ, ਜੋ ਵਾਹਨਾਂ ਦੇ ਪ੍ਰਦੂਸ਼ਣ ਤੋਂ ਪੈਦਾ ਹੁੰਦੀ ਹੈ, ਵੀ ਘੱਟ ਕੇ 14.14 ਮਾਈਕਰੋਗਰਾਮ ਪ੍ਰਤੀ ਕਿਊਬਿਕ ਮੀਟਰ ਪਾਈ ਗਈ ਹੈ। ਪ੍ਰਦੂਸ਼ਣ ਕਣ ਪੀਐਮ 2.5 ਦੀ ਮਾਤਰਾ 40 ਮਾਈਕਰੋਗਰਾਮ ਪ੍ਰਤੀ ਕਿਊਬਿਕ ਮੀਟਰ ਪਾਈ ਗਈ ਹੈ ਜਦੋਂਕਿ ਪਹਿਲਾਂ ਇਹ 60 ਮਾਈਕਰੋਗਰਾਮ ਪ੍ਰਤੀ ਕਿਊਬਿਕ ਮੀਟਰ ਹੁੰਦੀ ਸੀ। ਇਸ ਤੋਂ ਪਹਿਲਾਂ ਜੁਲਾਈ 2016 ਵਿੱਚ ਜਾਰੀ ਕੀਤੇ ਤਿਮਾਹੀ ਵੇਰਵੇ ਵਿਚ ਇਥੇ ਪ੍ਰਦੂਸ਼ਣ ਖ਼ਤਰੇ ਦੇ ਨਿਸ਼ਾਨ 'ਤੇ ਸੀ। ਉਸ ਵੇਲੇ ਪ੍ਰਦੂਸ਼ਣ ਕਣ ਪੀਐਮ 10 ਦੀ ਮਾਤਰਾ 125 ਤੋਂ 175 ਐਮਜੀ ਪ੍ਰਤੀ ਕਿਊਬਿਕ ਮੀਟਰ ਅਤੇ ਪੀਐਮ 2.5 ਦੀ ਮਾਤਰਾ 22 ਤੋਂ 70 ਐਮਜੀ ਦਰਮਿਆਨ ਸੀ। ਉਨ੍ਹਾਂ ਕਿਹਾ ਕਿ ਹੁਣ ਇਸ ਪ੍ਰਦੂਸ਼ਣ ਮਾਪਕ ਯੰਤਰ ਨਾਲ ਰੋਜ਼ਾਨਾ ਪ੍ਰਦੂਸ਼ਣ ਦੀ ਮਾਤਰਾ ਨੂੰ ਮਾਪਿਆ ਜਾ ਰਿਹਾ ਹੈ। ਪ੍ਰਦੂਸ਼ਣ ਵਿੱਚ ਲਗਾਤਾਰ ਕਮੀ ਆ ਰਹੀ ਹੈ। ਪਿਛਲੇ ਕੁਝ ਮਹੀਨਿਆਂ ਵਿੱਚ ਕੀਤੇ ਗਏ ਅਧਿਐਨ ਤੋਂ ਸਪੱਸ਼ਟ ਹੈ ਕਿ ਪ੍ਰਦੂਸ਼ਣ ਘਟਿਆ ਹੈ ਅਤੇ ਕਾਬੂ ਹੇਠ ਹੈ। ਵਿਭਾਗ ਵੱਲੋਂ ਇਹ ਵੇਰਵੇ ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ ਨੂੰ ਵੀ ਭੇਜੇ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਦੱਸਿਆ ਕਿ ਅਗਲੇ ਛੇ ਤੋਂ ਅੱਠ ਮਹੀਨੇ ਵਿੱਚ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਦੀ ਨਵੀਂ ਇਮਾਰਤ ਸ਼ੁਰੂ ਹੋ ਜਾਵੇਗੀ। ਇਥੇ ਅਤਿ ਆਧੁਨਿਕ ਰਸੋਈ ਤਿਆਰ ਕੀਤੀ ਗਈ ਹੈ, ਜਿਥੇ ਵਧੇਰੇ ਐਲਪੀਜੀ ਗੈਸ ਅਤੇ ਬਿਜਲੀ ਉਪਕਰਨਾਂ ਰਾਹੀਂ ਲੰਗਰ ਤਿਆਰ ਹੋਵੇਗਾ। ਇਸ ਨਾਲ ਪ੍ਰਦੂਸ਼ਣ ਨੂੰ ਕਾਬੂ ਕਰਨ ਵਿੱਚ ਹੋਰ ਮਦਦ ਮਿਲੇਗੀ। ਪ੍ਰਦੂਸ਼ਣ ਘਟਣ ਦੇ ਪ੍ਰਮੁੱਖ ਕਾਰਕਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਨੇੜੇ ਬਣਿਆ ਵਿਰਾਸਤੀ ਮਾਰਗ, ਵਾਹਨਾਂ ਦੀ ਆਵਾਜਾਈ 'ਤੇ ਰੋਕ, ਜਨਰੇਟਰਾਂ ਦਾ ਘੱਟ ਚੱਲਣਾ, ਉਸਾਰੀ ਦਾ ਕੰਮ ਖ਼ਤਮ ਹੋਣਾ, ਸੁਨਿਆਰਿਆਂ ਦੀ ਭੱਠੀ ਵਿੱਚ ਕੋਲੇ ਦੀ ਥਾਂ ਐਲਪੀਜੀ ਗੈਸ ਦੀ ਵਰਤੋਂ ਤੇ ਹੋਰ ਕਈ ਕਾਰਨ ਸ਼ਾਮਲ ਹਨ। ਪੌਣਾ ਕਿਲੋਮੀਟਰ ਲੰਮੇ ਵਿਰਾਸਤੀ ਮਾਰਗ ਨੂੰ ਪੈਦਲ ਜ਼ੋਨ ਬਣਾਉਣ ਸਦਕਾ ਵਾਹਨਾਂ ਦੇ ਪ੍ਰਦੂਸ਼ਣ ਤੋਂ ਇਲਾਵਾ ਮਿੱਟੀ ਤੇ ਧੂੜ ਦਾ ਪ੍ਰਦੂਸ਼ਣ ਵੀ ਘਟਿਆ ਹੈ।

# ਗੁਰੂ ਘਰਾਂ ਦੀਆਂ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ਿਆਂ ਦਾ ਮਾਮਲਾ ਭਖਿਆ

### *ਸ਼੍ਰੋਮਣੀ ਕਮੇਟੀ ਨੇ ਗੇਂਦ ਕੈਪਟਨ ਦੇ ਪਾਲੇ ਵਿਚ ਸੁੱਟੀ; ਕਿਹਾ-ਕਾਂਗਰਸ ਸਰਕਾਰ ਆਉਣ ਮਗਰੋਂ ਵਧੇ ਨਾਜਾਇਜ਼ ਕਬਜ਼ੇ*

**ਬਠਿੰਡਾ/ਬਿਊਰੋ ਨਿਊਜ਼ :**

ਸ਼੍ਰੋਮਣੀ ਕਮੇਟੀ ਨੇ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ਿਆਂ ਦੇ ਮਾਮਲੇ 'ਤੇ ਗੇਂਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪਾਲੇ ਵਿੱਚ ਸੁੱਟ ਦਿੱਤੀ ਹੈ ਜਦਕਿ ਦੂਜੇ ਪਾਸੇ ਪਿੰਡ ਭਾਈਰੂਪਾ ਦੀ ਲੰਗਰ ਕਮੇਟੀ ਅਤੇ ਮੌੜ ਕਲਾਂ ਦੀ ਪ੍ਰਬੰਧਕੀ ਕਮੇਟੀ ਨੇ ਤਾੜਨਾ ਕੀਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਦਾ ਧੱਕਾ ਨਹੀਂ ਚੱਲਣ ਦੇਣਗੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦਮਦਮਾ ਸਾਹਿਬ ਵਿਖੇ ਮਾਲਵੇ ਦੇ ਛੇ ਜ਼ਿਲ੍ਹਿਆਂ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਜ਼ਮੀਨੀ ਵਿਵਾਦਾਂ ਬਾਰੇ ਮੀਟਿੰਗ ਕੀਤੀ। ਪ੍ਰੋ. ਬਡੂੰਗਰ ਨੇ ਮੀਟਿੰਗ ਮਗਰੋਂ ਆਖਿਆ ਕਿ ਮੁੱਖ ਮੰਤਰੀ ਨੇ ਮੀਟਿੰਗ ਲਈ ਸੱਦਿਆ ਤਾਂ ਉਹ ਮਸਲੇ ਦੇ ਹੱਲ ਲਈ ਜ਼ਰੂਰ ਜਾਣਗੇ ਪਰ ਆਪਣੇ-ਆਪ ਨਹੀਂ ਜਾਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਵਡੇਰਿਆਂ ਤੇ ਖ਼ਾਸ ਕਰ ਕੇ ਉਨ੍ਹਾਂ ਦੇ ਦਾਦਾ ਨੇ ਹੀ ਇਹ ਜ਼ਮੀਨਾਂ ਦਿੱਤੀਆਂ ਸਨ ਅਤੇ ਹੁਣ ਪੋਤਰੇ ਨੂੰ ਇਨ੍ਹਾਂ ਜ਼ਮੀਨਾਂ ਦੀ ਰਾਖੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਦੇ ਹੁੰਗਾਰੇ ਦੀ ਉਡੀਕ ਕਰਨਗੇ। ਜੇਕਰ ਮੁੱਖ ਮੰਤਰੀ ਨੇ ਟਾਲਾ ਵੱਟਿਆ ਤਾਂ ਉਹ ਫਿਰ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਨਹੀਂ ਹੋਣ ਦਿੱਤੇ ਜਾਣਗੇ। ਸ਼੍ਰੋਮਣੀ ਕਮੇਟੀ ਨੇ ਕੈਪਟਨ ਸਰਕਾਰ ਖ਼ਿਲਾਫ਼ ਸਿੱਧਾ ਫਰੰਟ ਵੀ ਖੋਲ੍ਹ ਲਿਆ ਹੈ ਅਤੇ ਆਖਿਆ ਹੈ ਕਿ ਹਕੂਮਤ ਬਦਲੀ ਮਗਰੋਂ ਹੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਸ਼ੁਰੂ ਹੋਏ ਹਨ ਅਤੇ ਸਰਕਾਰ ਨੇ ਖ਼ਾਮੋਸ਼ੀ ਧਾਰੀ ਹੋਈ ਹੈ। ਅਮਰਜੀਤ ਚਾਵਲਾ ਨੇ ਮੀਟਿੰਗ ਵਿੱਚ ਮਤਾ ਵੀ ਪਾਸ ਕਰਾਇਆ।

**ਲੰਗਰ ਕਮੇਟੀ ਨੇ ਦਿੱਤੀ ਚਿਤਾਵਨੀ :**

ਦੂਜੇ ਪਾਸੇ ਪਿੰਡ ਭਾਈਰੂਪਾ ਦੀ ਲੰਗਰ ਕਮੇਟੀ ਦੇ ਪ੍ਰਧਾਨ ਰਾਜਵਿੰਦਰ ਸਿੰਘ ਰਾਜਾ, ਧਰਮ ਸਿੰਘ ਖ਼ਾਲਸਾ, ਸੰਗਤ ਸਿੰਘ ਨਾਮਧਾਰੀ, ਤੀਰਥ ਭਾਈਰੂਪਾ ਅਤੇ ਕਿਸਾਨ ਆਗੂ ਬਲਦੇਵ ਭਾਈਰੂਪਾ ਨੇ ਇੱਥੇ ਸਾਂਝੀ ਪ੍ਰੈਸ ਕਾਨਫਰੰਸ ਕਰ ਕੇ ਸ਼੍ਰੋਮਣੀ ਕਮੇਟੀ ਨੂੰ ਚੇਤਾਵਨੀ ਦਿੱਤੀ ਕਿ ਉਹ ਲੰਗਰ ਕਮੇਟੀ ਦੀ ਜ਼ਮੀਨ ਵਿੱਚ ਦਾਖ਼ਲ ਹੋਣ ਦੀ ਗਲਤੀ ਨਾ ਕਰੇ। ਆਗੂਆਂ ਨੇ ਕਿਹਾ ਕਿ ਇਹ ਭਾਈਰੂਪਾ ਪਿੰਡ ਦਾ ਮਾਮਲਾ ਹੈ ਜਿਸ ਵਿੱਚ ਕਾਂਗਰਸ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਲੰਗਰ ਕਮੇਟੀ ਦੀ ਜ਼ਮੀਨ ਖ਼ਾਤਰ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹਨ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਪੰਜਾਬ ਦਾ ਮਾਹੌਲ ਖ਼ਰਾਬ ਕਰਨਾ ਚਾਹੁੰਦੀ ਹੈ।



**ਮੌੜ ਕਲਾਂ ਦੀ ਪ੍ਰਬੰਧਕੀ ਕਮੇਟੀ ਨੇ ਵੀ ਦਿਖਾਈਆਂ ਅੱਖਾਂ :**

ਇਸੇ ਦੌਰਾਨ ਮੌੜ ਕਲਾਂ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਅਤੇ ਜਨਰਲ ਸਕੱਤਰ ਭੁਪਿੰਦਰ ਸਿੰਘ ਨੇ ਜਾਰੀ ਬਿਆਨ ਵਿੱਚ ਆਖਿਆ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਧੱਕਾ ਨਹੀਂ ਕਰਨ ਦੇਣਗੇ। ਆਗੂਆਂ ਨੇ ਦੱਸਿਆ ਕਿ ਮੌੜ ਕਲਾਂ ਦੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਰਜਿਸਟਰਡ ਹੈ ਜੋ ਪ੍ਰਬੰਧ ਚਲਾ ਰਹੀ ਹੈ। ਸਾਲ 2006 ਤੋਂ ਪਹਿਲਾਂ ਗ੍ਰੰਥੀ ਨੇ ਰਿਕਾਰਡ ਵਿੱਚ ਕਥਿਤ ਗੜਬੜ ਕਰ ਦਿੱਤੀ ਸੀ ਜਿਸ ਕਰਕੇ 29 ਅਪ੍ਰੈਲ 2006 ਨੂੰ ਡਿਪਟੀ ਕਮਿਸ਼ਨਰ ਨੇ ਗੁਰੂ ਘਰ ਦਾ ਪ੍ਰਬੰਧ ਲੋਕਲ ਪ੍ਰਬੰਧਕੀ ਕਮੇਟੀ ਹਵਾਲੇ ਕਰ ਦਿੱਤਾ ਸੀ। ਹੁਣ ਇਸ ਗੁਰੂ ਘਰ ਦੀ 130 ਏਕੜ ਜ਼ਮੀਨ ਦਾ ਕੇਸ ਕਮਿਸ਼ਨਰ ਫ਼ਰੀਦਕੋਟ ਅਤੇ ਹਾਈ ਕੋਰਟ ਵਿੱਚ ਚੱਲ ਰਿਹਾ ਹੈ।

## ਕਾਬੁਲ 'ਚ ਭਾਰਤੀ ਦੂਤਾਵਾਸ ਨੇੜੇ ਜ਼ੋਰਦਾਰ ਧਮਾਕਾ, 80 ਦੀ ਮੌਤ

**ਕਾਬੁਲ/ਬਿਊਰੋ ਨਿਊਜ਼ :**ਕਾਬੁਲ ਵਿਚ ਭਾਰਤੀ ਦੂਤਾਵਾਸ ਨੇੜੇ ਧਮਾਕਾ ਹੋਇਆ, ਜਿਸ ਵਿਚ 80 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਗਈ ਅਤੇ 350 ਦੇ ਕਰੀਬ ਜ਼ਖ਼ਮੀ ਹੋ ਗਏ। ਸਾਰੇ ਭਾਰਤੀ ਕਰਮਚਾਰੀ ਸੁਰੱਖਿਅਤ ਹਨ। ਧਮਾਕੇ ਤੋਂ ਬਾਅਦ ਆਲੇ-ਦੁਆਲੇ ਧੂੰਏ ਦਾ ਗੁਬਾਰ ਦਿਖਾਈ ਦਿੱਤਾ, ਜਿਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਧਮਾਕਾ ਕਿੰਨਾ ਵੱਡਾ ਸੀ। ਭਾਰਤੀ ਦੂਤਾਵਾਸ ਦੀ ਇਮਾਰਤ ਦੇ ਦਰਵਾਜ਼ਿਆਂ ਤੇ ਖਿੜਕੀਆਂ ਨੂੰ ਨੁਕਸਾਨ ਪਹੁੰਚਿਆ ਹੈ। ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਟਵੀਟ ਕਰਕੇ ਜਾਣਕਾਰੀ ਦਿੱਤੀ ਕਿ ਸਾਰੇ ਭਾਰਤੀ ਕਰਮਚਾਰੀ ਸੁਰੱਖਿਅਤ ਹਨ। ਗ੍ਰਹਿ ਮੰਤਰਾਲੇ ਦੇ ਬੁਲਾਰੇ ਬੁਲਾਰੇ ਨੇ ਕਿਹਾ ਕਿ ਫ਼ਿਲਹਾਲ ਉਹ ਮ੍ਰਿਤਕਾਂ ਦਾ ਅੰਕੜਾ ਦੱਸਣ ਵਿਚ ਅਸਮਰਥ ਹਨ। ਸਿਹਤ ਮੰਤਰਾਲੇ ਦੇ ਇਕ ਬੁਲਾਰੇ ਨੇ ਕਿਹਾ ਕਿ ਕਾਬੁਲ ਦੇ ਹਸਪਤਾਲਾਂ ਵਿਚ 350 ਤੋਂ ਜ਼ਿਆਦਾ ਲੋਕਾਂ ਨੂੰ ਲਿਆਂਦਾ ਗਿਆ ਹੈ ਤੇ ਉਨ੍ਹਾਂ ਵਿਚੋਂ ਜ਼ਿਆਦਾਤਰ ਆਮ ਨਾਗਰਿਕ ਹਨ। ਉਨ੍ਹਾਂ ਕਿਹਾ, 'ਸਾਨੂੰ ਹਾਲੇ ਤੱਕ ਮ੍ਰਿਤਕਾਂ ਦੀ ਸਹੀ ਸੰਖਿਆ ਪਤਾ ਨਹੀਂ ਹੈ।' ਹਾਲੇ ਤੱਕ ਇਹ ਸਾਫ਼ ਨਹੀਂ ਹੋਇਆ ਕਿ ਧਮਾਕੇ ਦੇ ਨਿਸ਼ਾਨੇ 'ਤੇ ਕੌਣ ਸੀ। ਸੂਤਰਾਂ ਮੁਤਾਬਕ ਭਾਰਤੀ ਦੂਤਾਵਾਸ ਇਸ ਦਾ ਨਿਸ਼ਾਨਾ ਨਹੀਂ ਸੀ, ਜਿਸ ਇਲਾਕੇ ਵਿਚ ਧਮਾਕਾ ਹੋਇਆ ਹੈ, ਉਹ ਰਾਸ਼ਟਰਪਤੀ ਦੇ ਆਵਾਸ ਤੋਂ ਬਹੁਤ ਦੂਰ ਨਹੀਂ ਹੈ ਤੇ ਨੇੜੇ-ਤੇੜ ਕਈ ਦੂਤਾਵਾਸ ਹਨ। ਹਾਲੇ ਤਕ ਕਿਸੇ ਨੇ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ।




## ਇਸ ਮਹਾਨ ਨਗਰ ਕੀਰਤਨ 'ਚ ਹਿੱਸਾ ਲੈ ਰਹੇ ਗੁਰਦੁਆਰਾ ਸਾਹਿਬਾਨ

Gurdwara Sahib Fremont: 510-790-0177, Sikh Center of San Francisco Bay Area El Sobrante : 510-223-9987, Gurdwara Sahib of San Jose Sukhdev Singh Beniwal 408-421-9463, Gurdwara Sahib of Hayward: 510-585-7730, Gurdwara Sahib Singh Sabha Bay Area Milpitas Jaswant Singh Hothi 408-898-7056, Gurdwara Sahib South San Francisco, Sri Guru Ravidass Temple Pittsburg Sikhdev Singh: 925-354-9025, Gurudwara Sahib of Bay Point, Sikh Gurdwara Sahib Stockton Jatinder Singh: 209-993-7954, Sikh Temple Turlock Gurjit Singh: 209-585-9168, Gurdwara Sacramento Sikh Society Bradshaw Balwant Singh Virk : 916-529-4795, Sikh Temple Fairfield, Capital Sikh Center Sacramento Gurtej Singh: 916-276-1440, Gurdwara Gur Nanak Prakash Tracy Deep Singh: 209-346-4270, Gurdwara Dashmesh Darbar Tracy Surinder Singh Atwal: 209-321-5476, Gurdwara Gurmat Parkash Manteca Jarnail Singh: 209-321-1733, Deshmesh Darbar Sikh Temple Lodi: 209-629-5415, Gurdwara Sri Sachkhand Sahib Roseville Ravinder Singh: 916-521-0300, Gurdwara Parmeshar Dawar Madera Surinderpal Singh Nijjar: 559-479-1804, Sikh Center of the Pacific Coast Selma Charanjeet Singh Sahota : 559-779-8215, Gurdwara Guru Kalgidhar Sahib Selma Bhupinder Singh Khalsa: 559-352-6698, Gurdwara Guru Nanak Prakash Fresno Jagroop Singh : 209-648-4994, Sikh Temple of Yuba City Tiera Buena: 530-673-7944, Sri Guru Nanak Sikh Temple Bogue Road Yuba City: 530-308-584, Gurdwara Sahib Modesto, Gurdwara Sahib Sikh Temple West Sacramento Darshan Singh Mundi: 916-417-8860

# ਜੂਨ 1984 ਘੱਲੂਘਾਰਾ ਸਮਾਗਮ

## ਵਾਹਿਗੁਰੂ ਜੀ ਕਾ ਖਾਲਸਾ
## ਵਾਹਿਗੁਰੂ ਜੀ ਕੀ ਫਤਹਿ




# ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ

ਵਿਖੇ ਜੂਨ 1984 ਵਿਚ ਭਾਰਤੀ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਹਮਲੇ ਦੌਰਾਨ ਸ਼ਹਾਦਤ ਪ੍ਰਾਪਤ ਕਰਨ ਵਾਲੇ ਸੂਰਮਿਆਂ ਦੀ ਪਵਿੱਤਰ ਯਾਦ ਵਿਚ ਵਿਸ਼ੇਸ਼ ਸਮਾਗਮ ਕਰਵਾਏ ਜਾ ਰਹੇ ਹਨ **4 ਜੂਨ 2017 ਦਿਨ ਐਤਵਾਰ ਨੂੰ** ਸ਼ਹੀਦਾਂ ਦੀ ਯਾਦ ਵਿਚ ਵਿਸ਼ੇਸ਼ ਸਮਾਗਮ ਹੋਣਗੇ, ਜਿਸ ਵਿਚ ਪ੍ਰਸਿੱਧ ਕੀਰਤਨੀਏ, ਕਥਾਵਾਚਕ, ਢਾਡੀ ਅਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਗੁਰਬਾਣੀ, ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਸਰਵਣ ਕਰਵਾਉਣਗੇ। ਇਸ ਤੋਂ ਇਲਾਵਾ **4 ਜੂਨ ਤੋਂ 11 ਜੂਨ 2017** ਤੱਕ ਵਿਸ਼ੇਸ਼ ਸ਼ਾਮ ਦੇ ਦੀਵਾਨ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਸਜਾਏ ਜਾਣਗੇ। ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸ਼ਹੀਦਾਂ ਵਿਚ ਸਜਾਏ ਜਾ ਰਹੇ ਵਿਸ਼ੇਸ਼ ਦੀਵਾਨਾਂ ਵਿਚ ਵਧ-ਚੜ੍ਹ ਕੇ ਹਾਜ਼ਰੀ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਭਾਈ ਮਹਿੰਦਰਜੀਤ ਸਿੰਘ ਜੀ ਦਿੱਲੀ ਵਾਲੇ

ਭਾਈ ਸੁੱਖਾ ਸਿੰਘ ਜੀ

## ਪਹੁੰਚ ਰਹੇ ਰਾਗੀ, ਢਾਡੀ, ਕਵੀਸ਼ਰ ਅਤੇ ਕਥਾਵਾਚਕ

ਬੀਬੀ ਬਲਜੀਤ ਕੌਰ ਤਲਵਾੜੇ ਵਾਲੀਆਂ

ਭਾਈ ਮਹਿੰਦਰਜੀਤ ਸਿੰਘ ਦਿੱਲੀ ਵਾਲੇ

ਭਾਈ ਮਹਿਲ ਸਿੰਘ ਚੰਡੀਗੜ੍ਹ ਵਾਲੇ

ਭਾਈ ਸੁੱਖਾ ਸਿੰਘ ਯੂ.ਕੇ.



ਬੀਬੀ ਬਲਜੀਤ ਕੌਰ ਤਲਵਾੜੇ ਵਾਲੀਆਂ



ਭਾਈ ਮਹਿਲ ਸਿੰਘ ਦਾ ਕਵੀਸ਼ਰੀ ਜਥਾ

ਵਿਸ਼ੇਸ਼ ਜਾਣਕਾਰੀ ਲਈ ਸੰਪਰਕ ਕਰੋ

## ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ 510-790-0177




**ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਈਨ ਵਲੋਂ ਗੁਰਦੁਆਰਾ ਸਾਹਿਬ ਵਿਖੇ ਜੂਨ 1984 ਦੇ ਘੱਲੂਘਰੇ ਵਿਚ ਸ਼ਹੀਦ ਹੋਏ ਸਮੂਹ ਸਿੱਖਾਂ ਦੀ ਯਾਦ ਵਿਚ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਵਿਚ ਪੰਥ ਪ੍ਰਸਿੱਧ ਢਾਡੀ ਭਾਈ ਕੁਲਵੰਤ ਸਿੰਘ ਪੰਡੋਰੀ ਦਾ ਜਥਾ ਅਤੇ ਪੰਥਕ ਜਥੇਬੰਦੀਆਂ ਦੇ ਬੁਲਾਰੇ ਪਹੁੰਚ ਰਹੇ ਹਨ।**

### ਵੇਰਵਾ ਇਸ ਪ੍ਰਕਾਰ

#### ਘੱਲੂਘਾਰਾ ਸ਼ਹੀਦੀ ਸਮਾਗਮ

**ਆਰੰਭ ਸ੍ਰੀ ਆਖੰਡ ਪਾਠ ਸਾਹਿਬ :**
9 ਜੂਨ ਦਿਨ ਸ਼ੁਕਰਵਾਰ ਸਵੇਰੇ 09.30
**ਭਾਰਤੀ ਕੌਂਸਲੇਟ ਦਫ਼ਤਰ ਸ਼ਿਕਾਗੋ ਡਾਊਨ ਟਾਊਨ ਵਿਖੇ ਮੁਜਾਹਰਾ :**
9 ਜੂਨ ਦਿਨ ਸ਼ੁਕਰਵਾਰ, ਸਮਾਂ ਦੁਪਹਿਰ 2:00 ਵਜੇ ਤੋਂ ਲੈ ਕੇ 4:00 ਵਜੇ ਤੱਕ।
ਗੁਰਦੁਆਰਾ ਸਾਹਿਬ ਪੈਲਾਟਾਈਨ ਤੋਂ 12:00 ਵਜੇ ਬੱਸ ਚੱਲੇਗੀ।
**ਭੋਗ ਸ੍ਰੀ ਆਖੰਡ ਪਾਠ ਸਾਹਿਬ**
11 ਜੂਨ ਦਿਨ ਐਤਵਾਰ ਸਵੇਰੇ 09.30 ਵਜੇ।
ਉਪਰੰਤ ਕੀਰਤਨ, ਕਥਾ ਵਿਚਾਰਾਂ ਤੇ ਢਾਡੀ ਦਰਬਾਰ ਸਜੇਗਾ ਪੰਥਕ ਬੁਲਾਰੇ ਵੀਚਾਰ ਰੱਖਣਗੇ।

#### ਸ਼ਹੀਦੀ ਸਮਾਗਮ ਸ੍ਰੀ ਗੁਰੂ ਅਰਜਨ ਦੇਵ ਜੀ

**ਆਰੰਭ ਸ੍ਰੀ ਆਖੰਡ ਪਾਠ ਸਾਹਿਬ :**
16 ਜੂਨ ਦਿਨ ਸ਼ੁਕਰਵਾਰ ਨੂੰ ਸਵੇਰੇ 9.30
**ਭੋਗ ਸ੍ਰੀ ਆਖੰਡ ਪਾਠ ਸਾਹਿਬ :**
18 ਜੂਨ ਦਿਨ ਐਤਵਾਰ ਸਵੇਰੇ 9.30 ਵਜੇ। ਉਪਰੰਤ ਕੀਰਤਨ ਕਥਾ ਵਿਚਾਰ ਅਤੇ ਢਾਡੀ ਦਰਬਾਰ ਸੱਜੇਗਾ।

#### ਸ਼ਹੀਦੀ ਸਮਾਗਮ ਬਾਬਾ ਬੰਦਾ ਸਿੰਘ ਜੀ ਬਹਾਦਰ

**ਆਰੰਭ ਸ੍ਰੀ ਆਖੰਡ ਪਾਠ ਸਾਹਿਬ :**
23 ਜੂਨ ਦਿਨ ਸ਼ੁਕਰਵਾਰ ਸਵੇਰੇ 09.30 ਵਜੇ
**ਭੋਗ ਸ੍ਰੀ ਆਖੰਡ ਪਾਠ ਸਾਹਿਬ :**
25 ਜੂਨ ਦਿਨ ਐਤਵਾਰ ਸਵੇਰੇ 9.30 ਵਜੇ ਉਪਰੰਤ ਕੀਰਤਨ ਤੇ ਕਥਾ ਵੀਚਾਰ ਹੋਣਗੇ।



7 ਜੂਨ ਬੁੱਧਵਾਰ ਤੋਂ ਲੈ ਕੇ 18 ਜੂਨ ਐਤਵਾਰ ਤੱਕ ਪੰਥ ਪ੍ਰਸਿੱਧ ਢਾਡੀ ਜੱਥਾ ਭਾਈ ਕੁਲਵੰਤ ਸਿੰਘ ਪੰਡੋਰੀ ਤੇ ਸਾਥੀ ਸੰਗਤਾਂ ਨੂੰ ਗੁਰ ਇਤਿਹਾਸ ਸਿੱਖ ਇਤਿਹਾਸ ਤੇ ਜੁਝਾਰੂ ਇਤਿਹਾਸ ਸਰਵਣ ਕਰਵਾਉਣਗੇ।



21 ਜੂਨ ਬੁੱਧਵਾਰ ਤੋਂ ਲੈ ਕੇ 25 ਜੂਨ ਐਤਵਾਰ ਤੱਕ ਪੰਥ ਦੇ ਪ੍ਰਸਿੱਧ ਕਥਾ ਵਾਚਕ ਭਾਈ ਸਾਹਿਬ ਸਿੰਘ ਜੀ ਕੈਨੇਡਾ ਵਾਲੇ ਗੁਰਬਾਣੀ, ਗੁਰ ਇਤਿਹਾਸ ਤੇ ਸਿੱਖ ਇਤਿਹਾਸ ਰਾਹੀਂ ਸੰਗਤਾਂ ਨਾਲ ਸਾਂਝ ਪਾਉਣਗੇ।

ਵਰਨਣਯੋਗ ਹੈ ਕਿ ਜੂਨ 1984 ਵਿਚ ਭਾਰਤੀ ਸਰਕਾਰ ਵੱਲੋਂ ਹਿੰਦੂਤਵੀ ਮਤੱਸਵੀ ਸੋਚ ਅਧੀਨ ਭਾਰਤੀ ਫੌਜ ਨੇ ਸਿੱਖਾਂ ਦੇ ਸਭ ਤੋਂ ਮਹੱਤਵਪੂਰਨ ਤੇ ਸਰਬ ਉੱਚ ਅਸਥਾਨ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਟੈਂਕਾਂ, ਤੋਪਾ ਦੇ ਨਾਲ ਹਮਲਾ ਕਰ ਦਿੱਤਾ। ਇਹ ਅਤਿੱਆਚਰ ਤੇ ਕਹਿਰ ਇਕ ਜੂਨ ਤੋਂ ਲੈ ਕੇ 6 ਜੂਨ ਤੱਕ ਨਿਰੰਤਰ ਜਾਰੀ ਰਿਹਾ ਜਿਸ ਵਿਚ ਹਜ਼ਾਰਾਂ ਹੀ ਸਿੱਖ ਮਾਰੇ ਗਏ। ਇਸ ਹਫ਼ਤੇ ਸਿੱਖਾਂ ਵੱਲੋਂ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਸੀ ਜਿਸ ਕਰਕੇ ਸਿੱਖ ਸੰਗਤਾਂ ਭਾਰੀ ਗਿਣਤੀ ਵਿਚ ਪਹੁੰਚੀਆਂ ਹੋਈਆਂ ਸਨ। ਭਾਰਤ ਸਰਕਾਰ ਵੱਲੋਂ ਜਾਣ ਬੁੱਝ ਕੇ ਇਹ ਦਿਹਾੜਾ ਚੁਣਿਆ ਗਿਆ ਕਿਉਂਕਿ ਉਹ ਸਿੱਖਾਂ ਦਾ ਭਾਰੀ ਨੁਕਸਾਨ ਕਰਕੇ ਸਬਕ ਸਿਖਾਉਣਾ ਚਾਹੁੰਦੀ ਸੀ। ਇਸੇ ਹੀ ਲੜੀ ਅਧੀਨ ਪੰਜਾਬ ਵਿਚ 37 ਹੋਰ ਗੁਰਧਾਮਾਂ ਤੇ ਉਸੇ ਸਮੇਂ ਹਮਲਾ ਕੀਤਾ ਗਿਆ। ਭਾਰਤ ਸਰਕਾਰ ਵੱਲੋਂ ਬਹਾਨਾ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਬਣਾਇਆ ਗਿਆ। ਸਿੱਖ ਮਨਾਂ ਵਿਚ ਇਹ ਸਵਾਲ ਵਾਰ ਵਾਰ ਉਠਦਾ ਰਿਹਾ ਕਿ ਕੀ ਸੰਤ ਭਿੰਡਰਾਂਵਾਲਿਆਂ ਨੂੰ ਫੜਨ ਲਈ ਫੌਜੀ ਹਮਲਾ ਜ਼ਰੂਰੀ ਸੀ। ਕੀ ਸੰਤ ਭਿੰਡਰਾਂਵਾਲੇ 37 ਗੁਰੂਘਰਾਂ ਵਿਚ ਸਨ। ਕੀ ਸੰਤ ਭਿੰਡਰਾਂਵਾਲਿਆਂ ਨੂੰ ਫੜਨ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਚੁਣਨਾ ਜ਼ਰੂਰੀ ਸੀ। ਇਨ੍ਹਾਂ ਸਭ ਸਵਾਲਾਂ ਦਾ ਜਵਾਬ ਇਕੋ ਹੀ ਹੈ। ਭਾਰਤ ਸਰਕਾਰ ਸਿੱਖਾਂ ਨੂੰ ਖਤਮ ਕਰਨ ਦਾ ਤਹੱਈਆ ਕਰੀ ਬੈਠੀ ਸੀ। ਉਸੇ ਤਹਿਤ ਹੀ ਸਿੱਖਾਂ ਦੀ ਨਵੰਬਰ ਵਿਚ ਨਸਲਕੁਸ਼ੀ ਕੀਤੀ ਗਈ ਜਿਹੜੀ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਹੈ। ਇਸ ਤੋਂ ਇਲਾਵਾ ਸਿੱਖ ਸੰਘਰਸ਼ ਵਿਚ ਲੱਖਾਂ ਨੌਜਵਾਨ ਲਾਪਤਾ ਕਰ ਦਿੱਤੇ ਗਏ। ਅੱਜ ਸਿੱਖਾਂ ਦੇ ਇਤਿਹਾਸ ਵਿਚ ਮਿਲਾਵਟ ਕੀਤੀ ਜਾ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਵਰੂਪਾਂ ਦੀ ਥਾਂ ਥਾਂ ਬੇਅਦਬੀ ਕੀਤੀ ਜਾ ਰਹੀ ਹੈ। ਰੋਸ ਪ੍ਰਗਟਾਉਣ ਵਾਲੇ ਸਿੱਖਾਂ ਨੂੰ ਫਿਰ ਗੋਲੀਆਂ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ। ਪੰਜਾਬ ਤੋਂ ਬਾਹਰ ਧਾਰਮਿਕ ਅਸਥਾਨ ਢਾਹੇ ਜਾ ਰਹੇ ਹਨ। ਸਿੱਖਾਂ ਵਿਚ ਆਪਸੀ ਭਰਾ ਮਾਰੂ ਜੰਗ ਸ਼ੁਰੂ ਕਰਵਾ ਦਿੱਤੀ ਗਈ ਹੈ। ਇਹ ਸਭ ਭਾਰਤੀ ਏਜੰਸੀਆਂ ਦੇ ਹੀ ਕਾਰੇ ਹਨ। ਭਾਵੇਂ ਕਿ ਆਪੋ ਵਿਚ ਸਿੱਖ ਹੀ ਲੜਦੇ ਨਜ਼ਰ ਆ ਰਹੇ ਹਨ ਪਰ ਪਿੱਛੇ ਭਾਰਤੀ ਮੰਨਵਾਦੀ ਹਿੰਦੂਮਤੱਸਵੀ ਸੋਚ ਹੀ ਕੰਮ ਕਰ ਰਹੀ ਹੈ। ਸਿੱਖਾਂ ਕੋਲ ਇਸ ਸਭ ਤੋਂ ਛੁਟਕਾਰਾ ਪਾਉਣ ਦਾ ਇਕੋ ਹੀ ਰਾਹ ਹੈ, ਉਹ ਹੈ ਆਪਣਾ ਵੱਖਰਾ ਦੇਸ਼, ਵੱਖਰਾ ਘਰ ਖਾਲਿਸਤਾਨ। ਸਿੱਖ ਆਪਣਾ ਵੱਖਰਾ ਦੇਸ਼ ਬਣਾਉਣ ਲਈ ਅੱਜ ਤਿਆਰ ਹੋ ਜਾਣ ਜਾਂ ਕਲ੍ਹ ਨੂੰ ਜੇ ਕਰ ਆਪਣੀ ਹੋਂਦ ਨੂੰ ਜਿਉਂਦਾ ਰੱਖਣਾ ਹੈ ਤਾਂ ਸਿੱਖਾਂ ਨੂੰ ਭਾਰਤ ਨਾਲੋਂ ਅਲੱਗ ਹੋਣਾ ਹੀ ਪੈਂਦਾ ਹੈ। ਖਾਲਿਸਤਾਨ, ਜਿੰਦਾਬਾਦ ਜਿੰਦਾਬਾਦ ..

**ਹੋਰ ਜਾਣਕਾਰੀ ਲਈ ਪੈਲਾਟਾਈਨ ਗੁਰੂਘਰ ਦਾ ਨੰਬਰ ਹੈ: 847-358-1117, ਮੁੱਖ ਸੇਵਾਦਾਰ ਮਹਾਂਬੀਰ ਸਿੰਘ ਬਰਾੜ 630-217-2478, ਧਾਰਮਿਕ ਸਕੱਤਰ ਹਰਜੀਤ ਸਿੰਘ ਗਿੱਲ 847-833-5340, ਭਰਪੂਰ ਸਿੰਘ 847-489-3210**



# PANNU'S
## LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

VISA IN ONE DAY



Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER)

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345




REDUCE YOUR DEBT BY UP TO 60%

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ

✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ

ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ

ਅੱਜ ਹੀ ਸਾਨੂੰ ਕਾਲ ਕਰੋ!
1.888.888.9914

ooraa

ੴ ਸਤਿਗੁਰ ਪ੍ਰਸਾਦਿ ॥

ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਏ

# ਗੁਰਦੁਆਰਾ ਸਾਹਿਬ ਲੈਂਕਰਸ਼ਿਮ

(7640 LANKERSHIM BLVD NORTH HOLLY WOOD CA 91605)

## ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ 67ਵੀਂ ਬਰਸੀ



ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ

ਪਰਮ ਸਨਮਾਨਯੋਗ ਸਾਧ ਸੰਗਤ ਜੀਓ, ਮਹਾਨ ਤਪੱਸਵੀ ਅਤੇ ਸਮਾਜ ਸੇਵਕ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਮਿੱਠੀ ਤੇ ਨਿੱਘੀ ਯਾਦ ਸਮੂਹ ਲਾਸ ਏਂਜਲਸ ਅਤੇ ਸੰਤ ਪ੍ਰੇਮ ਸਿੰਘ ਸੇਵਾ ਸੁਸਾਇਟੀ ਵੱਲੋਂ ਬੜੀ ਸ਼ਰਧਾ ਪੂਰਵਕ ਮਨਾਈ ਜਾ ਰਹੀ ਹੈ

### ਪ੍ਰੋਗਰਾਮ ਦਾ ਵੇਰਵਾ ਇਸ ਪ੍ਰਕਾਰ ਹੈ

**ਆਸਾ ਦੀ ਵਾਰ** :

ਸਵੇਰੇ 9.30 ਵਜੇ ਤੋਂ 11.30 ਵਜੇ ਤੱਕ

**ਕੀਰਤਨ ਅਤੇ ਕਥਾ** :

ਸਵੇਰੇ 11.30 ਵਜੇ ਤੋਂ ਬਾਅਦ ਦੁਪਹਿਰ 2.00 ਵਜੇ ਤੱਕ ਭਾਈ ਰਵਿੰਦਰ ਸਿੰਘ ਰਸੀਆ, ਭਾਈ ਜਤਿੰਦਰ ਸਿੰਘ, ਭਾਈ ਸੁਰਜੀਤ ਸਿੰਘ, ਬਾਬਾ ਸਰੂਪ ਸਿੰਘ ਚੰਡੀਗੜ੍ਹ ਵਾਲੇ ਰਸਭਿੰਨੇ ਕੀਰਤਨ ਨਾਲ ਨਿਹਾਲ ਕਰਨਗੇ

ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।

**ਸਮਾਂ: 6/11/2017 ਦਿਨ ਐਤਵਾਰ**

**ਸਥਾਨ: ਗੁਰਦੁਆਰਾ ਲੈਂਕਰਸ਼ਿਮ**

(7640 LANKERSHIM BLVD NORTH HOLLY WOOD CA 91605)

**ਹੋਰ ਜਾਣਕਾਰੀ ਲੈਣ ਲਈ ਸੰਪਰਕ ਕਰੋ**

ਰਵਿੰਦਰ ਸਿੰਘ ਰਸੀਆ : 818-536-8044

ਹਰਭਜਨ ਸਿੰਘ : 818-709-2673

ਗੁਰੂ ਘਰ : 818-465-4692 ਅਤੇ 818-423-8000

ਵਲੋਂ : ਮਨਜੀਤ ਸਿੰਘ ਨੰਗਲੀ, ਗੁਰਚਰਨ ਸਿੰਘ ਬੱਲੀ, ਗੁਰਬਚਨ ਸਿੰਘ ਮੁਲਤਾਨੀ, ਹਰਭਜਨ ਸਿੰਘ, ਰਵਿੰਦਰ ਸਿੰਘ ਰਸੀਆ, ਅਮਰੀਕ ਸਿੰਘ ਰਸੀਆ,ਜੋਗਿੰਦਰ ਸਿੰਘ, ਸਤਿਪਾਲ ਸਿੰਘ ਘੋਤੜਾ ਬ੍ਹੱਦਰਸ, ਸੁਖਦੇਵ ਸਿੰਘ ਮੁਲਤਾਨੀ, ਨਿਸ਼ਾਨ ਸਿੰਘ, ਧਿਆਨ ਸਿੰਘ, ਰਵੀ, ਨਿਰਮਲ ਸਿੰਘ ਫੌਜੀ ਛਿੰਦੀ, ਤਜਿੰਦਰ ਸਿੰਘ, ਮਨਜੀਤ ਸਿੰਘ ਖਲੀਲ, ਸੁਰਜੀਤ ਸਿੰਘ ਬਾਵਾ ਬ੍ਹੱਦਰਜ਼, ਜੋਗਿੰਦਰ ਸਿੰਘ ਬਿੱਲਾ, ਬਦਜੀਤ ਸਿੰਘ, ਬਲਜਿੰਦਰ ਸਿੰਘ ਗਿਲਜੀਆਂ, ਨਿਰਮਲ ਸਿੰਘ, ਪਰਵਿੰਦਰ ਸਿੰਘ ਰਸੀਆ, ਬਲਦੇਵ ਸਿੰਘ ਮੁਲਤਾਨੀ, ਜਸਵਿੰਦਰ ਸਿੰਘ ਮੁਲਤਾਨੀ, ਚਰਨਜੀਤ ਸਿੰਘ ਮੁਲਤਾਨੀ, ਪਰਮਜੀਤ ਸਿੰਘ ਮੁਲਤਾਨੀ, ਸੁਰਿੰਦਰ ਕੌਰ ਅਤੇ ਹੋਰ ਸਮੂਹ ਸੇਵਾਦਾਰ

# ਯੂਬਾਸਿਟੀ ਕਬੱਡੀ ਕੱਪ ’ਚ ਰਾਇਲ ਕਿੰਗਜ ਨੇ ਕੈਨੇਡਾ ਵੈਸਟ ਨੂੰ ਹਰਾ ਕੇ ਜਿੱਤਿਆ ਕੱਪ





## ਗਇਕ ਸੁਰਜੀਤ ਖਾਨ ਦਾ ਲੱਗਿਆ ਖੁੱਲ੍ਹਾ ਅਖਾੜਾ

**ਯੂਬਾਸਿਟੀ/ ਹੁਸਨ ਲੜੋਆ ਬੰਗਾ:**
ਮਿੰਨੀ ਪੰਜਾਬ ਵੱਲੋਂ ਜਾਣੇ ਜਾਂਦੇ ਸ਼ਹਿਰ ਯੂਬਾਸਿਟੀ ਕੈਲੀਫੋਰਨੀਆ ਵਿਚ ਕਰਵਾਏ ਗਏ ਇੰਟਰਨੈਸ਼ਲ ਕਬੱਡੀ ਕੱਪ ਵਿਚ “ਰਾਇਲ ਕਿੰਗਜ“ ਯੂਬਾਸਿਟੀ ਦੀ ਟੀਮ ਨੇ ਕੈਨੇਡਾ ਵੈਸਟ ਨੂੰ ਹਰਾ ਕੇ ਕਬੱਡੀ ਕੱਪ ਆਪਣੇ ਨਾਂਅ ਕੀਤਾ। ਇਸ ਦੌਰਾਨ ਵੱਡੇ ਕੱਪ ਦੇ ਨਾਲ ਜੇਤੂ ਟੀਮ ਨੂੰ 21 ਹਜ਼ਾਰ ਡਾਲਰ ਨਗਦ ਇਨਾਮ ਅਤੇ ਦੂਜੇ ਥਾਂ ਉੱਤੇ ਰਹਿਣ ਵਾਲੀ ਟੀਮ ਵੈਸਟ ਕੈਨੇਡਾ ਨੂੰ 15 ਹਜ਼ਾਰ ਡਾਲਰ ਨਗਦ ਇਨਾਮ ਥਿਆੜਾ ਪਰਿਵਾਰ ਵੱਲੋਂ ਦਿੱਤਾ ਗਿਆ। ਇਸੇ ਤਰ੍ਹਾਂ ਅੰਡਰ 21 ਵਿਚ ਖਾਲਸਾ ਸਪੋਰਟਸ ਕਲੱਬ ਯੂਬਾ ਸਿਟੀ ਦੀ ਟੀਮ, ਜਿਸ ਦੇ ਮਾਲਕ ਦੀਦਾਰ ਸਿੰਘ ਬੈਂਸ ਹਨ, ਨੇ ਕੈਲੀ ਸਪੋਰਟਸ ਕਲੱਬ ਸੈਕਰਾਮੈਂਟੋ ਦੀ ਟੀਮ ਨੂੰ ਹਰਾ ਕੇ ਜਿੱਤਿਆ ਜਿਨ੍ਹਾਂ ਨੂੰ ਕਰਮਵਾਰ 21 ਸੌ ਤੇ 15 ਸੌ ਡਾਲਰ ਦੇ ਨਗਦ ਇਨਾਮ ਦਿੱਤੇ ਗਏ। ਇਸ ਕਬੱਡੀ ਕੱਪ ਦੌਰਾਨ ਓਪਨ ਕਬੱਡੀ ‘ਚ ਬੈਸਟ ਸਟਾਪਰ ਪਾਲਾ ਜਲਾਲਪੁਰ ਅਤੇ ਰੇਡਰ ਸੰਦੀਪ ਸੁਰਖਪੁਰੀਆ ਚੁਣੇ ਗਏ.

ਇਸੇ ਤਰ੍ਹਾਂ ਅੰਡਰ 21 ਵਿਚ ਸਟਾਪਰ ਗੁਰਮੁੱਖ ਮੱਲ੍ਹੀ ਤੇ ਰੇਡਰ ਦੁੱਲਾ ਚੁਣੇ ਗਏ ਇਨ੍ਹਾਂ ਇਨਾਮਾਂ ਨੂੰ ਮੁੱਖ ਪ੍ਰਬੰਧਕ ਸਰਬਜੀਤ ਥਿਆੜਾ, ਮਹਿੰਦਰ ਸਿੰਘ ਥਿਆੜਾ, ਯੂਨੀਅਰ ਥਿਆੜਾ, ਹਰਮਨ ਥਿਆੜਾ ਤੇ ਹੋਰ ਸ਼ਾਮਲ ਪਤਵੰਤਿਆਂ ਨੇ ਤਕਸੀਮ ਕੀਤਾ। ਇਸ ਕਬੱਡੀ ਕੱਪ ਵਿਚ ਮੁੱਖ ਪਤਵੰਤਿਆਂ ਵਿਚ ਸੁਰਿੰਦਰ ਸਿੰਘ ਅਟਵਾਲ ਪ੍ਰਧਾਨ ਯੂ ਐਸ ਏ ਕਬੱਡੀ ਐਸੋਸੀਏਸ਼ਨ, ਦਿਲਬਾਗ ਬੈਂਸ, ਸੁਰਜੀਤ ਟੁੱਟ, ਰਾਣਾ ਟੁੱਟ, ਗਰਨਾਮ ਸਿੰਘ ਪੰਮਾ, ਅਮੋਲਕ ਸਿੰਘ ਗਾਖਲ, ਕਰਮਦੀਪ ਬੈਂਸ, ਸਰਬਜੀਤ ਸਾਬੀ, ਹਰਬੰਸ ਪੰਮਾ, ਜਸਵਿੰਦਰ ਸਿੰਘ ਸੈਣੀ, ਜੋਗਾ ਥਿਆੜਾ, ਜਸਵੀਰ ਸਿੰਘ ਕੋਚ, ਤੇਜਿੰਦਰ ਮਾਨ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ। ਨਿਰਪੱਖ ਰੈਫਰੀ ਦੀ ਭੂਮਿਕਾ ਨਿਭਾਉਣ ਵਾਲੇ ਸੁਖਦੀਪ ਸਿੰਘ, ਦਿਲਜਿੰਦਰ ਧਾਲੀਵਾਲ ਕੈਨੇਡਾ ਤੇ ਬੀਰੂ ਨੇ ਦਰਸ਼ਕਾਂ ਦਾ ਮਨ ਜਿੱਤ ਲਿਆ। ਇਸ ਮੌਕੇ ਬੋਲਦਿਆਂ ਸਰਬਜੀਤ ਥਿਆੜਾ ਨੇ ਇਨ੍ਹਾਂ ਰੈਫਰੀਆਂ ਨੂੰ ਅਗਲੇ ਵਰ੍ਹੇ ਵੀ ਆਉਣ ਦਾ ਸੱਦਾ ਦਿੱਤਾ।

ਦੂਸਰੇ ਪਾਸੇ ਪੰਜਾਬੀ ਗਇਕੀ ਦੇ ਅਖਾੜੇ ਵਿਚ ਪੰਜਾਬੀ ਗਾਇਕ ਸੁਰਜੀਤ ਖਾਨ ਨੇ ਖੁੱਲ੍ਹੇ ਅਖਾੜੇ ਵਿਚ ਸੈਂਕੜੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਉਸ ਨੇ ਆਪਣੇ ਚਰਚਿਤ ਨਵੇਂ ਪੁਰਾਣੇ ਗੀਤ ਗਾ ਕੇ ਆਪਣੀ ਗਾਇਕੀ ਦੀ ਛਾਪ ਛੱਡੀ। ਇਸ ਮੌਕੇ ਥਿਆੜਾ ਪਰਿਵਾਰ ਜਿਨ੍ਹਾਂ ‘ਚ ਸਰਬਜੀਤ ਥਿਆੜਾ ਮਹਿੰਦਰ ਸਿੰਘ ਥਿਆੜਾ, ਬਖਸ਼ਿੰਦਰ ਕੌਰ ਥਿਆੜਾ, ਮਾਤਾ ਮੋਹਣ ਕੌਰ ਤੇ ਯੂਨੀਅਰ ਥਿਆੜਾ, ਨੀਨਾ ਥਿਆੜਾ ਅਤੇ ਹਰਮਨ ਥਿਆੜਾ ਸ਼ਾਮਲ ਸਨ, ਵੱਲੋਂ ਸਨਮਾਨ ਤੇ ਪਿਆਰ ਦਿੱਤਾ ਗਿਆ। ਲੋਕਾਂ ਦੇ ਭਾਰੀ ਇਕੱਠ ਤੇ ਕਬੱਡੀ ਪ੍ਰੇਮੀਆਂ ਨੇ ਇਸ ਕਬੱਡੀ ਕੱਪ ਤੇ ਸੰਗੀਤ ਦੇ ਪ੍ਰੋਗਰਾਮ ਦਾ ਪੂਰਾ ਆਨੰਦ ਲਿਆ।

## ਨਿਰਮਾਤਾ ਅਡਵਾਨੀ ਨੇ ਸਾਕਾ ਨੀਲਾ ਤਾਰਾ ’ਤੇ ਫਿਲਮ ਬਣਾਉਣ ਤੋਂ ਹੱਥ ਖਿੱਚੇ

**ਮੁੰਬਈ/ਬਿਊਰੋ ਨਿਊਜ਼ :**
ਫਿਲਮ ਨਿਰਮਾਤਾ ਨਿਖਿਲ ਅਡਵਾਨੀ ਹੁਣ ‘ਸਾਕਾ ਨੀਲਾ ਤਾਰਾ’ ’ਤੇ ਫਿਲਮ ਨਹੀਂ ਬਣਾਉਣਗੇ ਕਿਉਂਕਿ ਉਹ ਸੋਚਦੇ ਹਨ ਕਿ ਇਹ ਵਿਸ਼ਾ ਕਾਫੀ ਵਿਵਾਦਮਈ ਹੋ ਸਕਦਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਅਡਵਾਨੀ ਨੇ ਦੱਸਿਆ ਕਿ ਇਸ ਵਿਸ਼ੇ ’ਤੇ ਜਿੰਨੇ ਵੀ ਪੰਜਾਬੀ ਜਾਣਕਾਰਾਂ ਨਾਲ ਉਸ ਨੇ ਗੱਲ ਕੀਤੀ ਹੈ, ਹਰੇਕ ਨੇ ਕਿਹਾ ਕਿ ਤੁਸੀਂ ਇਸ ਵਿਸ਼ੇ ’ਤੇ ਫਿਲਮ ਨਹੀਂ ਬਣਾ ਸਕਦੇ ਤੇ ਨਾ ਹੀ ਤੁਹਾਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ। ਉਸ ਨੇ ਕਿਹਾ ਕਿ ਉਸ ਨੇ ਗਿੱਪੀ ਗਰੇਵਾਲ ਨਾਲ ਗੱਲ ਕੀਤੀ ਤਾਂ ਉਹ ਇੰਨਾ ਡਰ ਜਿਹਾ ਗਿਆ ਕਿ ਇਸ ਬਾਰੇ ਗੱਲ ਸੁਣਨ ਨੂੰ ਤਿਆਰ ਨਹੀਂ ਸੀ। ਅਡਵਾਨੀ ਨੇ ਕਿਹਾ ਕਿ ਉਹ ਬਟਲਾ ਹਾਊਸ ਪੁਲੀਸ ਮੁਕਾਬਲੇ ’ਤੇ ਫਿਲਮ ਬਣਾਉਣਗੇ ਤੇ ਇਨ੍ਹਾਂ ਸਵਾਲਾਂ ਦੇ ਜਵਾਬ ਤਲਾਸ਼ ਕਰਨਗੇ ਕਿ ਕੀ ਬਿਲਡਿੰਗ ਵਿਚ ਪੰਜੇ ਲੜਕੇ ਅੱਤਵਾਦੀ ਸਨ ਜਾਂ ਵਿਦਿਆਰਥੀ ਤੇ ਕੀ ਮੁਕਾਬਲਾ ਅਸਲੀ ਜਾਂ ਝੂਠਾ।


ੴ ਸਤਿਗੁਰੂ ਪ੍ਰਸਾਦਿ ॥
ਤੇਰਾ ਭਾਣਾ ਮੀਠਾ ਲਾਗੈ ॥ ਹਰਿ ਨਾਮ ਪਦਾਰਥ ਨਾਨਕ ਮਾਂਗੈ ॥
ਹੌਲੀਵੁੱਡ ਸਿੱਖ ਟੈਂਪਲ ਲੌਸ ਏਂਜਲਸ ਵੱਲੋਂ
4 ਜੂਨ 2017 ਨੂੰ







ਸ਼ਹੀਦੀ ਦਿਵਸ
ਸ੍ਰੀ ਗੁਰੂ ਅਰਜਨ ਦੇਵ ਜੀ
ਅਤੇ
ਘੱਲੂਘਾਰਾ ਦਿਵਸ-1984
ਬਹੁਤ ਸ਼ਰਧਾ ਅਤੇ ਪ੍ਰੇਮ
ਨਾਲ ਮਨਾਇਆ ਜਾ
ਰਿਹਾ ਹੈ
ਭਾਈ ਹਰਪ੍ਰੀਤ ਸਿੰਘ ਜੀ
ਸ੍ਰੀ ਦਰਬਾਰ ਸਾਹਿਬ
ਵਾਲੇ
ਅਤੇ
ਹਜ਼ੂਰੀ ਰਾਗੀ ਜਥਾ
ਭਾਈ ਅਜੀਤ ਸਿੰਘ ਜੀ
ਸ੍ਰੀ ਬੰਗਲਾ ਸਾਹਿਬ ਵਾਲੇ

ਸੰਗਤਾਂ ਨੂੰ ਰਸ ਭਿੰਨੇ ਕੀਰਤਨ ਨਾਲ ਨਿਹਾਲ ਕਰਨਗੇ।
ਸੰਗਤਾਂ ਨੂੰ ਬੇਨਤੀ ਹੈ ਕਿ ਹੁਮ ਹਮਾਂ ਕੇ ਪੁਜੋ ਅਤੇ ਗੁਰੂ ਦੀਆਂ ਅਸੀਸਾਂ ਹਾਸਿਲ ਕਰੋ ਜੀ॥
ਆਪ ਜੀ ਦੇ ਬਹੁਤ ਧੰਨਵਾਦੀ ਹੋਵਾਂਗੇ।

**Hollywood Sikh Temple (Los Angeles)**
*Observes*
*Shaheedi Diwas of Sri Guru Arjan Dev Ji and*
*GhaluGhara Divas-1984 Bhog 40 Pathhs, Sri Sukhmani Sahib Ji*
*On Sunday June 4, 2017*
As Per Program
Akhand Path Sahib Starts on Friday June 2, 2017 at 10:00am
Bhog Sri Akhand Path Sahib on Sunday, June 4, 2017 at 9:30am

Aasa Ji di Vaar: 10:00am and Ardas 11:30am
Kirtan Darbar: 11:45am to 1:30pm

Evening Program for Friday June 2, 2017
Sri Sukhmani Sahib, Rehras Sahib & Kirtan Darbar at 6:00pm to 8:30pm

*Guru Ka Langar Will be served all three days.*
*Hollywood Sikh Temple: 323-665-7707*
*1966 N. Vermont Ave, Los Angeles, CA 90027*
*www.hollywoodsikhtemple.com Follow us on: facebook*
*S. Santokh Singh (Secretary): 310-569-9506, Baldev S. Johal (Pres) : 661-965-5937*

# ਵਲੇਹੋ ਦੇ ਸਾਲਾਨਾ ਸਭਿਆਚਾਰਕ ਮੇਲੇ ’ਚ ਗਾਇਕਾਂ ਨੇ ਲਾਈ ਗੀਤਾਂ ਦੀ ਛਹਿਬਰ









## *‘ਸਰਬੱਤ ਦਾ ਭਲਾ’ ਸੰਸਥਾ ਨੇ ਲੋੜਵੰਦਾਂ ਲਈ 1 ਹਜ਼ਾਰ ਡਾਲਰ ਇਕੱਤਰ ਕੀਤੇ*

**ਵਲੇਹੋ/ਬਿਊਰੋ ਨਿਊਜ਼ :**
ਇੰਡੀਅਨ ਕੇਅਰ ਐਸੋਸੀਏਸ਼ਨ ਵਲੋਂ ਸਾਲਾਨਾ ਸਭਿਆਚਾਰਕ ਮੇਲਾ ਇਥੇ ਸੋਲਾਨੋ ਕਾਊਂਟੀ, ਫੇਅਰ ਗਰਾਊਂਡ ਵਿਖੇ ਕਰਵਾਇਆ ਗਿਆ। ਦੁਪਹਿਰ 2 ਵਜੇ ਸ਼ੁਰੂ ਹੋਇਆ ਇਹ ਮੇਲਾ ਰਾਤ ਦੇ 8 ਵਜੇ ਤੱਕ ਚੱਲਿਆ। ਦਰਸ਼ਕਾਂ ਦੇ ਰਿਕਾਰਡ ਤੋੜ ਇਕੱਠ ਨੇ ਮੇਲੇ ਨੂੰ ਸਿਖ਼ਰ ’ਤੇ ਪਹੁੰਚਾ ਦਿੱਤਾ। ਇਸ ਵਾਰ ਪੰਜਾਬੀ ਦੇ ਉਘੇ ਗਾਇਕ ਮਿਸ ਪੂਜਾ, ਰੌਸ਼ਨ ਪ੍ਰਿੰਸ, ਹਰਮਨਦੀਪ, ਸੱਤੀ ਸਤਵਿੰਦਰ ਨੇ ਆਪਣੇ ਗੀਤਾਂ ਰਾਹੀਂ ਆਏ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਸਟੇਜ ਸੰਚਾਲਨ ਆਸ਼ਾ ਸ਼ਰਮਾ ਨੇ ਕੀਤਾ ਤੇ ਉਨ੍ਹਾਂ ਦਾ ਸਾਥ ਕੈਪਟਨ ਕਰਨਬੀਰ ਸਿੰਘ ਔਲਖ ਅਤੇ ਹਰਜਿੰਦਰ ਸਿੰਘ ਧਾਮੀ ਨੇ ਦਿੱਤਾ। ਇਨ੍ਹਾਂ ਨੇ ਸਮੇਂ-ਸਮੇਂ ’ਤੇ ਇੰਡੀਅਨ ਕੇਅਰ ਐਸੋਸੀਏਸ਼ਨ ਦੀ ਕਾਰਗੁਜ਼ਾਰੀਆਂ ਬਾਰੇ ਵਿਸਥਾਰ ਨਾਲ ਦੱਸਿਆ। ਇਹ ਸੰਸਥਾ ਸਭਿਆਚਾਰਕ ਸਮਾਗਮਾਂ ਤੋਂ ਇਲਾਵਾ ਸਮਾਜ ਭਲਾਈ ਦੇ ਕੰਮਾਂ ਵਿਚ ਵੀ ਵੱਧ-ਚੜ੍ਹ ਕੇ ਹਿੱਸਾ ਪਾਉਂਦੀ ਹੈ। ਜ਼ਿਕਰਯੋਗ ਹੈ ਕਿ ਇੰਡੀਅਨ ਕੇਅਰ ਐਸੋਸੀਏਸ਼ਨ ਵੱਲੋਂ ਇਸ ਮੇਲੇ ਲਈ ਕੋਈ ਐਂਟਰੀ ਫੀਸ ਨਹੀਂ ਰੱਖੀ ਗਈ, ਜਿਸ ਕਰਕੇ ਦਰਸ਼ਕਾਂ ਵਿਚ ਹੋਰ ਵੀ ਉਤਸ਼ਾਹ ਨਜ਼ਰ ਆਇਆ। ਇਸੇ ਲਈ ਦਰਸ਼ਕ ਵੱਡੀ ਗਿਣਤੀ ਵਿਚ ਪਰਿਵਾਰਾਂ ਸਮੇਤ ਪਹੁੰਚੇ।

ਮੇਲੇ ਦੀ ਰੌਣਕ ਵਧਾਉਣ ਲਈ ਵੱਖ-ਵੱਖ ਤਰ੍ਹਾਂ ਦੇ ਸਟਾਲ ਲੱਗੇ ਹੋਏ ਸਨ। ਖਾਣ-ਪੀਣ ਤੋਂ ਇਲਾਵਾ ਗਹਿਣੇ, ਕੱਪੜੇ, ਜੁੱਤੀਆਂ ਅਤੇ ਹੋਰ ਵੱਖ-ਵੱਖ ਤਰ੍ਹਾਂ ਦੇ ਸਾਮਾਨ ਦੇ ਸਟਾਲਾਂ ਤੋਂ ਲੋਕਾਂ ਨੇ ਖਰੀਦੋ-ਫਰੋਖ਼ਤ ਕੀਤੀ।

ਇਸ ਦੌਰਾਨ ਇੰਡੀਅਨ ਕੇਅਰ ਐਸੋਸੀਏਸ਼ਨ ਦੇ ਪ੍ਰਬੰਧਕਾਂ ਦੇ ਬੱਚਿਆਂ ਨੇ ਆਪਣੀ ਇਕ ਸੰਸਥਾ ਵੀ ਬਣਾਈ ਹੈ, ਜਿਸ ਦਾ ਨਾਂ ਉਨ੍ਹਾਂ ਨੇ ‘ਸਰਬੱਤ ਦਾ ਭਲਾ’ ਰੱਖਿਆ ਹੈ। ਇਨ੍ਹਾਂ ਬੱਚਿਆਂ ਨੇ ਵੀ ਆਪਣੇ ਮਾਤਾ-ਪਿਤਾ ਦੇ ਨਕਸ਼ੇ-ਕਦਮਾਂ ’ਤੇ ਚੱਲਦਿਆਂ ਇਸ ਮੇਲੇ ਵਿਚ ਸਟਾਲ ਲਾਇਆ ਸੀ, ਜਿੱਥੇ ਉਨ੍ਹਾਂ ਨੇ ਪਾਣੀ ਅਤੇ ਹੋਰ ਸਾਮਾਨ ਵੇਚ ਕੇ 1 ਹਜ਼ਾਰ ਡਾਲਰ ਤੋਂ ਵੱਧ ਇਕੱਤਰ ਕੀਤਾ। ਇਹ ਰਕਮ ਉਨ੍ਹਾਂ ਬੱਚਿਆਂ ਨੇ ਲੋਕ ਭਲਾਈ ਦੇ ਕੰਮਾਂ ’ਤੇ ਖਰਚ ਕਰਨੇ ਹਨ। ਕੁੱਲ ਮਿਲਾ ਕੇ ਇਹ ਮੇਲਾ ਪੂਰੀ ਤਰ੍ਹਾਂ ਕਾਮਯਾਬ ਰਿਹਾ। ਮੇਲੇ ਨੂੰ ਕਾਮਯਾਬ ਕਰਨ ਲਈ ਇੰਡੀਅਨ ਕੇਅਰ ਐਸੋਸੀਏਸ਼ਨ ਦੇ ਪ੍ਰਬੰਧਕਾਂ ਨੇ ਦਿਨ-ਰਾਤ ਇਕ ਕਰ ਦਿੱਤੀ। ਇਨ੍ਹਾਂ ਮੈਂਬਰਾਂ ਵਿਚ ਕਰਨਬੀਰ ਸਿੰਘ ਔਲਖ, ਸਤਿੰਦਰਪਾਲ ਸਿੰਘ ਹੇਅਰ, ਹਰਜਿੰਦਰ ਸਿੰਘ ਧਾਮੀ, ਹੁਸ਼ਿਆਰ ਸਿੰਘ ਡਡਵਾਲ, ਸ਼ਸ਼ੀਪਾਲ, ਗੁਰਪਾਲ ਡਡਵਾਲ, ਜਸਪਾਲ ਡਡਵਾਲ, ਸੁਰਜੀਤ ਰੱਤੂ, ਕੁਲਵੰਤ ਬੈਂਸ, ਸੁਰਿੰਦਰ ਹੇਅਰ, ਪ੍ਰਦੀਪ ਸ਼ਰਮਾ, ਰਾਜੇਸ਼ ਮਲਹੋਤਰਾ, ਰੋਮੀ ਉੱਪਲ, ਅਮਿਤ ਪਾਲ, ਸੰਜੀਵ ਵਡੇਰਾ, ਰਣਬੀਰ, ਦੇਸ਼ਦੀਪ ਤੱਖਰ ਸ਼ਾਮਲ ਸਨ।





HYDERABAD PAVILION
BIRYANIS
MADE FRESH EVERYDAY!
39030 Argonaut Way, Fremont, CA 94538
CHICKEN BIRYANI
LAMB BIRYANI
GOAT BIRYANI
FISH BIRYANI
EGG BIRYANI
VEGETARIAN BIRYANI
THALI • BIRYANI • TANDOORI
ਅੰਮ੍ਰਿਤਸਰੀ ਕੁਲਚੇ ਦਾ ਅਸਲੀ ਜਾਇਕਾ ਸਿਰਫ
ਹੈਦਰਾਬਾਦ ਪੰਜਾਬੀ ਢਾਬੇ 'ਤੇ ਹੀ ਮਿਲਦਾ ਹੈ
ਅਸੀਂ ਕੇਟਰਿੰਗ ਵੀ ਕਰਦੇ ਹਾਂ।
ORDER AHEAD & PICKUP, CALL:
510.713.0183


SINGH
TRANSPORT INC
ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
ਅਸੀਂ ਬੋਨਸ ਵੀ ਦਿੰਦੇ ਹਾਂ।
ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778,
ਜਗਤਾਰ ਸਿੰਘ (510) 918-2439, (510) 943-9578


GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF
All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99
All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF
Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar

# ਜਨਤਾ ਤਰਸਤ, ਮੋਦੀ ਮਸਤ



ਭਾਰਤ ਆਵਾਮ ਮਨਮੋਹਨ ਸਿੰਘ ਦੀ ਚੁੱਪ ਤੋਂ ਪ੍ਰੇਸ਼ਨ ਸੀ, ਮੋਦੀ ਨੇ ਸੰਨਾਟੇ ਨੂੰ ਝਰਨਾਟੇ ਨਾਲ ਤੋੜਿਆ, 'ਸਿੰਘ ਗਰਜਨਾ' ਕਰਨ ਵਾਲੇ ਨੇਤਾ ਨੂੰ ਲੋਕਾਂ ਨੇ ਪ੍ਰਧਾਨ ਮੰਤਰੀ ਚੁਣ ਲਿਆ। ਇਨ੍ਹਾਂ ਤਿੰਨ ਵਰ੍ਹਿਆਂ ਦੌਰਾਨ ਲੋਕ ਦੁਚਿਤੀ ਵਿਚ ਹਨ ਕਿ ਕਦੋਂ ਕਿਸ ਦੀ ਬੋਲਤੀ ਬੰਦ ਹੋ ਜਾਵੇ ਤੇ ਕਦੋਂ ਉਹ ਆਪਣੀ ਬੋਲਤੀ ਬੰਦ ਕਰ ਲੈਣ। ਪਹਿਲਾਂ ਅਖ਼ਲਾਕ, ਨੋਟਬੰਦੀ ਤੇ ਸਰਜੀਕਲ ਸਟਰਾਈਕ ਵਰਗੇ ਮੁੱਦਿਆਂ 'ਤੇ ਲੋਕ ਉਨ੍ਹਾਂ ਦੀ ਰਾਏ ਸੁਣਨ ਲਈ ਤਰਸ ਗਏ, ਹੁਣ ਸੁਕਮਾ ਵਿਚ ਹਮਲਾ ਹੋਇਆ, ਕਸ਼ਮੀਰ ਸੁਲਗਦਾ ਰਿਹਾ ਪਰ ਮੋਦੀ ਨਹੀਂ ਬੋਲੇ, ਦੋ ਭਾਰਤੀ ਫ਼ੌਜੀਆਂ ਦੀ ਅਪਮਾਨਜਨਕ ਹਤਿਆ 'ਤੇ ਵੀ ਮੋਦੀ ਦਹਾੜੇ ਨਹੀਂ। ਬੱਸ 'ਮਨ ਕੀ ਬਾਤ' ਰਾਹੀਂ ਲੋਕਾਂ ਨੂੰ ਦੱਸਦੇ ਹਨ ਕਿ ਜਨਤਾ ਦਾ ਕੀ ਸੋਚਣ ਰਾਸ਼ਟਰ ਹਿਤ ਵਿਚ ਹੈ। ਤਿੰਨ ਸਾਲ ਵਿਚ ਮੋਦੀ ਨੇ ਕੋਈ ਪ੍ਰੈੱਸ ਕਾਨਫਰੰਸ ਨਹੀਂ ਕੀਤੀ ਪਰ ਕੁਝ ਪੱਤਰਕਾਰਾਂ ਨੂੰ 'ਸੈਲਫ਼ੀ ਵਿਦ ਪੀ.ਐਮ' ਲਈ ਜ਼ਰੂਰ ਸੱਦਿਆ। ਆਪਣੀਆਂ ਪ੍ਰਾਪਤੀਆਂ ਦਾ ਵਿਖਿਆਨ ਕਰਨ ਲਈ ਤਾਂ ਕਰੋੜਾਂ ਰੁਪਇਆ ਵਹਾ ਰਹੀ ਹੈ ਪਰ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਉਨ੍ਹਾਂ ਕੋਲ ਨਹੀਂ ਹੈ। ਉਨ੍ਹਾਂ ਨੂੰ 'ਮਨ ਕੀ ਬਾਤ' ਕਰਨ ਤੇ ਸਿਆਸੀ ਰੈਲੀਆਂ ਵਿਚ ਬੋਲਣ 'ਚ ਮਜ਼ਾ ਆਉਂਦਾ ਹੈ, ਜਿੱਥੇ ਸਵਾਲ ਨਾ ਪੁਛੇ ਜਾਣ, ਜਿੱਥੇ ਟੋਕਾ-ਟਾਕੀ ਨਾ ਹੋਵੇ। ਮੋਦੀ ਦੇ ਤਿੰਨ ਵਰ੍ਹਿਆਂ ਦੇ ਰਿਪੋਰਟ ਕਾਰਡ 'ਤੇ ਬੁੱਧੀਜੀਵੀ ਉਨ੍ਹਾਂ ਨੂੰ ਕਿੰਨੇ ਨੰਬਰ ਦੇ ਰਹੇ ਹਨ, ਆਓ ਨਜ਼ਰ ਮਾਰਦੇ ਹਾਂ।

## ਸਰਹੱਦ 'ਤੇ ਸੰਘਰਸ਼, ਸੂਬਿਆਂ 'ਚ ਦਰਾਰ, ਜਸ਼ਨ ਵਿਚ ਸਰਕਾਰ

**ਰਾਜੀਵ ਰੰਗਨ ਤਿਵਾਰੀ**

26 ਮਈ ਨੂੰ ਨਰਿੰਦਰ ਮੋਦੀ ਸਰਕਾਰ ਦੇ ਤਿੰਨ ਸਾਲ ਪੂਰੇ ਹੋ ਗਏ। ਇਸ ਦੌਰਾਨ ਸਰਕਾਰ ਨੇ ਕੀ ਗਵਾਇਆ, ਕੀ ਪਾਇਆ, ਇਹ ਚਰਚਾ ਦਾ ਵਿਸ਼ਾ ਹੈ। ਫ਼ਿਲਹਾਲ ਅਹਿਮ ਇਹ ਹੈ ਕਿ ਸਰਹੱਦ 'ਤੇ ਸਾਡੇ ਫੌਜੀ ਪਾਕਿਸਤਾਨੀ ਫੌਜ ਅਤੇ ਅਤਿਵਾਦੀਆਂ ਨਾਲ ਜੰਗ ਲੜ ਰਹੇ ਹਨ। ਦੇਸ਼ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ 'ਚ ਇਸ ਸਮੇਂ ਅਪਰਾਧਕ ਵਾਰਦਾਤਾਂ ਜ਼ੋਰਾਂ 'ਤੇ ਹਨ ਅਤੇ ਕੇਂਦਰ ਦੀ ਮੋਦੀ ਸਰਕਾਰ ਜਸ਼ਨ ਵਿਚ ਡੁੱਬੀ ਹੋਈ ਹੈ। ਇਹ ਕਿੰਨਾ ਅਜੀਬ ਸਵਾਲ ਹੈ ਕਿ ਜਨਹਿੱਤ ਮੁੱਦਿਆਂ 'ਤੇ ਮਗਰਮੱਛ ਦੇ ਹੰਝੂ ਵਹਾਉਣ ਵਾਲੇ ਨੇਤਾਵਾਂ ਦੀਅ ਸੰਵੇਦਨਾਵਾਂ ਆਖਰ ਕਿੱਥੇ ਚਲੀਆਂ ਗਈਆਂ ਹਨ। ਜਨਤਾ ਸਾਹਮਣੇ ਜਾ ਕੇ ਵੋਟਾਂ ਲਈ ਰੋਣ ਵਾਲੇ ਨੇਤਾਵਾਂ ਨੂੰ ਸ਼ਰਮ ਨਹੀਂ ਆਉਂਦੀ ਕਿ ਉਹ ਜਨਵਿਰੋਧੀ ਮਾਮਲਿਆਂ 'ਚ ਕਿਸ ਤਰ੍ਹਾਂ ਸ਼ਾਮਲ ਹੋ ਜਾਂਦੇ ਹਨ। ਇਸ਼ਾਰਿਆਂ ਇਸ਼ਾਰਿਆਂ ਵਿਚ ਸਰਕਾਰ ਨਾਲ ਜੁੜੇ ਲੋਕ ਸੰਕੇਤ ਦੇ ਰਹੇ ਹਨ ਕਿ ਹੁਣ ਇਸੇ ਤਰ੍ਹਾਂ ਚਲਦਾ ਰਹੇਗਾ। ਇਸ ਲਈ ਭਵਿੱਖ ਦੇ ਕਥਿਤ 'ਚੰਗੇ ਦਿਨ' ਦੇ ਇੰਤਜ਼ਾਰ ਵਿਚ ਆਪਣਾ ਵਰਤਮਾਣ ਬਰਬਾਦ ਨਾ ਕਰੋ। ਇੰਜ ਕਹਿ ਲਓ ਕਿ ਲਗਾਤਾਰ ਵਿਗੜਦੇ ਜਾ ਰਹੇ ਹਾਲਾਤ ਦੌਰਾਨ ਜੇ ਕੋਈ 'ਅਰਬੀ ਬਸੰਤ' ਦੀ ਆਸ ਲਾਈ ਬੈਠਾ ਹੈ ਤਾਂ ਉਹ ਮੂਰਖ ਹੀ ਹੈ।

ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਦੇ ਤਿੰਨ ਸਾਲ ਪੂਰੇ ਹੋਣ 'ਤੇ ਜਸ਼ਨ ਮਨਾਉਣ ਦੀਆਂ ਤਿਆਰੀਆਂ ਕੀਤੀਆਂ ਗਈਆਂ ਹਨ, ਜੋ ਸ਼ੁਰੂ ਹੋ ਗਿਆ ਹੈ। ਸਰਕਾਰ ਤਿੰਨ ਸਾਲ ਦੀਆਂ ਪ੍ਰਾਪਤੀਆਂ ਗਿਣਾ ਰਹੀ ਹੈ। ਪਾਰਟੀ ਇਸ ਮੌਕੇ ਨੂੰ ਰਾਸ਼ਟਰ ਪੱਧਰੀ ਜਸ਼ਨ ਵਜੋਂ ਮਨਾ ਰਹੀ ਹੈ ਅਤੇ ਇਸ ਜਸ਼ਨ ਵਿਚ ਉਸ ਦੀ ਕੋਸ਼ਿਸ਼ ਪ੍ਰਧਾਨ ਮੰਤਰੀ ਮੋਦੀ ਨੂੰ ਬਤੌਰ ਬਰਾਂਡ ਪੇਸ਼ ਕਰਨਾ ਹੈ। ਇਸ ਜਸ਼ਨ ਦਾ ਨਾਂ ਵੀ 'ਮੋਦੀ' ਯਾਨੀ ਐਮਓਡੀਆਈ (ਮੇਕਿੰਗ ਆਫ ਡਿਵੈਲਪਮੈਂਟ ਇੰਡੀਆ) ਹੈ। ਜ਼ਿਕਰਯੋਗ ਹੈ ਕਿ ਪਾਰਟੀ ਨੇ ਕੇਂਦਰੀ ਮੰਤਰੀ ਅਤੇ ਉੱਚ ਨੇਤਾਵਾਂ ਨੂੰ ਜ਼ਿੰਮੇਵਾਰੀ ਸੌਂਪੀ ਹੈ ਕਿ ਉਹ 25 ਮਈ ਤੋਂ 15 ਜੂਨ ਤੱਕ ਦੇਸ਼ ਦਾ ਦੌਰਾ ਕਰ ਕੇ ਪ੍ਰਧਾਨ ਮੰਤਰੀ ਮੋਦੀ ਦੀ 'ਮੇਕਿੰਗ ਆਫ ਡਿਵੈਲਪਮੈਂਟ ਇੰਡੀਆ' ਦਾ ਜ਼ਿਕਰ ਕਰਨ। ਇਸ ਕੰਮ ਲਈ ਪਾਰਟੀ ਨੇ 450 ਤੋਂ ਵੱਧ ਨੇਤਾਵਾਂ ਨੂੰ ਲਗਾਇਆ ਹੈ, ਜਿਸ 'ਚ ਕੇਂਦਰ ਸਰਕਾਰ ਦੇ ਸਾਰੇ ਮੰਤਰੀ ਸ਼ਾਮਲ ਹਨ। 25 ਮਈ ਤੋਂ ਸ਼ੁਰੂ ਹੋਏ ਇਸ ਜਸ਼ਨ 'ਚ ਮੋਦੀ ਦੇ ਮੰਤਰੀ ਅਤੇ ਪਾਰਟੀ ਦੇ ਛੋਟੇ-ਵੱਡੇ ਨੇਤਾ ਅਗਲੇ 20 ਦਿਨਾਂ ਤੱਕ ਦੇਸ਼ 'ਚ 900 ਥਾਵਾਂ ਦਾ ਦੌਰਾ ਕਰਨਗੇ। ਕੇਂਦਰੀ ਮੰਤਰੀਆਂ ਤੋਂ ਇਲਾਵਾ ਸੂਬਿਆਂ ਦੇ ਮੁੱਖ ਮੰਤਰੀ, ਹੋਰ ਮੰਤਰੀ ਅਤੇ ਪੂਰੀ ਪਾਰਟੀ ਨੂੰ ਇਸ ਜਸ਼ਨ ਲਈ ਲਗਾਇਆ ਗਿਆ ਹੈ। ਸਾਰੇ ਨੇਤਾਵਾਂ ਅਤੇ ਮੰਤਰੀਆਂ ਨੂੰ ਥਾਂ-ਥਾਂ ਰੈਲੀਆਂ ਕਰ ਕੇ ਮੋਦੀ ਸਰਕਾਰ ਦੀਆਂ ਤਿੰਨ ਸਾਲ ਦੀਆਂ ਪ੍ਰਾਪਤੀਆਂ ਬਾਰੇ ਜਨਤਾ ਨੂੰ ਦੱਸਣ ਲਈ ਕਿਹਾ ਗਿਆ ਹੈ। ਹਾਲਾਂਕਿ ਪ੍ਰਧਾਨ ਮੰਤਰੀ ਨੇ ਵਿਦੇਸ਼ ਯਾਤਰਾ ਵੀ ਕਰਨੀ ਹੈ, ਪਰ ਜਸ਼ਨ ਦੀ ਸ਼ੁਰੂਆਤ ਮੋਦੀ ਨੇ ਅਸਾਮ ਤੋਂ ਕਰ ਦਿੱਤੀ ਹੈ। ਗੁਹਾਟੀ 'ਚ ਉਨ੍ਹਾਂ ਨੇ 26 ਮਈ ਨੂੰ ਆਪਣੀ ਸਰਕਾਰ ਦੇ ਕੰਮਕਾਜ ਦਾ ਖ਼ੂਬ ਪ੍ਰਚਾਰ ਕੀਤਾ।

ਆਪਣੇ ਸਖਤ ਤੇਵਰ ਲਈ ਮਸ਼ਹੂਰ ਪੱਤਰਕਾਰ ਰਵੀਸ਼ ਕੁਮਾਰ ਨੇ ਐਨ.ਡੀ.ਟੀ.ਵੀ. ਇੰਡੀਆ ਦੇ ਪ੍ਰੋਗਰਾਮ 'ਪ੍ਰਾਈਮ ਟਾਈਮ' 'ਚ ਯੂਪੀ ਦੀ ਆਪਰਾਧਿਕ ਵਾਰਦਾਤ ਵਿਖਾਉਣ ਦੀ ਕੋਸ਼ਿਸ਼ ਕੀਤੀ ਹੈ, ਜੋ ਦਿਲ ਦਹਿਲਾ ਦੇਣ ਵਾਲੀ ਹੈ। 24-25 ਮਈ ਦੀ ਰਾਤ ਯੂ.ਪੀ. 'ਚ ਦਿੱਲੀ ਨਾਲ ਲਗਦੇ ਸਾਬੌਤਾ ਪਿੰਡ ਨਜ਼ਦੀਕ ਯਮੁਨਾ ਐਕਸਪ੍ਰੈਸ ਵੇਅ 'ਤੇ ਹਥਿਆਰਬੰਦ 6 ਗੁੰਡਿਆਂ ਨੇ ਕਾਰ ਸਵਾਰ 8 ਲੋਕਾਂ ਨੂੰ ਰੋਕਿਆ। ਪਰਿਵਾਰ ਦੇ ਮੁਖੀ ਸ਼ਕੀਲ ਕੁਰੈਸ਼ੀ ਨੂੰ ਗੋਲੀ ਮਾਰ ਦਿੱਤੀ। ਪੁਰਸ਼ਾਂ ਦੀ ਕੁੱਟਮਾਰ ਕੀਤੀ ਤੇ ਚਾਰ ਔਰਤਾਂ ਨਾਲ ਗੈਂਗ ਰੇਪ ਕੀਤਾ। ਸ਼ਕੀਲ ਦਾ ਪਰਿਵਾਰ ਰਾਤ ਨੂੰ ਯਾਤਰਾ ਇਸ ਲਈ ਕਰ ਰਿਹਾ ਸੀ ਕਿਉਂਕਿ ਉਨ੍ਹਾਂ ਦੇ ਕਿਸੇ ਰਿਸ਼ਤੇਦਾਰ ਨੂੰ ਡਿਲੀਵਰੀ ਹੋਣੀ ਸੀ। ਜੱਚਾ ਅਤੇ ਬੱਚਾ ਦੋਵੇਂ ਖਤਰੇ 'ਚ ਸਨ। ਇਸ ਲਈ ਪੂਰਾ ਪਰਿਵਾਰ ਉਨ੍ਹਾਂ ਦੀ ਮਦਦ ਲਈ ਜਾ ਰਿਹਾ ਸੀ। ਪੁਲੀਸ ਘਟਨਾ ਦੇ ਇਕ ਘੰਟੇ ਬਾਅਦ ਪੁੱਜੀ। 31 ਜੁਲਾਈ 2016 ਨੂੰ ਵੀ ਬੁਲੰਦ ਸ਼ਹਿਰ ਜ਼ਿਲ੍ਹੇ 'ਚ ਦਿੱਲੀ-ਕਾਨਪੁਰ ਹਾਈਵੇਅ 'ਤੇ ਅਜਿਹੀ ਵਾਰਦਾਤ ਹੋਈ ਸੀ। ਇਕ ਪਰਿਵਾਰ ਨੋਇਡਾ ਤੋਂ ਸ਼ਾਹਜਹਾਂਪੁਰ ਲਈ ਸੰਸਕਾਰ ਵਿਚ ਸ਼ਾਮਲ ਹੋਣ ਜਾ ਰਿਹਾ ਸੀ। ਕਾਰ 'ਚ ਪਤੀ, ਪਤਨੀ, ਦੋ ਬੇਟੀਆਂ ਅਤੇ ਦੋ ਮਰਦ ਰਿਸ਼ਤੇਦਾਰ ਸਨ। ਪੰਜ-ਛੇ ਗੁੰਡਿਆਂ ਨੇ ਕਾਰ ਰੋਕ ਲਈ। 45 ਸਾਲਾ ਔਰਤ ਅਤੇ 15 ਸਾਲਾ ਕੁੜੀ ਨੂੰ ਕਾਰ ਤੋਂ ਉਤਾਰ ਕੇ ਲੈ ਗਏ ਅਤੇ ਉਨ੍ਹਾਂ ਨਾਲ ਬਲਾਤਕਾਰ ਕੀਤਾ। ਉਦੋਂ ਨੇਤਾਵਾਂ ਨੇ ਕਿਹਾ ਸੀ ਕਿ ਯੂ.ਪੀ. 'ਚ ਗੁੰਡਾ ਰਾਜ ਹੈ। ਸਵਾਲ ਹੈ ਕਿ ਹੁਣ 'ਕੀ' ਹੈ?




ਰਵੀਸ਼ ਕੁਮਾਰ ਕਹਿੰਦੇ ਹਨ ਕਿ ਯੂ.ਪੀ. 'ਚ ਰਾਜ ਤਾਂ ਬਦਲ ਗਿਆ, ਪਰ ਗੁੰਡੇ ਨਹੀਂ ਬਦਲੇ। ਅਪਰਾਧੀ 24 ਘੰਟੇ ਅੰਦਰ ਫੜੇ ਗਏ, ਪਰ ਅਪਰਾਧ ਨਹੀਂ ਰੁਕਿਆ। ਜਦੋਂ ਐਕਸਪ੍ਰੈਸ ਵੇਅ ਅਤੇ ਹਾਈਵੇਅ ਸੁਰੱਖਿਅਤ ਨਹੀਂ ਹੋਣਗੇ ਤਾਂ ਦੇਰ ਰਾਤ ਹੰਗਾਮੀ ਹਾਲਤ 'ਚ ਆਉਣ-ਜਾਣ ਵਾਲੇ ਲੋਕਾਂ ਨਾਲ ਕੀ ਹੋਵੇਗਾ, ਇਸ ਦੀ ਗਾਰੰਟੀ ਕੌਣ ਲਵੇਗਾ। ਹਾਈਵੇਅ ਪੁਲੀਸ ਦੇਰ ਨਾਲ ਪਹੁੰਚਦੀ ਹੈ। ਦੱਸਦੇ ਹਨ ਕਿ ਜਿਸ ਸੂਬੇ 'ਚ ਸਰਕਾਰ ਬਣਦੇ ਹੀ ਪੁਲੀਸ ਅਧਿਕਾਰੀਆਂ ਦੇ ਕੁੱਟਣ ਦੀਆਂ ਖ਼ਬਰਾਂ ਆਉਣ ਲੱਗ ਜਾਣ, ਉਸ ਸੂਬੇ 'ਚ ਅਪਰਾਧੀਆਂ ਦਾ ਹੌਸਲਾ ਟੁੱਟਣ 'ਚ ਥੋੜ੍ਹਾ ਤਾਂ ਸਮਾਂ ਲੱਗ ਸਕਦਾ ਹੈ। ਹਾਲਾਂਕਿ ਹੁਣ ਅਧਿਕਾਰੀਆਂ ਦੇ ਕੁੱਟਣ ਦੀਆਂ ਘਟਨਾਵਾਂ ਬੰਦ ਹਨ, ਪਰ ਯੂ.ਪੀ. ਦਾ ਰਾਜਨੀਤਕ ਅਤੇ ਸਮਾਜਿਕ ਚਰਿੱਤਰ ਇਕਦਮ ਨਹੀਂ ਬਦਲ ਸਕਦਾ। ਸਹਾਰਨਪੁਰ ਦੀ ਹਿੰਸਾ 'ਤੇ ਗ੍ਰਹਿ ਮੰਤਰਾਲਾ ਨੇ ਰਿਪੋਰਟ ਮੰਗੀ ਹੈ। ਕੇਂਦਰ ਤੋਂ ਰੈਪਿਡ ਐਕਸ਼ਨ ਫੋਰਸ ਦੀਆਂ ਚਾਰ ਕੰਪਨੀਆਂ ਭੇਜੀਆਂ ਗਈਆਂ ਹਨ। 5 ਮਈ ਤੋਂ ਉਥੇ ਤਰ੍ਹਾਂ-ਤਰ੍ਹਾਂ ਦੇ ਝਗੜੇ ਹੋ ਰਹੇ ਹਨ। ਪਹਿਲਾਂ ਅੰਬੇਡਕਰ ਜਯੰਤੀ ਦੀ ਸ਼ੋਭਾ ਯਾਤਰਾ ਨੂੰ ਲੈ ਕੇ ਤਣਾਅ ਹੋਇਆ, ਫਿਰ ਮਹਾਰਾਣਾ ਪ੍ਰਤਾਪ ਜਯੰਤੀ ਦੀ ਸ਼ੋਭਾ ਯਾਤਰਾ ਨੂੰ ਲੈ ਕੇ ਤਣਾਅ ਹੋਇਆ। ਕਈ ਲੋਕਾਂ ਨੇ ਕਿਹਾ ਕਿ ਯੂ.ਪੀ. 'ਚ ਮਹਾਰਾਣਾ ਪ੍ਰਤਾਪ ਜਯੰਤੀ ਦੀ ਸ਼ੋਭਾ ਯਾਤਰਾ ਪਹਿਲਾਂ ਨਹੀਂ ਸੁਣੀ। ਕਈ ਮੁੱਦਿਆਂ ਨੂੰ ਲੈ ਕੇ ਇੱਥੇ ਤਣਾਅ ਹੋਇਆ। ਕੀ ਇਸ ਇੰਸਾ ਤੋਂ ਬਾਅਦ ਰਾਜਨੀਤਕ ਹਿਸਾਬ ਹੋਣਾ ਚਾਹੀਦਾ ਹੈ, ਕਿਸ ਦਾ ਵੋਟ ਕਿਸ ਨੂੰ ਮਿਲੇਗਾ, ਕੀ ਛੋਟੀ ਜਿਹੀ ਗੱਲ ਸਹਾਰਨਪੁਰ ਦੀ ਜਨਤਾ ਨਹੀਂ ਸਮਝਦੀ ਕਿ ਉਹ ਸ਼ਾਂਤ ਰਹਿਣ, ਕੀ ਉੱਥੇ ਕੋਈ ਨਹੀਂ ਹੈ ਜੋ ਇਸ ਲੜਾਈ ਨੂੰ ਖਤਮ ਕਰੇ। ਕਿਤੇ ਜਾਟ ਬਨਾਮ ਠਾਕੁਰ ਹਨ, ਕਿਤੇ ਬਾਲਮੀਕ ਬਨਾਮ ਮੁਸਲਮਾਨ। ਅਜਿਹੇ ਕਈ ਮਸਲੇ ਹਨ, ਜੋ ਯੂ.ਪੀ. ਸਮੇਤ ਵੱਖ-ਵੱਖ ਸੂਬਿਆਂ 'ਚ ਫੈਲੇ ਹਨ।

ਜੇ ਮੁੱਖ ਤੌਰ 'ਤੇ ਕਸ਼ਮੀਰ ਦੀ ਗੱਲ ਕਰੀਏ ਤਾਂ ਉੱਥੇ ਭਾਰਤ ਅਤੇ ਪਾਕਿਤਸਤਾਨ ਵਿਚਕਾਰ ਜੰਗ ਛਿੜੀ ਹੋਈ ਹੈ। ਹਰ ਰੋਜ ਫ਼ੌਜੀ ਮਾਰੇ ਜਾ ਰਹੇ ਹਨ। ਸਰਹੱਦ 'ਤੇ ਭਾਰਤੀ ਜਵਾਨਾਂ ਦੇ ਕਤਲੇਆਮ ਤੋਂ ਇਲਾਵਾ ਲਾਸ਼ਾਂ ਨਾਲ ਬੇਅਦਬੀ ਕਾਰਨ ਦੇਸ਼ 'ਚ ਰੋਸ ਹੈ। ਸ਼ਹੀਦ ਫੌਜੀਆਂ ਦੇ ਪਰਿਵਾਰਾਂ ਵਲੋਂ ਮੁਆਵਜ਼ੇ ਠੁਕਰਾਏ ਜਾ ਰਹੇ ਹਨ। ਕੇਂਦਰ ਸਰਕਾਰ ਦੀ ਪਾਕਿਸਤਾਨੀ ਨੀਤੀ ਦਾ ਦੇਸ਼ 'ਚ ਵਿਰੋਧ ਹੈ।

ਇਨ੍ਹਾਂ ਸਾਰਿਆਂ ਵਿਚਕਾਰ ਮੋਦੀ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ 'ਤੇ 20 ਦਿਨਾਂ ਜਸ਼ਨ ਦਾ ਪ੍ਰੋਗਰਾਮ ਹਜ਼ਮ ਨਹੀਂ ਹੋ ਰਿਹਾ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸ਼ਹੀਦ ਜਵਾਨਾਂ ਦੇ ਨਾਂ ਅਤੇ ਦੇਸ਼ ਵਿਚਕਾਰ ਮਚੀ ਹਿੰਸਾ ਕਾਰਨ ਆਪਣੇ ਜਸ਼ਨ ਨਾ ਕਰੇ। ਫਿਲਹਾਲ ਵੇਖਣਾ ਹੈ ਕਿ ਸਰਕਾਰ ਦੇ ਕੰਮਕਾਜ ਨੂੰ ਦੇਸ਼ ਦੀ ਜਨਤਾ ਕਿਹੜੀ ਨਜ਼ਰ ਨਾਲ ਵੇਖਦੀ ਹੈ।

# ਮੋਦੀ ਸਰਕਾਰ ਦੇ ਤਿੰਨ ਸਾਲ ਦਾ 'ਸਰਕਾਰੋਤਸਵ'

**ਰਵੀਸ਼ ਕੁਮਾਰ**

26 ਮਈ ਸਰਕਾਰੋਤਸਵ ਹੈ। ਸਰਕਾਰੋਤਸਵ ਉਸ ਉਤਸਵ ਨੂੰ ਕਹਿੰਦੇ ਹਨ ਕਿ ਜਦੋਂ ਸਰਕਾਰ ਆਪਣਾ ਇਕ ਸਾਲ ਪੂਰਾ ਕਰਦੀ ਹੈ।



ਸਰਕਾਰੋਤਸਵ ਮਨਾਉਣ ਦੀ ਪਰੰਪਰਾ ਸ਼ਾਇਦ ਅਮਰੀਕਾ ਵਿਚ ਸ਼ੁਰੂ ਹੋਈ ਸੀ ਜਦੋਂ ਰਾਸ਼ਟਰਪਤੀ ਰੂਜਵੇਲਟ ਨੇ ਆਪਣੀ ਸਰਕਾਰ ਦੇ 100 ਦਿਨ ਪੂਰੇ ਹੋਣ ਉੱਤੇ ਜਸ਼ਨ ਮਨਾਇਆ ਸੀ। ਰੂਜਵੇਲਟ 1932 ਵਿਚ ਰਾਸ਼ਟਰਪਤੀ ਬਣੇ ਸਨ। ਭਾਰਤ ਵਿਚ ਵੀ ਇਹ ਪਰੰਪਰਾ ਰਹੀ ਹੈ ਪਰ 100 ਦਿਨ ਦੇ ਬਾਅਦ ਸਰਕਾਰਾਂ 200 ਦਿਨ ਨਹੀਂ ਮਨਾਉਂਦੀਆਂ, ਉਹ ਸਿੱਧਾ ਜਨਮ ਦਿਨ ਮਨਾਉਂਦੀਆਂ ਹਨ। ਸਰਕਾਰੋਤਸਵ ਮਨਾਉਣ ਲਈ ਅਖ਼ਬਾਰਾਂ ਵਿਚ ਫੁਲ ਪੇਜ ਦੇ ਇਸ਼ਤਿਹਾਰ ਛਪਦੇ ਹਨ, ਉਨ੍ਹਾਂ ਇਸ਼ਤਿਹਾਰਾਂ ਵਿਚ ਵੱਡੇ-ਵੱਡੇ ਦਾਅਵੇ ਕੀਤੇ ਜਾਂਦੇ ਹਨ, ਐਲਾਨ ਹੁੰਦੇ ਹਨ, ਉਦਘਾਟਨ ਹੁੰਦੇ ਹਨ ਅਤੇ ਨਵੇਂ ਨਵੇਂ ਸਲੋਗਨ ਹੁੰਦੇ ਹਨ। ਸਵੇਰੇ ਸਵੇਰੇ ਇਨ੍ਹਾਂ ਉਪਲੱਬਧੀਆਂ 'ਤੇ ਟਵੀਟ ਹੁੰਦੇ ਹੈ। ਏਨਾ ਕੁੱਝ ਹੋਇਆ ਹੁੰਦਾ ਹੈ ਕਿ ਸਮਝ ਨਹੀਂ ਆਉਂਦਾ ਕਿ ਕੀ ਕੀ ਨਹੀਂ ਹੋਇਆ ਹੋਵੇਗਾ। 26 ਮਈ 2014, ਇਹੀ ਉਹ ਦਿਨ ਹੈ ਜਦੋਂ ਪ੍ਰਧਾਨ ਮੰਤਰੀ ਮੋਦੀ ਨੇ ਅਹੁਦੇ ਦੇ ਭੇਤ ਗੁਪਤ ਦੀ ਸਹੁੰ ਲਈ ਸੀ ਪਰ ਇਸ ਦਿਨ ਸਰਕਾਰ ਆਪਣਾ ਜਨਮ ਦਿਨ ਮਨਾਉਂਦੀ ਹੈ। ਇਹ ਤੀਜਾ ਸਾਲ ਹੈ। ਦੋ ਸਾਲ ਤੱਕ ਕੇਂਦਰ ਸਰਕਾਰ ਇਕੱਲੇ ਹੀ ਸਰਕਾਰੋਤਸਵ ਮਨਾ ਰਹੀ ਸੀ ਪਰ ਇਸ ਵਾਰ ਪੈਟਰਨ ਚੇਂਜ ਹੋਇਆ ਹੈ। ਰਾਜ ਸਰਕਾਰਾਂ ਨੇ ਦਿੱਲੀ ਦੀਆਂ ਅਖ਼ਬਾਰਾਂ ਵਿਚ ਇਸ਼ਤਿਹਾਰ ਦੇ ਕੇ ਸਰਕਾਰੋਤਸਵ ਦੀਆਂ ਵਧਾਈਆਂ ਭੇਜੀਆਂ ਹਨ ਅਤੇ ਬਲਾਵਾਂ ਲਈਆਂ ਹਨ। ਰਾਜ ਸਰਕਾਰਾਂ ਵੀ ਆਪਣਾ ਜਨਮ ਦਿਨ ਮਨਾਉਂਦੀਆਂ ਹਨ ਪਰ ਹੁਣ ਉਹ ਕੇਂਦਰ ਦੇ ਜਨਮ ਦਿਨ ਦਾ ਭਾਰ ਵੀ ਖੁਸ਼ੀ ਖੁਸ਼ੀ ਚੁੱਕ ਰਹੀਆਂ ਹਨ।

ਸਵਾਲ ਇਹ ਹੈ ਕਿ ਜਦੋਂ ਦਿੱਲੀ ਦਾ ਮੀਡੀਆ ਝਾਰਖੰਡ ਨੂੰ ਏਜੰਸੀ ਦੇ ਭਰੋਸੇ ਕਵਰ ਕਰਦਾ ਹੈ, ਨਿਊਜ਼ ਚੈਨਲ ਤਾਂ ਝਾਰਖੰਡ ਨੂੰ 'ਸਪੀਡ ਨਿਊਜ਼' ਵਿਚ ਹੀ ਨਬੇੜ ਦਿੰਦੇ ਹਨ ਤਾਂ ਝਾਰਖੰਡ ਦੇ ਮੁੱਖ ਮੰਤਰੀ ਵਲੋਂ ਉਸ ਰਾਜ ਦੀ ਜਨਤਾ ਦੇ ਪੈਸੇ ਨਾਲ ਦਿੱਲੀ ਦੀਆਂ ਅਖ਼ਬਾਰਾਂ ਵਿਚ ਇਸ਼ਤਿਹਾਰ ਛਾਪਣਾ ਕਿੰਨਾ ਕੁ ਉਚਿਤ ਹੈ? ਸਲੋਗਨ ਅੰਗਰੇਜ਼ੀ ਵਿਚ ਹੈ, on way to new India ਭਾਵ ਨਵੇਂ ਭਾਰਤ ਦੇ ਰਸਤੇ ਉੱਤੇ ਹੈ ਝਾਰਖੰਡ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦਾ ਇਸ਼ਤਿਹਾਰ ਵੀ ਚੰਗਾ ਹੈ ਪਰ ਜ਼ਰਾ ਸੰਕੋਚ ਨਾਲ ਹੈ। ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਨੇ ਆਪਣੇ ਇਸ਼ਤਿਹਾਰਾਂ ਵਿਚ ਮੋਦੀ ਸਰਕਾਰ ਦੀਆਂ ਉਪਲਬਧੀਆਂ ਗਿਣਵਾਈਆਂ ਹਨ ਪਰ ਉਸੇ ਪੈਸੇ ਵਿਚ ਆਪਣੀ ਸਰਕਾਰ ਦੀ ਕਾਮਯਾਬੀ ਗਿਣਾਉਣਾ ਨਹੀਂ ਭੁੱਲੀ। ਉਨ੍ਹਾਂ ਨੇ ਅੱਧੀ ਜਗ੍ਹਾ ਮੋਦੀ ਨੂੰ ਦਿੱਤੀ ਹੈ, ਅੱਧੀ ਜਗ੍ਹਾ ਆਪਣੀ ਸਰਕਾਰ ਨੂੰ। ਇਨ੍ਹਾਂ ਤਿੰਨਾਂ ਇਸ਼ਤਿਹਾਰਾਂ ਵਿਚ ਵਸੁੰਧਰਾ ਹੀ ਜ਼ਿਆਦਾ ਦ੍ਰਿੜ ਇਰਾਦੇ ਵਿਚ ਲੱਗ ਰਹੀ ਹੈ, ਜੇਕਰ ਦੋਵੇਂ ਮੁੱਖ ਮੰਤਰੀ ਮੇਰੀ ਗੱਲ ਦਾ ਬੁਰਾ ਨਾ ਮੰਨਣ। ਯੂਪੀ ਦੇ ਯੋਗੀ ਸਰਕਾਰ ਵਿਚ ਵੀ ਅਧੂਰਾਪਣ ਅਤੇ ਸੰਨਿਆਸੀ ਭਾਵ ਦਿਖਾਈ ਦਿੰਦਾ ਹੈ। ਯੂਪੀ ਦਾ ਇਸ਼ਤਿਹਾਰ ਵੀ ਅੱਧੇ ਪੰਨੇ ਦਾ ਹੈ। ਯੋਗੀ ਜੀ ਨੂੰ ਪਤਾ ਹੈ ਕਿ ਉਹ ਇਨ੍ਹਾਂ ਤਿੰਨਾਂ ਮੁੱਖ ਮੰਤਰੀਆਂ ਉੱਤੇ ਭਾਰੀ ਪੈ ਸਕਦੇ ਹਨ ਤਾਂ ਇਸ਼ਤਿਹਾਰ ਵਿਚ ਕੀ ਜਗ੍ਹਾ ਘੇਰਨਾ।

ਕੀ ਭਾਰਤ ਦਾ ਮੀਡੀਆ ਸਮਾਜ ਦਿੱਲੀ ਵਿਚ ਰਹਿੰਦਾ ਹੈ, ਜਿਸ ਦੇ ਅਖ਼ਬਾਰਾਂ ਵਿਚ ਸੂਬਾਈ ਸਰਕਾਰਾਂ ਇਸ਼ਤਿਹਾਰ ਦਿੰਦੀ ਰਹਿੰਦੀਆਂ ਹਨ। ਕੇਰਲ ਸਰਕਾਰ ਦੇ ਇਸ਼ਤਿਹਾਰ ਇਸ ਤਰ੍ਹਾਂ ਆਉਂਦੇ ਹਨ ਜਿਵੇਂ ਸੀਪੀਐਮ ਦੇ ਸਾਰੇ ਵੋਟਰ ਇੱਥੇ ਰਹਿੰਦੇ ਹੋਣ। ਹੁਣ ਤਾਂ ਉੜੀਸਾ ਸਰਕਾਰ ਦੇ ਇਸ਼ਤਿਹਾਰ ਵੀ ਆਉਣ ਲੱਗੇ ਹਨ। ਦੇਸ਼ ਦਿੱਲੀ ਵਿਚ ਨਾ ਦਿਸੇ ਤਾਂ ਦਿਸਦਾ ਹੀ ਨਹੀਂ ਹੋਵੇਗਾ ਸ਼ਾਇਦ। ਅਸੀਂ ਸੋਚਿਆ ਕਿ ਇਸ ਮੌਕੇ ਆਲੋਚਨਾਤਮਕ ਬਦਲਾਅ ਕਰਦੇ ਹਾਂ, ਇਹ ਉਹ ਬਦਲਾਅ ਹੈ ਜੋ ਨਕਾਰਾਤਮਕ ਅਤੇ ਸਕਾਰਾਤਮਕ ਬਦਲਾਅ ਨਾਲੋਂ ਕਾਫ਼ੀ ਵੱਖਰਾ ਹੈ। ਹੁਣ ਵੇਖੋ ਸਾਲ ਭਰ ਲੋਕ ਪੁੱਛਦੇ ਰਹਿੰਦੇ ਹਨ ਕਿ ਭਾਰਤ ਵਿਚ ਵਿਰੋਧੀ ਧਿਰ ਨਹੀਂ ਹੈ। ਦਿੱਲੀ ਵਿਚ 16 ਵਿਰੋਧੀ ਪਾਰਟੀਆਂ ਦੇ ਮੁੱਖ ਮੰਤਰੀ, ਨੇਤਾ ਜਮ੍ਹਾਂ ਹੋਏ।

ਦਿੱਲੀ ਵਿਚ ਵਿਰੋਧੀ ਧਿਰ ਦਾ ਦਿਖਾਈ ਦੇਣਾ ਵੀ ਇਸ ਤਰ੍ਹਾਂ ਹੈ ਜਿਵੇਂ ਭਾਜਪਾ ਸ਼ਾਸਤ ਰਾਜਾਂ ਨੇ ਆਪਣੇ ਇਸ਼ਤਿਹਾਰ ਦਿੱਲੀ ਦੀਆਂ ਅਖ਼ਬਾਰਾਂ ਵਿਚ ਭੇਜ ਦਿੱਤੇ ਹੋਣ। ਫਿਰ ਵੀ ਵਿਰੋਧੀ ਧਿਰ ਨੂੰ ਲੱਭਣ ਵਾਲੇ ਵੇਖ ਸਕਦੇ ਹਨ ਕਿ ਨੇਤਾਵਾਂ ਦੀ ਖਾਸ ਕਮੀ ਨਹੀਂ ਹੈ, ਅਸਲ ਗੱਲ ਇਹ ਹੈ ਕਿ ਅਜੋਕਾ ਮੀਡੀਆ ਵਿਰੋਧੀ ਧਿਰ ਦਾ ਵਿਰੋਧੀ ਹੈ। ਵਿਰੋਧੀ ਧਿਰ ਨੂੰ ਜਗ੍ਹਾ ਘੱਟ ਦਿੰਦਾ ਹੈ ਅਤੇ ਫਿਰ ਸਵਾਲ ਵੀ ਕਰਦਾ ਹੈ ਕਿ ਵਿਰੋਧੀ ਧਿਰ ਕਿੱਥੇ ਹੈ? ਸੰਜੋਗ ਹੀ ਹੈ ਕਿ ਜਿਸ ਦਿਨ ਵਿਰੋਧੀ ਧਿਰ ਦੇ ਏਨੇ ਨੇਤਾ ਦਿੱਲੀ ਆਏ, ਉਸੇ ਦਿਨ ਪ੍ਰਧਾਨ ਮਤਰੀ ਦਿੱਲੀ ਤੋਂ ਦੂਰ ਚਲੇ ਗਏ। ਕਿਤੇ ਅਜਿਹਾ ਤਾਂ ਨਹੀਂ ਕਿ ਵਿਰੋਧੀ ਪੱਖ ਨੂੰ ਦਿੱਲੀ ਆਉਂਦਾ ਵੇਖ, ਪ੍ਰਧਾਨ ਮੰਤਰੀ ਅਸਾਮ ਚਲੇ ਗਏ ਜਾਂ ਪ੍ਰਧਾਨ ਮੰਤਰੀ ਨੂੰ ਅਸਾਮ ਜਾਂਦਾ ਵੇਖ, ਵਿਰੋਧੀ ਧਿਰ ਦਿੱਲੀ ਵਿਚ ਜਮ੍ਹਾ ਹੋ ਗਿਆ। ਉਂਜ ਰਾਜਨੀਤੀ ਨੂੰ ਰਹੱਸ ਅਤੇ ਰਚਨਾ ਦੀ ਤਰ੍ਹਾਂ ਵੇਖੋ, ਤੁਹਾਨੂੰ ਇਸ ਦੇ ਕਿੱਸੇ ਰੋਮਾਂਚਿਤ ਕਰਨਗੇ। ਇਹ ਸਰਕਾਰੋਤਸਵ ਹੈ। ਕੇਂਦਰ ਸਰਕਾਰ ਦੇ ਕਈ ਮੰਤਰੀ ਵੱਖ-ਵੱਖ ਦਿਸ਼ਾਵਾਂ ਵਿਚ ਸਰਕਾਰ ਦੀ ਕਾਮਯਾਬੀ ਦਾ ਸੁਨੇਹਾ ਲੈ ਕੇ ਜਾ ਰਹੇ ਹਨ। ਇਸ ਮੌਕੇ ਮੰਤਰੀਆਂ ਨੇ ਤਰ੍ਹਾਂ ਤਰ੍ਹਾਂ ਦੇ ਪ੍ਰੋਗਰਾਮਾਂ ਦਾ ਪ੍ਰਬੰਧ ਕੀਤਾ ਹੈ। ਕਈ ਪ੍ਰੋਗਰਾਮਾਂ ਦੀ ਫਰੈਂਚਾਇਜ਼ੀ ਖੁੱਲ੍ਹ ਗਈ ਲਗਦੀ ਹੈ। ਜਿਵੇਂ ਸ਼ਹਿਰੀ ਵਿਕਾਸ ਮੰਤਰੀ ਵੈਂਕਯਾ ਨਾਇਡੂ ਨੇ ਰਾਜਸਥਾਨ ਦੇ ਇੱਕ ਪਿੰਡ ਵਿਚ ਗਰਾਮ ਪੰਚਾਇਤ ਪੱਧਰ 'ਤੇ ਚਰਚਾ ਕੀਤੀ। ਜੋ ਚਾਹ 'ਤੇ ਚਰਚਾ ਅਤੇ ਮੰਜੇ 'ਤੇ ਚਰਚਾ ਨਾਲੋਂ ਕਾਫ਼ੀ ਵੱਖ ਹੈ। ਮੰਜੇ ਉੱਤੇ ਚਰਚਾ ਦੀ ਯਾਦ ਆਉਂਦੇ ਹੀ ਕੁੱਝ ਯਾਦ ਨਹੀਂ ਆਇਆ। ਇਸ ਮੌਕੇ ਮੈਂ ਫਤਹਿ ਗੋਇਲ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਉਨ੍ਹਾਂ ਨੇ ਨਵੇਂ ਕਿਸਮ ਦੇ ਯੁਵਾ ਦੀ ਖੋਜ ਕੀਤੀ ਹੈ। ਸਲਮ ਯੁਵਾ। ਸਲਮ ਯੁਵਾ ਉਹ ਜਵਾਨ ਹਨ ਜੋ ਸਲਮ ਵਿਚ ਰਹਿੰਦੇ ਹਨ। ਇਸ ਤੋਂ ਪਤਾ ਚੱਲਦਾ ਹੈ ਕਿ ਹੁਣ ਤੱਕ ਜੋ ਜਵਾਨ ਸਨ ਸਪਸ਼ਟ ਨਹੀਂ ਸੀ ਕਿ ਉਹ ਸਲਮ ਜਵਾਨ ਹਨ ਜਾਂ ਪਾਸ਼ ਜਵਾਨ। ਟਵਿਟਰ ਉੱਤੇ ਜਾਰੀ ਪੋਸਟਰ ਦੇ ਵਿਸ਼ਲੇਸ਼ਣ ਤੋਂ ਲੱਗਦਾ ਹੈ ਕਿ ਨੌਜਵਾਨਾਂ ਦੀ ਪਛਾਣ ਉਮਰ ਤੋਂ ਇਲਾਵਾ, ਉਹ ਕਿੱਥੇ ਵਸਦੇ ਹਨ, ਉਨ੍ਹਾਂ ਬਸਤੀਆਂ ਦੇ ਆਧਾਰ ਉੱਤੇ ਵੀ ਹੋ ਸਕਦੀ ਹੈ। ਇਸ ਪ੍ਰੋਗਰਾਮ ਦਾ ਨਾਮ ਹੈ ਸਲਮ ਯੁਵਾ ਦੌੜ। 'ਅਡਾਪਟ ਏ ਸਲਮ' ਯਾਨੀ 'ਦਿੱਲੀ ਦਾ ਇੱਕ ਸਲਮ ਗੋਦ ਲਓ।' ਇਸ ਤੋਂ ਇਹ ਸਾਫ਼ ਨਹੀਂ ਹੈ ਕਿ ਦਿੱਲੀ ਦੇ ਇੱਕ ਸਲਮ ਨੂੰ ਕੋਈ ਗੋਦ ਕਿਵੇਂ ਲੈ ਸਕਦਾ ਹੈ, ਸੰਸਦ ਗੋਦ ਲਵੇਗਾ, ਵਿਧਾਇਕ ਗੋਦ ਲਵੇਗਾ ਜਾਂ ਇਹ ਨੌਜਵਾਨ ਹੀ ਆਪਣੇ ਸਲਮ ਨੂੰ ਗੋਦ ਲੈ ਲੈਣਗੇ ਜਿਸ ਦੀ ਗੋਦ ਵਿਚ ਇਹ ਪਲਦੇ ਹਨ। ਖ਼ੈਰ! ਨਹਿਰੂ ਯੁਵਾ ਕੇਂਦਰ ਦੇ ਵਿਹੜੇ ਵਿਚ ਸਲਮ ਨੌਜਵਾਨਾਂ ਦੀ ਦੌੜ ਹੋਈ, ਭੀੜ ਕਾਫ਼ੀ ਸੀ, ਟੀ ਸ਼ਰਟ ਉੱਤੇ ਵੀ ਲਿਖਿਆ ਸੀ ਸਲਮ ਯੁਵਾ ਦੌੜ। ਸਭ ਕੁਝ ਹਿੰਦੀ ਵਿਚ ਸੀ ਸਿਰਫ਼ ਸਲਮ ਅੰਗਰੇਜ਼ੀ ਵਿਚ ਲਿਖਿਆ। ਬੁੱਗੀ ਲਿਖ ਸਕਦੇ ਸਨ। ਇਨ੍ਹਾਂ ਤਸਵੀਰਾਂ ਤੋਂ ਪਤਾ ਚੱਲਦਾ ਹੈ ਕਿ ਸਾਡੇ ਸਲਮ ਜਵਾਨ ਵੀ ਦੱਖਣ ਦਿੱਲੀ ਦੀਆਂ ਪਾਸ਼ ਕਾਲੋਨੀਆਂ ਵਿਚ ਪਲਣ ਵਾਲੇ ਨੌਜਵਾਨਾਂ ਵਾਂਗ ਹੀ ਦਿਖਾਈ ਦਿੰਦੇ ਹਨ। ਫਿਰ ਵੀ ਇਹ ਨਵਾਂ ਆਇਡੀਆ ਸੀ ਅਤੇ ਅੱਛਾ ਲੱਗਾ, ਕੁੱਝ ਕਮੀ ਹੋਵੇਗੀ ਤਾਂ ਫਤਹਿ ਗੋਇਲ ਜੀ ਸਾਊ ਮੰਤਰੀ ਹਨ, ਸੁਧਾਰ ਕਰ ਲੈਣਗੇ। ਸਲਮ ਗੋਦ ਲੈਣ ਦੀ ਪ੍ਰੇਰਨਾ ਸ਼ਾਇਦ ਆਦਰਸ਼ ਗਰਾਮ ਯੋਜਨਾ ਤੋਂ ਲਈ ਗਈ ਹੋਵੇਗੀ। ਅਕਤੂਬਰ 2014 ਵਿਚ ਇਸ ਦਾ ਐਲਾਨ ਹੋਇਆ ਸੀ ਕਿ ਹਰ ਸੰਸਦ ਇੱਕ ਪਿੰਡ ਗੋਦ ਲਵੇਗਾ ਅਤੇ ਆਦਰਸ਼ ਬਣਾਏਗਾ। ਭਾਜਪਾ ਦੇ 281 ਸੰਸਦ ਮੈਂਬਰ ਹਨ, ਉਸ ਹਿਸਾਬ ਨਾਲ ਤਿੰਨ ਸਾਲ ਬਾਅਦ 282 ਪਿੰਡਾਂ ਨੂੰ ਆਦਰਸ਼ ਰੂਪ ਵਿਚ ਪੇਸ਼ ਕੀਤਾ ਹੀ ਜਾ ਸਕਦਾ ਸੀ। ਲੱਗਦਾ ਹੈ ਹੁਣ ਉਸ 'ਤੇ ਕੋਈ ਗੱਲ ਨਹੀਂ ਕਰਨਾ ਚਾਹੁੰਦਾ ਹੈ।

ਸਰਕਾਰ ਆਪਣੀਆਂ ਪ੍ਰਾਪਤੀਆਂ ਦੇ ਦਾਅਵਿਆਂ ਨਾਲ ਭਰੀ ਪਈ ਹੈ, ਵਿਰੋਧੀ ਧਿਰ ਕਹਿੰਦੀ ਹੈ ਕਿ ਕੁੱਝ ਹੋਇਆ ਹੀ ਨਹੀਂ। ਕਮਲ ਨਿਸ਼ਾਨ ਵਾਲੀ ਭਾਜਪਾ ਦੇ ਨੇਤਾ ਇੱਕ ਪਾਸੇ ਉਪਲੱਬਧੀਆਂ ਨੂੰ ਲੈ ਕੇ ਟਵਿਟਰ ਤੋਂ ਲੈ ਕੇ ਬੋਹੜ ਹੇਠਾਂ ਖੜ੍ਹੇ ਨਜ਼ਰ ਆਏ ਤਾਂ ਕਾਂਗਰਸ ਵੱਲੋਂ ਕਮਲ ਨਾਮ ਵਾਲੇ ਕਮਲ ਨਾਥ ਨੇ ਗਿਣਾਉਣਾ ਸ਼ੁਰੂ ਕਰ ਦਿੱਤਾ ਹੈ ਕਿ 35 ਕਿਸਾਨ ਰੋਜ਼ ਆਤਮ ਹੱਤਿਆ ਕਰ ਰਹੇ ਹਨ। 7 ਸਾਲ ਵਿਚ ਰੁਜ਼ਗਾਰ ਆਪਣੇ ਹੇਠਲੇ ਪੱਧਰ ਉੱਤੇ ਹੈ। ਰਾਸ਼ਟਰਪਤੀ ਪ੍ਰਣਬ ਮੁਖਰਜੀ



ਨੇ ਦਿੱਲੀ ਵਿਚ ਰਾਮਨਾਥ ਗੋਇਨਕਾ ਸਬੰਧੀ ਸਮਾਰੋਹ ਦੌਰਾਨ ਫੇਕ ਨਿਊਜ਼ ਬਾਰੇ ਚਿੰਤਾ ਪ੍ਰਗਟਾਈ। ਕਿਹਾ ਕਿ ਮੀਡੀਆ ਦਾ ਕੰਮ ਹੈ ਸਰਕਾਰ ਨੂੰ ਸਵਾਲ ਕਰਨਾ। ਮੀਡੀਆ ਆਪਣਾ ਮੂਲ ਕੰਮ ਨਹੀਂ ਕਰ ਰਿਹਾ ਹੈ ਤਾਂ ਲੋਕ ਬੁਝ ਹੋ ਗਏ ਕਿ ਰਾਸ਼ਟਰਪਤੀ ਨੇ ਵੀ ਇਸ਼ਾਰਿਆਂ ਇਸ਼ਾਰਿਆਂ ਵਿਚ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੀ ਸਰਕਾਰ 'ਤੇ ਵਾਰ ਕਰ ਦਿੱਤਾ ਹੈ। ਕੁਝ ਦਿਨ ਪਹਿਲਾਂ ਰਾਸ਼ਟਰਪਤੀ ਨੇ ਇਹ ਵੀ ਕਿਹਾ ਸੀ ਕਿ ਭਾਰਤੀ ਇਤਿਹਾਸ ਵਿਚ ਇੰਦਰਾ ਗਾਂਧੀ ਸਭ ਤੋਂ ਜ਼ਿਆਦਾ ਸਵੀਕਾਰ ਹੋਈ ਪ੍ਰਧਾਨ ਮੰਤਰੀ ਹੈ। ਹੁਣ ਪ੍ਰਧਾਨ ਮੰਤਰੀ ਮੋਦੀ ਬਾਰੇ ਕਹਿ ਰਹੇ ਹਨ ਕਿ ਉਹ ਬਾਕਮਾਲ ਵਕਤਾ ਹਨ ਅਤੇ ਉਨ੍ਹਾਂ ਦੀ ਤੁਲਨਾ ਪੰਡਤ ਜਵਾਹਰ ਲਾਲ ਨਹਿਰੂ ਅਤੇ ਇੰਦਰਾ ਗਾਂਧੀ ਨਾਲ ਵੀ ਕੀਤੀ ਜਾ ਸਕਦੀ ਹੈ। ਇਸ ਪ੍ਰੋਗਰਾਮ ਦੌਰਾਨ ਰੱਖਿਆ ਮੰਤਰੀ ਅਤੇ ਵਿੱਤ ਮੰਤਰੀ ਅਰੁਣ ਜੇਟਲੀ ਨੇ ਬਿਆਨ ਦਿੱਤਾ ਕਿ ਪਿਛਲੇ ਕੁਝ ਸਾਲਾਂ ਤੋਂ ਰੇਡੀਓ ਪਛੜਦਾ ਜਾ ਰਿਹਾ ਸੀ ਪਰ ਪ੍ਰਧਾਨ ਮੰਤਰੀ ਮੋਦੀ ਨੇ ਮਾਧਿਅਮ ਵਜੋਂ ਰੇਡੀਓ ਦੀ ਤਾਕਤ ਨੂੰ ਪਛਾਣਿਆ।

ਤਾਕਤ ਪਛਾਣਨ ਦੀ ਗੱਲ ਠੀਕ ਹੈ ਪਰ ਪਿਛਲੇ ਕੁਝ ਸਾਲ ਤੋਂ ਰੇਡੀਓ ਪਛੜਦਾ ਜਾ ਰਿਹਾ ਸੀ ਇਸ ਗੱਲ ਨੂੰ ਲੈ ਕੇ ਵੱਖ ਵੱਖ ਰਾਏ ਹੋ ਸਕਦੀ ਹੈ। ਇਸ ਵਿਚ ਕੋਈ ਦੋ ਰਾਏ ਨਹੀਂ ਕਿ 'ਮਨ ਕੀ ਬਾਤ' ਅਨੋਖਾ ਪ੍ਰੋਗਰਾਮ ਹੈ। ਇਹ ਪਹਿਲਾ ਰੇਡੀਓ ਪ੍ਰੋਗਰਾਮ ਹੈ ਜੋ ਉਸੇ ਸਮੇਂ ਟੀਵੀ ਉੱਤੇ ਵੀ ਆਉਂਦਾ ਹੈ। ਦਿੱਲੀ ਵਿਚ ਸਾਰੇ ਪ੍ਰਾਈਵੇਟ ਏਐਫਐਮ ਚੈਨਲਾਂ ਤੋਂ ਵੀ ਆਉਂਦਾ ਹੈ। ਰੇਡੀਓ ਦੇ ਵਿਕਾਸ ਬਾਰੇ ਫਿੱਕੀ ਕੇਪੀਐਮਜੀ ਆਪਣੀ ਸਾਲਾਨਾ ਰਿਪੋਰਟ ਵਿਚ ਜਾਣਕਾਰੀ ਦਿੰਦੀ ਹੈ ਕਿ 2012 ਤੋਂ 2017 ਦੌਰਾਨ ਰੇਡੀਓ 16.6 ਫ਼ੀਸਦੀ ਦੀ ਵਾਧਾ ਦਰ ਨਾਲ ਵਧੇਗਾ। 2017 ਦੀ ਰਿਪੋਰਟ ਵਿਚ ਕਿਹਾ ਗਿਆ ਕਿ 2016 ਵਿਚ ਰੇਡੀਓ ਨੇ 14.5 ਫ਼ੀਸਦੀ ਦੇ ਹਿਸਾਬ ਨਾਲ ਹੀ ਵਾਧਾ ਦਰ ਹਾਸਲ ਕੀਤੀ। ਯਾਨੀ ਅਨੁਮਾਨ ਨਾਲੋਂ ਕਰੀਬ ਦੋ ਫ਼ੀਸਦੀ ਵਿਕਾਸ ਦਰ ਘੱਟ ਰਹੀ। ਇਸ ਵਕਤ ਭਾਰਤ ਦੇ 86 ਸ਼ਹਿਰਾਂ ਵਿਚ 243 ਨਿਜੀ ਰੇਡੀਓ ਚੈਨਲ ਚੱਲ ਰਹੇ ਹਨ। ਸੰਨ 2000 ਵਿਚ ਰੇਡੀਓ ਸੈਕਟਰ ਦਾ ਨਿੱਜੀਕਰਨ ਹੋਇਆ ਸੀ, ਕਈ ਸੌ ਚੈਨਲ ਨਿਲਾਮ ਹੋਏ ਹਨ ਮਗਰ ਆਪਰੇਸ਼ਨ ਵਿਚ 243 ਹੀ ਹਨ। ਰਿਪੋਰਟ ਮੁਤਾਬਕ ਤੀਸਰੇ ਪੜਾਅ ਦੀ ਨੀਲਾਮੀ ਨੂੰ ਲੈ ਕੇ ਖਾਸ ਉਤਸ਼ਾਹ ਨਹੀਂ ਹੈ।

ਹੁਣ ਜ਼ਰਾ ਮਾਲੀਏ ਦੇ ਨਜ਼ਰ ਤੋਂ ਵੇਖ ਲੈਂਦੇ ਹਾਂ। ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ਼ ਇੰਡੀਆ (ਟਰਾਈ) ਦੀ 15 ਮਾਰਚ 2016 ਦੀ ਰਿਪੋਰਟ ਕਹਿੰਦੀ ਹੈ ਕਿ 2014 ਵਿਚ ਰੇਡੀਓ ਸੈਕਟਰ ਦਾ ਮਾਲੀਆ 2013 ਦੇ ਮੁਕਾਬਲੇ 18 ਫ਼ੀਸਦੀ ਵਧਿਆ, 2019 ਤੱਕ ਇਸ ਵਿਚ 18 ਫ਼ੀਸਦੀ ਹੀ ਵਾਧਾ ਹੋਣ ਦੀ ਉਮੀਦ ਹੈ। 'ਮਨ ਕੀ ਬਾਤ' ਤੋਂ ਕਮਾਈ ਅਤੇ ਇਸ਼ਤਿਹਾਰ 'ਤੇ ਹੋਏ ਖਰਚੇ ਨੂੰ ਲੈ ਕੇ ਸਾਡੇ ਕੋਲ ਕੋਈ ਆਜ਼ਾਦ ਜਾਣਕਾਰੀ ਨਹੀਂ ਹੈ। ਇਸ ਨਾਲ ਸਬੰਧਤ ਦੋ ਖ਼ਬਰਾਂ ਸਾਨੂੰ ਇੰਟਰਨੈੱਟ ਦੇ ਆਰਕਾਇਵ ਵਿਚ ਮਿਲੀਆਂ ਹਨ। 9 ਦਸੰਬਰ 2016 ਦੇ 'ਲਾਈਵ ਮਿੰਟ' ਵਿਚ ਛਪਿਆ ਹੈ ਕਿ ਲੋਕ ਸਭਾ ਵਿਚ ਮੰਤਰੀ ਰਾਜ ਵਰਧਨ ਰਾਠੌਰ ਨੇ ਲਿਖਤੀ ਜਵਾਬ ਦਿੱਤਾ ਹੈ ਕਿ 2015 -16 ਵਿਚ 'ਮਨ ਕੀ ਬਾਤ' ਨਾਲ ਮਹਿਜ਼ 4 ਕਰੋੜ 78 ਲੱਖ ਮਾਲੀਆ ਆਇਆ ਹੈ। 5 ਅਗਸਤ 20 15 ਦੇ 'ਇੰਡੀਅਨ ਐਕਸਪ੍ਰੈੱਸ' ਵਿਚ ਆਰ. ਟੀ.ਆਈ. ਦੇ ਹਵਾਲੇ ਨਾਲ ਖ਼ਬਰ ਛਪੀ ਹੈ ਕਿ ਸਿਰਫ਼ ਅਖ਼ਬਾਰਾਂ ਵਿਚ 'ਮਨ ਕੀ ਬਾਤ' ਦੇ ਇਸ਼ਤਿਹਾਰ 'ਤੇ ਸਾਢੇ ਅੱਠ ਕਰੋੜ ਰੁਪਏ ਖਰਚ ਕੀਤੇ ਹਨ। ਮਾਲੀਆ ਆਇਆ 4 ਕਰੋੜ 78 ਲੱਖ, ਖਰਚ ਹੋਇਆ ਦੁੱਗਣਾ। 'ਲਾਈਵ ਮਿੰਟ' ਨੇ ਸੂਤਰਾਂ ਦੇ ਹਵਾਲੇ ਨਾਲ ਲਿਖਿਆ ਹੈ ਕਿ 'ਮਨ ਕੀ ਬਾਤ' ਨੂੰ ਮਿਲੇ ਜ਼ਿਆਦਾ ਇਸ਼ਤਿਹਾਰ ਸਰਕਾਰੀ ਹਨ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਰੇਡੀਓ ਦਾ ਵਿਕਾਸ ਹੋਇਆ ਹੈ। ਪਰ 'ਮਨ ਕੀ ਬਾਤ' ਨਾਲ ਕਿੰਨਾ ਹੋਇਆ ਹੈ, ਇਹ ਕਹਿਣਾ ਮੁਸ਼ਕਲ ਹੈ। ਹਾਂ, 'ਮਨ ਕੀ ਬਾਤ' ਦਾ ਅਸਰ ਹੋਇਆ ਹੈ। ਛੱਤੀਸਗੜ੍ਹ ਦੇ ਮੁੱਖ ਮੰਤਰੀ ਨੇ ਵੀ 'ਮਨ ਕੀ ਬਾਤ' ਵਰਗਾ ਪ੍ਰੋਗਰਾਮ ਸ਼ੁਰੂ ਕੀਤਾ ਤੇ ਵਿਰੋਧੀ ਧਿਰ ਦੇ ਨੇਤਾਵਾਂ ਵਿਚੋਂ ਕਾਂਗਰਸ ਦੇ ਸੰਦੀਪ ਦਿਕਸ਼ਿਤ ਨੇ ਵੀ 'ਮਨ ਕੀ ਬਾਤ' ਦੇ ਮੁਕਾਬਲੇ 'ਕਾਮ ਕੀ ਬਾਤ' ਸ਼ੁਰੂ ਕੀਤਾ। ਪਰ ਵੀਡੀਓ ਪ੍ਰੋਗਰਾਮ ਹੈ, ਜਿਸ ਨੂੰ ਬਹੁਤ ਘੱਟ ਲੋਕ ਵੇਖਦੇ ਹਨ। ਲੋਕ ਕਿਉਂ ਨਹੀਂ ਵੇਖਦੇ ਹਨ, ਇਸ ਨੂੰ ਤੁਸੀਂ ਵੀ ਵੇਖ ਲਓ।

ਸਰਕਾਰੋਤਸਵ ਮੌਕੇ ਰੇਡੀਓ 'ਤੇ ਰਿਸਰਚ ਕਰਨ ਦਾ ਮੌਕਾ ਮਿਲਿਆ। ਇਸ ਸਰਵੇਖਣ ਵਿਚ ਸਰਕਾਰ ਲਈ ਕਾਫ਼ੀ ਚੰਗੀ ਖ਼ਬਰ ਹੈ। ਜ਼ਿਆਦਾਤਰ ਲੋਕ ਸੰਤੁਸ਼ਟ ਹਨ। ਖੁਸ਼ ਹਨ। ਇਸ ਸਰਵੇਖਣ ਨੂੰ ਲੈ ਕੇ ਵੀ ਕੁਝ ਮਸਤੀ ਕੀਤੀ ਜਾ ਸਕਦੀ ਹੈ। 'ਦੈਨਿਕ ਭਾਸਕਰ' ਦਾ ਸਰਵੇਖਣ ਕਹਿੰਦਾ ਹੈ ਕਿ 52 ਫੀਸਦੀ ਲੋਕ ਨੋਟਬੰਦੀ ਤੋਂ ਨਾਰਾਜ਼ ਹਨ, 83 ਫੀਸਦੀ ਲੋਕ ਸਰਜੀਕਲ ਸਟਰਾਈਕ ਤੋਂ ਖੁਸ਼ ਹਨ। 'ਟਾਈਮਜ਼ ਆਫ਼ ਇੰਡੀਆ' ਦੇ ਸਰਵੇਖਣ ਵਿਚ 11 ਫ਼ੀਸਦੀ ਲੋਕਾਂ ਨੇ ਸਰਜੀਕਲ ਸਟਰਾਈਕ ਨੂੰ ਮਹੱਤਵਪੂਰਨ ਫੈਸਲਾ ਮੰਨਿਆ ਹੈ, 48 ਫੀਸਦੀ ਲੋਕਾਂ ਨੇ ਨੋਟਬੰਦੀ ਦੇ ਫ਼ੈਸਲੇ ਨੂੰ ਮਹੱਤਵਪੂਰਨ ਮੰਨਿਆ ਹੈ।

ਹੁਣ ਹਿੰਦੀ ਅਤੇ ਅੰਗਰੇਜ਼ੀ ਅਖ਼ਬਾਰਾਂ ਦੇ ਸਰਵੇਖਣਾਂ ਵਿਚ ਕਿੰਨਾ ਅੰਤਰ ਹੈ। ਹਿੰਦੀ ਦੀ ਜਨਤਾ 83 ਫੀਸਦੀ ਸਰਜੀਕਲ ਸਟਰਾਈਕ ਤੋਂ ਖੁਸ਼ ਹੈ। ਅੰਗਰੇਜ਼ੀ ਦੀ ਜਨਤਾ ਸਰਜੀਕਲ ਸਟਰਾਈਕ ਤੋਂ ਜ਼ਿਆਦਾ ਨੋਟਬੰਦੀ ਨੂੰ ਮਹੱਤਵਪੂਰਨ ਫੈਸਲਾ ਮੰਨਦੀ ਹੈ। ਬੀਬੀਸੀ ਦੇ ਸਰਵੇਖਣ ਵਿਚ 83 ਫ਼ੀਸਦੀ ਜਨਤਾ ਸਰਜੀਕਲ ਸਟਰਾਈਕ ਤੋਂ ਨਹੀਂ, ਫੇਕ ਨਿਊਜ਼ ਤੋਂ ਪ੍ਰੇਸ਼ਾਨ ਹੈ। ਇਹ ਕੌਣ ਲੋਕ ਹਨ ਜੋ ਸਰਵੇਖਣ ਵਿਚ ਸ਼ਾਮਲ ਹੁੰਦੇ ਹਨ?

ਜੋ ਵੀ ਹੋਵੇ, ਸਰਕਾਰ ਨੇ ਆਪਣੇ ਤਮਾਮ ਦਾਅਵਿਆਂ ਨਾਲ ਮੀਡੀਆ ਵਿਚ ਚੱਲ ਰਹੀ ਭੀੜ ਦੀ ਮਾਰ ਕੁੱਟ, ਸਹਾਰਨਪੁਰ ਦੀ ਹਿੰਸਾ ਵਰਗੀਆਂ ਖ਼ਬਰਾਂ ਨੂੰ ਪਿੱਛੇ ਕਰ ਦਿੱਤਾ ਹੈ। ਪੂਰੀ ਮਜ਼ਬੂਤੀ ਨਾਲ ਕਾਮਯਾਬੀ ਦੇ ਅੰਕੜੇ ਬਿਆਨਾਂ ਅਤੇ ਇਸ਼ਤਿਹਾਰਾਂ ਰਾਹੀਂ ਪਹੁੰਚਾਏ ਜਾ ਰਹੇ ਹਨ। ਦੱਸਣ ਵਿਚ ਇਸ ਸਰਕਾਰ ਦਾ ਸਹੀ ਵਿਚ ਕੋਈ ਮੁਕਾਬਲਾ ਨਹੀਂ ਹੈ। ਦੱਸਣ ਵਿਚ ਵੀ ਅਤੇ ਫੜ੍ਹਾਂ ਮਾਰਨ ਵਿਚ ਵੀ। ਪਰ ਭਾਰਤ ਦੀ ਆਮ ਜਨਤਾ ਵੱਖ ਵੱਖ ਤਰ੍ਹਾਂ ਦੇ ਵਿਚਾਰਾਂ ਦੀ ਉਸਾਰੀ ਕਰ ਰਹੀ ਹੁੰਦੀ ਹੈ।

ਇਕ ਵੀਡੀਓ ਸਾਹਮਣੇ ਆਇਆ ਜਿਸ ਵਿਚ ਅਲਵਰ ਵਿਚ ਸਿੱਖ ਭਾਈਚਾਰੇ ਦੇ ਕੁਝ ਲੋਕਾਂ ਨਾਲ ਕੁੱਟ-ਮਾਰ ਹੋ ਰਹੀ ਹੈ। ਇਹ ਵੀਡੀਓ ਜਦੋਂ ਵਾਇਰਲ ਹੋਇਆ ਤਾਂ ਰਾਜਸਥਾਨ ਦਾ ਘੱਟਗਿਣਤੀ ਕਮਿਸ਼ਨ ਹਰਕਤ ਵਿਚ ਆ ਗਿਆ। ਸਿੱਖ ਭਰਾਵਾਂ ਦਾ ਕਹਿਣਾ ਹੈ ਕਿ ਉਹ ਸੇਵਾਦਾਰ ਹਨ ਅਤੇ ਲੰਗਰ ਲਈ ਅਨਾਜ ਇਕੱਠਾ ਕਰਨ ਨਿਕਲੇ ਸਨ। ਲੋਕਾਂ ਤੋਂ ਮਦਦ ਮੰਗੀ, ਪਰ ਕੋਈ ਬਚਾਉਣ ਨਹੀਂ ਆਇਆ। ਪੁਲੀਸ ਨੇ ਇਸ ਮਾਮਲੇ ਵਿਚ ਸੇਵਾਦਾਰਾਂ 'ਤੇ ਵੀ ਸ਼ਾਂਤੀ ਭੰਗ ਕਰਨ ਦਾ ਇਲਜ਼ਾਮ ਲਗਾ ਦਿੱਤਾ। ਭੀੜ ਪਤਾ ਨਹੀਂ ਕਿਵੇਂ ਬਣ ਜਾਂਦੀ ਹੈ ਜਿਸ ਦੇ ਸ਼ਿਕਾਰ ਹਿੰਦੂ, ਮੁਸਲਮਾਨ ਵੀ ਹੋ ਜਾਂਦੇ ਹਨ ਤੇ ਸਿੱਖ ਵੀ ਹੋ ਗਏ। ਇਸ ਲਈ ਸਮੱਸਿਆ ਉਸ ਭੀੜ ਵਿਚ ਹੈ, ਸ਼ਾਇਦ ਇਸ ਵਿਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਦੀ ਬੇਚੈਨੀ ਨੂੰ ਅਸੀਂ ਠੀਕ ਤਰ੍ਹਾਂ ਸਮਝ ਨਹੀਂ ਸਕੇ ਹਨ। ਇਹ ਵੀਡੀਓ ਵੇਖ ਕੇ ਇਹ ਨਾ ਸਮਝ ਲੈਣਾ ਕਿ ਜਨਤਾ ਸਿੱਖਾਂ ਖਿਲਾਫ ਹੋ ਗਈ ਹੈ। ਇਸ ਤਰ੍ਹਾਂ ਦੀ ਬਹਿਸ ਤਾਂ ਟੀਵੀ 'ਤੇ ਵੀ ਨਹੀਂ ਹੋਈ। 'ਟਾਈਮਸ ਆਫ਼ ਇੰਡੀਆ' ਦੀ ਖ਼ਬਰ ਸਾਨੂੰ ਵੱਖਰਾ ਨਜ਼ਰੀਆ ਦਿੰਦੀ ਹੈ।

ਅਜੇ ਦੀ ਖ਼ਬਰ ਅਨੁਸਾਰ ਹਰਿਆਣਾ ਦੇ ਨੌਜਵਾਨ ਫੌਜ ਵਿਚ ਨੌਕਰੀ ਲੈਣ ਲਈ ਨਕਲੀ ਸਿੱਖ ਬਣ ਰਹੇ ਹਨ। ਇਹ ਕਮਾਲ 51 ਨੌਜਵਾਨਾਂ ਨੇ ਕੀਤਾ ਹੈ। ਨੌਜਵਾਨਾਂ ਨੇ ਆਪਣੇ ਆਪ ਨੂੰ ਜੱਟ ਸਿੱਖ ਦੱਸਣ ਦੀ ਕੋਸ਼ਿਸ਼ ਕੀਤੀ ਤਾਂ ਕਿ ਫੌਜ ਦੀ ਸਿੱਖ ਰੈਜੀਮੈਂਟ 'ਚ ਭਰਤੀ ਹੋ ਸਕਣ। ਬਾਅਦ ਵਿਚ ਪਤਾ ਚੱਲਿਆ ਕਿ ਉਹ ਸਿੱਖ ਨਹੀਂ।

ਇਹ ਖ਼ਬਰ ਕਾਫ਼ੀ ਕੁਝ ਕਹਿੰਦੀ ਹੈ। ਰੁਜ਼ਗਾਰ ਮਹੱਤਵਪੂਰਨ ਹੈ, ਮਜ਼ਬ ਨਹੀਂ। ਰੁਜ਼ਗਾਰ ਲਈ ਜਦੋਂ ਅਸੀਂ ਪਿੰਡ ਸ਼ਹਿਰ ਅਤੇ ਦੇਸ਼ ਛੱਡ ਸਕਦੇ ਹਾਂ ਤਾਂ ਮਜ਼ਬ ਨੂੰ ਲੈ ਕੇ ਕੀ ਕਿਹਾ ਜਾ ਸਕਦਾ ਹੈ। ਇਸ ਦੌਰਾਨ ਸਰਕਾਰ ਨੇ ਆਪਣੀ ਪ੍ਰਾਪਤੀਆਂ ਆਪ ਤਾਂ ਗਿਣਾਈਆਂ ਹੀ ਹਨ, ਮੀਡੀਆ ਵੀ ਸਰਕਾਰ ਦੀ ਕਾਮਯਾਬੀ ਤੋਂ ਕਾਫ਼ੀ ਪ੍ਰਭਾਵਤ ਲੱਗਦਾ ਹੈ। ਸਾਕਾਲ ਅਖ਼ਬਾਰ ਨੇ ਪ੍ਰਧਾਨ ਮੰਤਰੀ ਨੂੰ 5 ਵਿਚੋਂ ਸਾਢੇ ਤਿੰਨ ਅੰਕ ਦਿੱਤੇ ਹਨ ਪਰ ਸੁੰਡ ਨਾਲ ਚੜ੍ਹਦੇ ਹੋਏ ਹਾਥੀ ਦੇ ਮੱਥੇ 'ਤੇ ਪੈਰ ਰੱਖ ਦੇਣ ਦੀ ਮੁਦਰਾ ਦੱਸਦੀ

ਬਾਕੀ ਸਫ਼ਾ 30 'ਤੇ

# ਕੀ ਹੈ ਮੇਕ ਇਨ ਇੰਡੀਆ ਦਾ ਹਾਲ ?




**ਫ਼ੈਸਲ ਮੁਹੰਮਦ ਅਲੀ**

ਵੰਦੇ ਮਾਤਰਮ ਦਾ ਗੀਤ, ਉਸ 'ਤੇ ਚੱਲਦਾ ਹੋਇਆ 'ਮੇਕ ਇਨ ਇੰਡੀਆ' ਦਾ ਸ਼ੇਰ, ਹਾਲ 'ਚ ਬੈਠੇ ਮਹਿਮਾਨ ਅਤੇ ਨਰਿੰਦਰ ਮੋਦੀ ਦਾ ਭਾਸ਼ਣ।

ਪ੍ਰਧਾਨ ਮੰਤਰੀ ਨੇ ਕਿਹਾ, "ਅਸੀਂ ਮੇਕ ਇਨ ਇੰਡੀਆ ਮੁਹਿੰਮ ਦੀ ਸ਼ੁਰੂਆਤ ਨੌਜਵਾਨਾਂ ਲਈ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਉਪਲੱਬਧ ਕਰਵਾਉਣ ਲਈ ਕੀਤੀ ਹੈ। ਅਸੀਂ ਭਾਰਤ ਨੂੰ ਮੈਨੂਫੈਕਚਰਿੰਗ ਹੱਬ ਬਣਾਉਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਾਂ।"

'ਮੇਕ ਇਨ ਇੰਡੀਆ' ਦਾ ਉਦੇਸ਼ ਭਾਰਤ 'ਚ ਉਦਯੋਗਿਕ ਉਤਪਾਦਨ ਨੂੰ ਵਧਾਉਣ ਹੈ, ਪਰ ਅੰਕੜੇ ਦੱਸਦੇ ਹਨ ਕਿ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਮਈ 2014 'ਚ ਉਦਯੋਗਿਕ ਉਤਪਾਦਨ 'ਚ ਵਾਧਾ ਦਰ 4.6 ਫ਼ੀਸਦੀ ਸੀ, ਜੋ ਮਈ 2017 'ਚ ਡਿੱਗ ਕੇ 2.7 ਫ਼ੀਸਦੀ ਰਹਿ ਗਈ ਹੈ।

ਟਿਕਾਊ ਵਸਤਾਂ ਦੇ ਉਤਪਾਦਨ 'ਚ ਸਭ ਤੋਂ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਇਹ ਅੰਕੜਾ 2014 ਦੇ 11.1 ਫ਼ੀਸਦੀ ਦੇ ਮੁਕਾਬਲੇ ਡਿੱਗ ਕੇ 0.8 ਫ਼ੀਸਦੀ 'ਤੇ ਆ ਗਿਆ ਹੈ। ਪਰ ਪ੍ਰਤੱਖ ਵਿਦੇਸ਼ੀ ਪੂੰਜੀ ਨਿਵੇਸ਼ ਦੇ ਮਾਮਲੇ 'ਚ ਮੋਦੀ ਸਰਕਾਰ ਦਾ ਪ੍ਰਦਰਸ਼ਨ ਮਨਮੋਹਨ ਸਰਕਾਰ ਤੋਂ ਵਧੀਆ ਰਿਹਾ ਹੈ। 2011-12 'ਚ 117 ਅਰਬ ਡਾਲਰ ਦਾ ਪੂੰਜੀ ਨਿਵੇਸ਼ ਹੋਇਆ ਸੀ, ਜਦਕਿ 2014-16 'ਚ ਇਹ ਅੰਕੜਾ ਵੱਧ ਕੇ 149 ਅਰਬ ਡਾਲਰ ਹੋ ਗਿਆ ਹੈ।

ਕਿੰਨਾ ਸਫਲ ਰਿਹਾ ਹੈ ਭਾਰਤ ਨੂੰ ਇਕ ਅਜਿਹੇ ਕੇਂਦਰ ਵਜੋਂ ਸਥਾਪਤ ਕਰਨ ਦਾ ਸੁਪਨਾ, ਜਿੱਥੇ ਕੰਪਨੀਆਂ ਮਾਲ ਤਿਆਰ ਕਰਨ ਅਤੇ ਉਹ ਭਾਰਤ ਤੋਂ ਦੂਜੇ ਦੇਸ਼ਾਂ ਨੂੰ ਸਪਲਾਈ ਕਰਨ। ਅਰਥਸ਼ਾਸਤਰੀ ਸੁਜਾਨ ਹਾਜਰਾ ਕਹਿੰਦੇ ਹਨ, "ਇਸ ਮਾਮਲੇ ਨੂੰ ਦੋ ਪੱਧਰ 'ਤੇ ਵੇਖਣਾ ਹੋਵੇਗਾ - ਇਹ ਸਮਝਣਾ ਹੋਵੇਗਾ ਕਿ ਕੀ ਇਹ ਸਿਰਫ਼ ਇਕ ਮਕਸਦ ਹੈ ਅਤੇ ਇਸ ਲਈ ਕਿੰਨਾ ਕੰਮ ਹੋਇਆ। ਦੂਜਾ ਇਸ ਲਈ ਜ਼ਮੀਨੀ ਪੱਧਰ 'ਤੇ ਕਿੰਨਾ ਕੰਮ ਹੋਇਆ ਹੈ।" ਹਾਜਰਾ ਮੰਨਦੇ ਹਨ ਕਿ ਨਿਰਮਾਣ ਖੇਤਰ ਜਾਂ ਉਤਪਾਦਨ ਸੈਕਟਰ 'ਚ ਵਾਧਾ ਨਹੀਂ ਹੋਇਆ ਹੈ ਅਤੇ ਇਸ ਦੇ ਦੋ ਕਾਰਨ ਹਨ - ਬਾਹਰੀ ਅਤੇ ਅੰਦਰੂਨੀ।

ਹਾਜਰਾ ਕਹਿੰਦੇ ਹਨ ਕਿ ਹਾਲਾਂਕਿ ਕੇਂਦਰ ਸਰਕਾਰ ਨੇ ਪਾਲਸੀ ਦੇ ਪੱਧਰ 'ਚ ਸੁਧਾਰ ਲਈ ਕੁੱਝ ਕਦਮ ਚੁੱਕੇ ਹਨ। ਉਦਯੋਗ ਨੂੰ ਸੂਬਿਆਂ 'ਚ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਕੁੱਝ ਸੂਬੇ ਜਿਵੇਂ ਪੰਜਾਬ ਨੇ ਸਖਤ ਕਦਮ ਚੁੱਕਿਆ ਹੈ ਅਤੇ ਇਜ ਆਫ਼ ਡੂਇੰਗ ਬਿਜ਼ਨੈਸ ਇੰਡੈਕਸ 'ਚ ਸ਼ਹਿਰਾਂ ਦੀ ਰੈਂਕਿੰਗ 'ਚ ਲੁਧਿਆਣਾ ਕਈ ਸਥਾਨ ਉੱਪਰ ਚਲਿਆ ਗਿਆ ਹੈ।

ਕੇਅਰ ਰੇਟਿੰਗ ਦੇ ਮੁੱਖ ਅਰਥ ਸ਼ਾਸਤਰੀ ਮਦਨ ਸਬਨਵੀਸ ਕਹਿੰਦੇ ਹਨ, "ਮੇਕ ਇਨ ਇੰਡੀਆ ਇਕ ਯੋਜਨਾ ਹੈ, ਜਿਸ ਦੀ ਰਫ਼ਤਾਰ ਬਣੀ ਹੋਈ ਹੈ।" ਸਬਨਵੀਸ ਦਾ ਮੰਨਣਾ ਹੈ ਕਿ ਪਿਛਲੇ ਤਿੰਨ ਸਾਲਾਂ 'ਚ ਨਿਵੇਸ਼ ਦੀ ਰਫ਼ਤਾਰ ਘੱਟ ਹੋਈ ਹੈ।

### ਬਾਹਰੀ ਕਾਰਨ :

* ਨਿਰਮਾਣ ਖੇਤਰ 'ਚ ਭਰਮਾਰ।
* ਪ੍ਰੋਟੈਕਸ਼ਨਿਜ਼ਮ ਦੁਨੀਆ 'ਚ ਜ਼ੋਰਾਂ 'ਤੇ ਹੈ, ਜਿਸ ਕਾਰਨ ਪ੍ਰੋਡਕਟਸ ਨੂੰ ਬਾਜ਼ਾਰ ਨਹੀਂ ਮਿਲ ਰਿਹਾ।
* 2007-08 'ਚ ਆਈ ਵਿਸ਼ਵ ਆਰਥਿਕ ਮੰਦੀ ਦਾ ਅਸਰ ਬਾਕੀ

### ਅੰਦਰੂਨੀ ਕਾਰਨ :

* ਕਾਰੋਬਾਰੀਆਂ ਨੂੰ ਬੈਂਕਾਂ ਤੋਂ ਕਰਜ਼ਾ ਮਿਲਣਾ ਮੁਸ਼ਕਲ
* ਭਾਰਤ 'ਚ ਛੋਟੇ ਕਾਰਖਾਨੇ ਲਗਾਉਣਾ ਵੀ ਮੁਸ਼ਕਲ ਹੈ। ਭਾਰਤ ਨਵਾਂ ਕਾਰੋਬਾਰ ਸ਼ੁਰੂ ਕਰਨ ਵਾਲਿਆਂ ਲਈ ਕਿੰਨਾ ਸੁਵਿਧਾਜਨਕ ਹੈ, ਇਸ ਦਾ ਪਤਾ ਵਰਲਡ ਬੈਂਕ ਦੇ 'ਇਜ ਆਫ਼ ਡੂਇੰਗ ਬਿਜ਼ਨੈਸ ਸਰਵੇ' ਤੋਂ ਲੱਗਦਾ ਹੈ, ਜਿਸ 'ਚ ਭਾਰਤ ਦੁਨੀਆ 'ਚ 130ਵੇਂ ਨੰਬਰ 'ਤੇ ਹੈ।

### ਮੁੱਖ ਕਾਰਨ :

* ਬੈਂਕਾਂ ਤੋਂ ਕਰਜ਼ਾ ਮਿਲਣਾ ਮੁਸ਼ਕਲ ਹੋ ਗਿਆ ਹੈ। ਖਾਸ ਤੌਰ 'ਤੇ ਸਰਕਾਰੀ ਬੈਂਕਾਂ ਤੋਂ।
* ਆਮਦਨ ਨਹੀਂ ਵਧੀ ਹੈ, ਪਰ ਮਹਿੰਗਾਈ ਤੇਜ਼ੀ ਨਾਲ ਉੱਪਰ ਗਈ ਹੈ।
* ਮਹਿੰਗਾਈ ਕਾਰਨ ਗਾਹਕ ਪੈਸੇ ਨਹੀਂ ਖਰਚ ਕਰ ਰਹੇ। ਇਸ ਲਈ ਮੰਗ ਘੱਟ ਹੈ।
* ਉਦਯੋਗ ਖੇਤਰ 'ਚ ਸਮਰੱਥਾ ਦਾ ਸਿਰਫ 70 ਫ਼ੀਸਦੀ ਵਰਤਿਆ ਗਿਆ, ਜਦਕਿ ਇਹ ਘੱਟੋ-ਘੱਟ 85 ਫ਼ੀਸਦੀ ਤੱਕ ਹੋਣਾ ਚਾਹੀਦਾ ਹੈ।

ਸਬਨਵੀਸ ਕਹਿੰਦੇ ਹਨ ਕਿ ਜਦੋਂ ਪਹਿਲਾਂ ਤੋਂ ਹੀ ਮੌਜੂਦ ਇੰਡਸਟਰੀ ਦੀ ਸਮਰੱਥਾ ਦੀ ਪੂਰੀ ਤਰ੍ਹਾਂ ਵਰਤੋਂ ਨਹੀਂ ਹੁੰਦੀ ਤਾਂ ਉਦਮੀ ਲਈ ਨਵਾਂ ਉਦਯੋਗ ਲਗਾਉਣਾ ਫ਼ਾਇਦੇ ਦਾ ਸੌਦਾ ਨਹੀਂ ਹੈ।

ਮਹਿੰਗਾਈ ਨਾਲ ਮੰਗ ਕਿਵੇਂ ਪ੍ਰਭਾਵਤ ਹੋਵੇਗੀ, ਇਸ ਬਾਰੇ ਜਾਣਕਾਰੀ ਦਿੰਦਿਆਂ ਸਬਨਵੀਸ ਕਹਿੰਦੇ ਹਨ, "ਜਦੋਂ ਖਾਣ-ਪੀਣ ਦੀਆਂ ਚੀਜ਼ਾਂ 'ਤੇ ਜ਼ਿਆਦਾ ਖਰਚਾ ਆਉਣ ਲੱਗੇਗਾ, ਤਾਂ ਜ਼ਾਹਿਰ ਹੈ ਕੋਈ ਵੀ ਵਿਅਕਤੀ ਕਿਸੇ ਦੂਜੀ ਤਰ੍ਹਾਂ ਦੀ ਖਰੀਦਦਾਰੀ ਜਿਵੇਂ ਕੰਜ਼ਿਊਮਰ ਗੁੱਡਸ (ਜਿਵੇਂ ਟੀ.ਵੀ., ਫਰਿੱਜ) 'ਤੇ ਖਰਚਾ ਘੱਟ ਕਰਨ ਲੱਗਦਾ ਹੈ।"

ਬਜਟ ਘਾਟੇ ਨੂੰ ਘੱਟ ਕਰਨ ਲਈ ਸਰਕਾਰ ਬੁਨਿਆਦੀ ਢਾਂਚੇ 'ਤੇ ਖਰਚ ਕਰਨ 'ਚ ਕਟੌਤੀ ਕਰ ਰਹੀ ਹੈ, ਜਿਸ ਕਾਰਨ ਬੁਨਿਆਦੀ ਢਾਂਚੇ ਦੇ ਖੇਤਰ 'ਚ ਮੰਗ ਦੀ ਕਮੀ ਹੈ।

**ਨੋਟਬੰਦੀ ਨੇ ਮੰਗ 'ਤੇ ਪਾਇਆ ਅਸਰ :**
ਵਿੱਤ ਮੰਤਰੀ ਦੇ ਸਾਬਕਾ ਆਰਥਿਕ ਸਲਾਹਕਾਰ ਅਤੇ ਪ੍ਰਸਿੱਧ ਅਰਥਸ਼ਾਸਤਰੀ ਮੋਹਨ ਗੁਰੂਸਵਾਮੀ ਕਹਿੰਦੇ ਹਨ ਕਿ 'ਮੇਕ ਇਨ ਇੰਡੀਆ' ਮੋਦੀ ਸਰਕਾਰ ਦੇ ਬਾਕੀ ਪ੍ਰੋਜੈਕਟਾਂ ਵਾਂਗ ਹੈ - ਜਿਸ 'ਚ ਸਾਰਾ ਧਿਆਨ ਵਧਾ-ਚੜ੍ਹਾ ਕੇ ਬੋਲਣ 'ਤੇ ਹੈ। ਗੁਰੂਸਵਾਮੀ ਕਹਿੰਦੇ ਹਨ, "ਹੋ ਸਕਦਾ ਹੈ ਕਿ ਮੇਕ ਇਨ ਇੰਡੀਆ ਨੇ ਛੋਟੇ-ਮੋਟੇ ਪੱਧਰ 'ਤੇ ਕੰਮ ਕੀਤਾ ਹੈ, ਪਰ ਇਸ ਦਾ ਕੋਈ ਵੱਡਾ ਅਸਰ ਨਹੀਂ ਹੋਇਆ ਹੈ।" ਉਹ ਕਹਿੰਦੇ ਹਨ ਕਿ ਮੋਦੀ ਸਰਕਾਰ ਖ਼ੁਦ ਹੀ ਇਸ ਯੋਜਨਾ ਨੂੰ ਲੈ ਕੇ ਗੰਭੀਰ ਨਹੀਂ। ਇਸ ਲਈ ਉਹ 36 ਰਫਾਲ ਲੜਾਕੂ ਜਹਾਜ਼ਾਂ ਦੇ ਫਰਾਂਸ ਨਾਲ ਹੋਏ ਸੌਦੇ ਦਾ ਹਵਾਲਾ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਸਰਕਾਰ ਨੇ ਸੌਦੇ 'ਚ ਕੰਪਨੀ ਦੇ ਕੁੱਝ ਕੰਮ ਨੂੰ ਭਾਰਤ 'ਚ ਲਿਆਉਣ ਦੀ ਸ਼ਰਤ ਕਿਉਂ ਨਹੀਂ ਰੱਖੀ, ਜਿਵੇਂ ਕਿ ਪਹਿਲਾਂ ਦੇ ਸੌਦਿਆਂ 'ਚ ਹੁੰਦਾ ਰਿਹਾ ਸੀ ?

### ਨੋਟਬੰਦੀ ਦਾ ਅਰਥਵਿਵਸਥਾ 'ਤੇ ਅਸਰ :

ਉਹ ਕਹਿੰਦੇ ਹਨ, "ਹੋ ਸਕਦਾ ਹੈ ਕਿ ਨੋਟਬੰਦੀ ਰਾਜਨੀਤਕ ਤੌਰ 'ਤੇ ਫਾਇਦੇਮੰਦ ਰਹੀ ਹੋਵੇ, ਪਰ ਦੁਨੀਆ 'ਚ ਗਲਤ ਸੰਦੇਸ਼ ਗਿਆ ਹੈ ਕਿ ਅਚਾਨਕ ਸਿਸਟਮ ਤੋਂ 85 ਫ਼ੀਸਦੀ ਕਰੰਸੀ ਨੂੰ ਬਾਹਰ ਬਿਨਾਂ ਕਿਸੇ ਤਿਆਰੀ ਦੇ ਕਰ ਦਿੱਤਾ ਗਿਆ।" ਸ਼ਕਤੀ ਦੇ ਕੇਂਦਰੀਕਰਨ ਨੂੰ ਉਹ ਮੋਦੀ ਦੀ ਵੱਡੀ ਕਮੀ ਮੰਨਦੇ ਹਨ, ਜਿਸ ਕਾਰਨ ਫੈਸਲਿਆਂ 'ਚ ਦੇਰੀ ਹੁੰਦੀ ਹੈ। ਮੋਹਨਗੁਰੂ ਸਵਾਮੀ ਦਾ ਕਹਿਣਾ ਹੈ ਕਿ ਪੂਰੀ ਤਰ੍ਹਾਂ ਤੋਂ ਸਮਰੱਥ ਵਰਕਰਾਂ ਦੀ ਭਾਰੀ ਕਮੀ ਵੀ ਉਦਯੋਗਾਂ ਦੇ ਇੱਥੇ ਨਾ ਆਉਣ ਦਾ ਕਾਰਨ ਹੋ ਸਕਦੀ ਹੈ।

### ਕਈ ਥਾਵਾਂ 'ਤੇ ਸੁਧਾਰ :

*ਕੁਦਰਤੀ ਸਾਧਨਾਂ ਦੀ ਵੰਡ ਉਦਯੋਗਾਂ ਲਈ ਆਸਾਨ
* ਸਰਕਾਰ ਨੇ ਕਈ ਫਸੇ ਹੋਏ ਪ੍ਰੋਜੈਕਟ ਜਿਵੇਂ ਥ੍ਰੀ-ਜੀ ਨੂੰ ਫਿਰ ਤੋਂ ਦਿਸ਼ਾ ਦਿੱਤੀ ਹੈ।
* ਬਿਜਲੀ ਮਿਲਣਾ ਪਹਿਲਾਂ ਦੇ ਮੁਕਾਬਲੇ ਕਾਫੀ ਆਸਾਨ
* ਸੂਬਿਆਂ 'ਚ ਪਾਲਸੀ ਸੁਧਾਰ ਦੀ ਕੋਸ਼ਿਸ਼ ਅਤੇ ਨਿਵੇਸ਼ ਨੂੰ ਹੁੰਗਾਰਾ ਦੇਣ ਦੀ ਕੋਸ਼ਿਸ਼

ਸਾਈਬਰ ਸਕਿਊਰਿਟੀ ਦੇ ਖੇਤਰ 'ਚ ਕੰਮ ਕਰਨ ਵਾਲੀ ਕੰਪਨੀ ਡੀਪ ਆਈਡੈਂਟਿਟੀ ਦੇ ਮੁਖੀ ਬੈਨਿਡਿਲਸ ਨਡਾਰ ਕਹਿੰਦੇ ਹਨ ਕਿ ਉਨ੍ਹਾਂ ਦੀ ਕੰਪਨੀ ਪਹਿਲਾਂ ਸਿੰਗਾਪੁਰ 'ਚ ਕੰਮ ਕਰਦੀ ਸੀ ਅਤੇ ਆਪਣੇ ਪ੍ਰੋਡਕਟ ਇੱਥੇ ਬੇਚਦੀ ਸੀ, ਪਰ ਦੋ ਸਾਲ ਪਹਿਲਾਂ ਉਨ੍ਹਾਂ ਨੇ ਚੇਨਈ 'ਚ ਆਪਣਾ ਕੇਂਦਰ ਸ਼ੁਰੂ ਕੀਤਾ ਹੈ, ਜਿਸ 'ਚ ਲਗਭਗ 200 ਤੋਂ 250 ਲੋਕ ਕੰਮ ਕਰਦੇ ਹਨ। ਨਡਾਰ ਕਹਿੰਦੇ ਹਨ, "ਟੈਕਸ ਅਤੇ ਕਰੰਸੀ ਕਨਵਰਜ਼ਨ ਨਾਲ ਮਿਲ ਰਹੇ ਫਾਇਦੇ ਕਾਰਨ ਸਾਡੇ ਪ੍ਰੋਡਕਟਾਂ ਦੀ ਕੀਮਤ 'ਚ 20 ਤੋਂ 30 ਫ਼ੀਸਦੀ ਦੀ ਕਮੀ ਆਈ ਹੈ। ਨਡਾਰ ਦੀ ਕੰਪਨੀ ਸਾਈਬਰ ਸਕਿਊਰਿਟੀ ਦੇ ਪੋਡਕਟਸ ਬਾਹਰ ਸਪਲਾਈ ਕਰਨ ਦੇ ਨਾਲ-ਨਾਲ ਹੁਣ ਭਾਰਤ 'ਚ ਵੀ ਵੇਚ ਰਹੀ ਹੈ।

# ਮੋਦੀ ਨੂੰ ਵਿਦੇਸ਼ ਨੀਤੀ ਸੋਧਣ ਦੀ ਲੋੜ

**ਪਾਕਿਸਤਾਨ ਨਾਲ ਸ਼ੁਰੂਆਤ ਚੰਗੀ ਕਰਦਿਆਂ ਆਪਣੀ ਸਰਕਾਰ ਦੇ ਹਲਫ਼ਦਾਰੀ ਸਮਾਗਮ ਮੌਕੇ ਸਾਰੇ ਸਾਰਕ ਦੇਸ਼ਾਂ ਦੇ ਆਗੂ ਬੁਲਾਏ ਗਏ, ਪਰ ਅਚਾਨਕ ਇਹ ਸਾਰਾ ਕੁਝ ਟਕਰਾਅ ਵਿੱਚ ਬਦਲ ਗਿਆ। ਮੋਦੀ ਦੀ ਚੀਨ ਦੇ ਰਾਸ਼ਟਰੀ ਸ਼ੀ ਚਿਨਪਿੰਗ ਨਾਲ ਵਧਾਈ ਨੇੜਤਾ ਰੰਗ ਨਾ ਵਿਖਾ ਸਕੀ ਕਿਉਂਕਿ ਚੀਨ ਸਰਦਾਰੀ ਚਾਹੁੰਦਾ ਸੀ ਨਾ ਕਿ ਭਾਈਵਾਲੀ। ਮੋਦੀ ਨੇ ਰਵਾਇਤੀ ਰਣਨੀਤੀ ਦਾ ਸਹਾਰਾ ਇਹ ਸੋਚ ਕੇ ਲਿਆ ਤਾਂ ਜੋ ਅਮਰੀਕਾ ਪੱਕੇ ਤੌਰ 'ਤੇ ਭਾਰਤ ਦੀ ਚੀਨ ਦੇ ਉਭਾਰ ਦਾ ਮੁਕਾਬਲਾ ਕਰਨ ਵਿੱਚ ਮਦਦ ਕਰੇਗਾ, ਪਾਕਿਸਤਾਨ ਕਮਜ਼ੋਰ ਹੋ ਜਾਏਗਾ ਅਤੇ ਅਫ਼ਗਾਨਿਸਤਾਨ ਵਿਚੋਂ ਅਮਰੀਕਾ ਦੇ ਫ਼ੌਜ ਹਟਾਉਣ ਬਾਅਦ ਅਲੱਗ-ਥਲੱਗ ਪੈ ਜਾਏਗਾ।**

**ਕੇ.ਸੀ. ਸਿੰਘ**

ਮੋਦੀ ਸਰਕਾਰ ਦੇ ਸੱਤਾ ਵਿੱਚ ਤਿੰਨ ਸਾਲ ਮੁਕੰਮਲ ਹੋਣ ਮੌਕੇ ਇਸ ਦੀ ਕਾਰਗੁਜ਼ਾਰੀ ਉੱਪਰ ਟੈਲੀਵਿਜ਼ਨ ਚੈਨਲਾਂ ਅਤੇ ਅਖ਼ਬਾਰਾਂ ਦੇ ਕਾਲਮਾਂ ਵਿੱਚ ਭਰਵੀਂ ਚਰਚਾ ਕੀਤੀ ਜਾ ਰਹੀ ਹੈ। ਇਸ ਅਰਸੇ ਦੌਰਾਨ ਰਾਜਾਂ ਦੀਆਂ ਵਿਧਾਨ ਸਭਾ ਜਾਂ ਨਗਰ ਨਿਗਮ ਚੋਣਾਂ ਵਿੱਚ, ਖ਼ਾਸ ਕਰਕੇ ਉੱਤਰ ਪ੍ਰਦੇਸ਼ ਵਿੱਚ ਭਾਜਪਾ ਦੀ ਹੂੰਝਾ ਫੇਰੂ ਜਿੱਤ ਨੇ ਸਾਬਤ ਕਰ ਦਿੱਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੋਕ ਸਭਾ ਚੋਣਾਂ ਵਾਲੀ ਚੜ੍ਹਤ ਅਜੇ ਵੀ ਬਰਕਰਾਰ ਹੈ। ਜਮਹੂਰੀਅਤ ਦੇ ਵੈਸਟਮਿੰਸਟਰ ਮਾਡਲ ਦੀ ਇਹ ਵਿਲੱਖਣ ਕਮਜ਼ੋਰੀ ਹੈ ਕਿ ਚੋਣਾਂ ਜਿੱਤਣ ਵਾਲੇ ਜਿਨ੍ਹਾਂ ਪ੍ਰਧਾਨ ਮੰਤਰੀਆਂ ਦਾ ਆਪਣੀ ਪਾਰਟੀ ਉੱਤੇ ਗ਼ਲਬਾ ਹੁੰਦਾ ਹੈ, ਉਸ ਦੀਆਂ ਸ਼ਕਤੀਆਂ ਤੇ ਅਖ਼ਤਿਆਰ ਤਾਂ ਅਮਰੀਕਾ ਦੇ ਰਾਸ਼ਟਪਰਤੀ ਵਰਗੇ ਹੁੰਦੇ ਹਨ, ਪਰ ਇਨ੍ਹਾਂ ਸ਼ਕਤੀਆਂ ਤੇ ਅਧਿਕਾਰਾਂ ਉੱਤੇ ਅਮਰੀਕੀ ਕਾਂਗਰਸ ਤੇ ਸੁਪਰੀਮ ਕੋਰਟ ਵਾਲੀਆਂ ਰੋਕਾਂ ਤੇ ਬੰਦਸ਼ਾਂ ਨਹੀਂ ਹੁੰਦੀਆਂ। ਅਜਿਹੇ ਪ੍ਰਧਾਨ ਮੰਤਰੀਆਂ ਵਿੱਚ ਮਿਸਾਲ ਵਜੋਂ ਇੰਦਰਾ ਗਾਂਧੀ, ਮਾਰਗਰੇਟ ਥੈਚਰ, ਗੋਲਡ ਮਾਇਰ, ਪੀਅਰੀ ਟਰੂਡੋ ਦਾ ਨਾਂ ਲਿਆ ਜਾ ਸਕਦਾ ਹੈ।

ਭਾਰਤ ਨੂੰ ਸ਼ਕਤੀਸ਼ਾਲੀ ਪ੍ਰਧਾਨ ਮੰਤਰੀ ਦੀ ਲੋੜ ਸੀ ਅਤੇ ਉਹ ਮਿਲ ਗਿਆ। ਪਰ ਸੱਤਾ ਦੇ ਕੇਂਦਰੀਕਰਨ ਦੇ ਆਪਣੇ ਵੱਖਰੀ ਕਿਸਮ ਦੇ ਖ਼ਤਰੇ ਹੁੰਦੇ ਹਨ। ਸ਼ਾਸਨ ਦਾ ਏਜੰਡਾ ਪਿਛਲੇ ਤਿੰਨ ਸਾਲਾਂ ਦੌਰਾਨ ਬਗ਼ੈਰ ਬਹਿਸ, ਚੋਣ ਫਾਇਦਿਆਂ ਵਿੱਚ ਤਬਦੀਲ ਹੋ ਗਿਆ। ਦੂਜੇ ਪਾਸੇ ਵਿਦੇਸ਼ ਨੀਤੀ ਸੁਸਤ ਪੈ ਗਈ ਜਿਸ ਦੇ ਸਿੱਟੇ ਵਜੋਂ ਪਿਛਲੇ ਛੇ ਮਹੀਨਿਆਂ ਦੌਰਾਨ ਦੇਸ਼ ਦਾ ਬਾਹਰੀ ਵਾਤਾਵਰਨ ਤੇਜ਼ੀ ਨਾਲ ਤਬਦੀਲ ਹੋ ਗਿਆ। ਇਨ੍ਹਾਂ ਦੋਵਾਂ ਪੱਖਾਂ ਨੂੰ ਘੋਖਣ ਦੀ ਲੋੜ ਹੈ।

ਘਰੇਲੂ ਪੱਧਰ 'ਤੇ ਆਰਥਿਕ ਏਜੰਡਾ ਵਿਆਪਕ ਸੁਧਾਰਾਂ ਤੋਂ ਨੋਟਬੰਦੀ ਅਤੇ ਜੀਐੱਸਟੀ



ਵਰਗੇ ਪ੍ਰਸੰਗਾਂ ਵੱਲ ਕਰਵਟ ਲੈ ਗਿਆ। ਜੀਐੱਸਟੀ ਮਾਮਲੇ ਵਿੱਚ ਸਨਅਤਕਾਰਾਂ ਵੱਲੋਂ ਵੱਡੇ ਪੱਧਰ 'ਤੇ ਪ੍ਰਭਾਵ ਪਾ ਕੇ ਬਹੁਤੀਆਂ ਕਰ ਦਰਾਂ ਦੇ ਘੱਟ ਦਰਾਂ ਵਾਲੇ ਗਰੁੱਪਾਂ ਵਿੱਚ ਆਪਣੀਆਂ ਵਸਤਾਂ ਲਿਆਉਣ ਵਿਚ ਹਾਸਲ ਕੀਤੀ ਸਫ਼ਲਤਾ ਨਜ਼ਰ ਆ ਰਹੀ ਹੈ। ਇਨ੍ਹਾਂ ਨੂੰ ਅਮਲ ਵਿੱਚ ਲਿਆਉਣਾ ਪੂਰਬਲੇ ਅਨੁਮਾਨ ਨਾਲੋਂ ਵੱਧ ਮੁਸ਼ਕਲ ਹੋਏਗਾ। ਟੈਕਸ ਪ੍ਰਣਾਲੀ ਨੂੰ ਵਿਆਪਕ ਪੱਧਰ 'ਤੇ ਸੁਧਾਰਨ ਅਤੇ ਮਾਲੀਆ ਵਿਭਾਗ ਵਿੱਚ ਸੁਧਾਰ ਲਿਆਉਣ ਦੀ ਬਜਾਏ, ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਟੈਕਸ ਅਧਿਕਾਰੀਆਂ ਦੇ ਹੱਥ ਮਜ਼ਬੂਤ ਕੀਤੇ ਗਏ ਹਨ ਅਤੇ ਉਨ੍ਹਾਂ ਨੂੰ ਸਿਆਸੀ ਕਿੜਾਂ ਕੱਢਣ ਲਈ ਵਰਤਿਆ ਜਾ ਰਿਹਾ ਹੈ। ਕਰ ਵਸੂਲੀ ਅਤੇ ਵੱਧ ਮਾਲੀਆ ਹਾਸਲ ਕਰਨ ਲਈ ਸਰਕਾਰ ਵੱਲੋਂ ਤਕਨਾਲੋਜੀ ਅਧਾਰਿਤ ਪ੍ਰਣਾਲੀ ਨੂੰ ਜਬਰੀ ਲਾਗੂ ਕੀਤਾ ਜਾ ਰਿਹਾ ਹੈ।

'ਸਭਕਾ ਸਾਥ, ਸਭਕਾ ਵਿਕਾਸ' ਦੀ ਬਜਾਏ, ਭਾਜਪਾ ਦੀਆਂ ਸਰਕਾਰਾਂ ਵਾਲੇ ਰਾਜਾਂ ਵਿੱਚ ਘੱਟਗਿਣਤੀਆਂ 'ਤੇ ਹਮਲੇ ਅਤੇ ਆਪਹੁਦਰੇ ਸਮਰਥਕਾਂ ਦੀ ਹੁੱਲੜਬਾਜ਼ੀ ਪੂਰੀ ਤਰ੍ਹਾਂ ਛਾਈ ਹੋਈ ਹੈ। ਇਸ ਦੇ ਨਤੀਜੇ ਵਜੋਂ ਉੱਤਰ ਪ੍ਰਦੇਸ਼ ਵਿੱਚ ਇੱਕ ਹੋਰ ਨਵੀਂ ਦਲਿਤ ਜਥੇਬੰਦੀ 'ਭੀਮ ਸੈਨਾ' ਹੋਂਦ ਵਿੱਚ ਆ ਗਈ ਹੈ ਜਿਹੜੀ ਭਵਿੱਖ ਵਿੱਚ ਹੋਰ ਚੁਣੌਤੀ ਬਣ ਸਕਦੀ ਹੈ। ਸਭ ਤੋਂ ਵੱਡੀ ਚਿੰਤਾ ਮੁਸਲਿਮ ਨੌਜਵਾਨਾਂ ਦਾ ਕੱਟੜਵਾਦ ਵੱਲ ਝੁਕਾਅ ਵਧਣ ਦੀ ਸੰਭਾਵਨਾ ਬਣਨੀ ਹੈ ਜਿਹੜੀ ਭਾਰਤ ਦੇ ਗੁਆਂਢੀ ਦੇਸ਼ ਪਾਕਿਸਤਾਨ ਵਿੱਚ ਅਲਕਾਇਦਾ ਦੇ ਉਭਾਰ ਅਤੇ 1990ਵਿਆਂ ਤੋਂ ਪਾਕਿਸਤਾਨ ਤੇ ਭਾਰਤ ਵਿੱਚ ਦਹਿਸ਼ਤਗਰਦ ਭੇਜਣ ਨਾਲ ਵੀ ਸੰਭਵ ਨਹੀਂ ਹੋਈ।

ਖ਼ੈਰ, ਇਸ ਵੇਲੇ ਭਾਰਤ ਦੀ ਵਿਦੇਸ਼ ਨੀਤੀ ਅਤੇ ਕੌਮੀ ਸੁਰੱਖਿਆ ਨੂੰ ਸਭ ਤੋਂ ਵੱਧ ਦੁਬਿਧਾਵਾਂ ਨਾਲ ਜੂਝਣਾ ਪੈ ਰਿਹਾ ਹੈ। ਸ਼ੀਤ ਜੰਗ ਤੋਂ ਬਾਅਦ ਵਾਲੇ ਸੰਸਾਰ ਲਈ ਪ੍ਰਧਾਨ ਮੰਤਰੀਆਂ ਨਰਸਿਮਹਾ ਰਾਓ, ਅਟਲ ਬਿਹਾਰੀ ਵਾਜਪਾਈ ਅਤੇ ਡਾ. ਮਨਮੋਹਨ ਸਿੰਘ ਵੱਲੋਂ ਘੜੀ ਵਧੀਆ ਵਿਦੇਸ਼ ਨੀਤੀ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵਿਰਸੇ ਵਿੱਚ ਮਿਲੀ ਹੈ, ਇਸ ਦਾ ਜਾਰੀ ਰਹਿਣਾ ਜ਼ਰੂਰੀ ਸੀ। ਇਹ ਅਮਰੀਕਾ ਨਾਲ ਸਬੰਧ ਸੁਧਾਰਨ, ਆਸੀਆਨ ਤਕ 'ਪੂਰਬ ਨੂੰ ਪਹਿਲ' ਤਹਿਤ ਪਹੁੰਚ ਕਰਨ, ਇਸਰਾਈਲ ਨਾਲ ਸਫ਼ਾਰਤੀ ਸਬੰਧ ਵਧਾ ਕੇ ਪੱਛਮੀ ਏਸ਼ੀਆ ਵਿੱਚ ਸੰਤੁਲਨ ਮੁੜ ਸਥਾਪਤ ਕਰਨ, ਅਫ਼ਗਾਨਿਸਤਾਨ ਵਿੱਚ ਕੱਟੜਵਾਦੀ ਇਸਲਾਮ ਸਖ਼ਤੀ ਨਾਲ ਨਜਿੱਠਣ ਦੇ ਨਾਲ ਨਾਲ ਪਾਕਿਸਤਾਨ ਨਾਲ ਵਾਰਤਾਲਾਪ ਬਰਕਰਾਰ ਰੱਖਣਾ ਅਤੇ ਵਿਵਾਦਾਂ ਨੂੰ ਆਰਜ਼ੀ ਤੌਰ 'ਤੇ ਪਾਸੇ ਰੱਖ ਕੇ ਚੀਨ ਨਾਲ ਸਹਿਯੋਗ ਵਧਾਉਣ ਵੱਲ ਧਿਆਨ ਕੇਂਦਰਿਤ ਕਰਨ ਉੱਤੇ ਆਧਾਰਤ ਸੀ। ਇਸ ਵਿੱਚ ਮੋਦੀ ਨੇ ਵਿਅਕਤੀਗਤ

**ਬਾਕੀ ਸਫ਼ਾ 30 'ਤੇ**


SAVE $2500
ON DIESEL PER TRUCK WITH
ONE CALL!
11¢
DISCOUNT
PER GALLON
TRANS-ALLIANCE
TOGETHER WE SAVE
KHALSA
FUEL CARD
1243 6756 7698 3421
TRANS EXPRESS
FLEET ONE
✓ No more Pre-Paid Cards
✓ Get Rid of Bank Wires
✓ Low Transaction Fee
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਦਰਬਾਰ ਕਰਵਾਇਆ





**ਸ਼ਿਕਾਗੋ/ਮੱਖਣ ਸਿੰਘ ਕਲੇਰ:** ਇੱਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ 22 ਮਈ ਤੋਂ 28 ਮਈ ਤੱਕ ਕੀਰਤਨ ਦਰਬਾਰ ਕਰਵਾਇਆ ਗਿਆ। ਇਸ ਵਿਸ਼ੇਸ਼ ਸਮਾਗਮ ਵਿਚ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਬਲਦੇਵ ਸਿੰਘ ਵਡਾਲਾ ਦੇ ਜਥੇ ਨੇ ਹਾਜ਼ਰੀ ਭਰੀ। ਇਨ੍ਹਾਂ ਤੋਂ ਇਲਾਵਾ ਪੰਥਕ ਕਵੀਸ਼ਰੀ ਜਥਾ ਭਾਈ ਮਾਹਿਲ ਸਿੰਘ ਚੰਡੀਗੜ੍ਹ ਵਾਲਿਆਂ ਨੇ ਸੰਗਤਾਂ ਨੂੰ ਗੁਰੂ ਇਤਿਹਾਸ ਤੇ ਸਿੱਖ ਇਤਿਹਾਸ ਤੇ ਜੁਝਾਰੂ ਸੰਨਾਲ ਸਬੰਧਤ ਵਾਰਾਂ ਸਰਵਣ ਕਰਵਾਈਆਂ। ਇਸੇ ਤਰ੍ਹਾਂ ਆਖੰਡ ਕੀਰਤਨੀ ਜਥੇ ਵੱਲੋਂ ਰੈਣ ਸਵਾਈ ਕੀਰਤਨ ਕਰਵਾਇਆ ਗਿਆ ਜਿਸ ਵਿਚ ਵੱਖ ਵੱਖ ਦੇਸ਼ਾਂ ਤੋਂ ਜਥੇ ਪਹੁੰਚੇ ਹੋਏ ਸਨ। ਸੰਗਤਾਂ ਨੇ ਪੂਰਾ ਹਫ਼ਤਾ ਸ਼ਾਮ ਦੇ ਦੀਵਾਨਾਂ ਵਿਚ ਹਾਜ਼ਰੀਆਂ ਭਰ ਕੇ ਗੁਰੂ ਜਸ ਸਰਵਣ ਕੀਤਾ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਭਾਈ ਬਲਦੇਵ ਸਿੰਘ ਵਡਾਲਾ ਨੇ ਸੰਗਤਾਂ ਨੂਮ ਗੁਰਬਾਣੀ ਕੀਰਤਨ ਦੇ ਰੂਪ ਵਿਚ ਅਤੇ ਕਥਾ ਵਿਚਾਰ ਰਾਹੀਂ ਸਰਵਣ ਕਰਵਾਈ । ਉਨ੍ਹਾਂ ਪੰਥ ਵਿਚ ਆ ਚੁੱਕੀਆਂ ਕੁਰੀਤੀਆਂ ਤੋਂ ਵੀ ਜਾਣੂ ਕਰਵਾਇਆ। ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਥਾਂ ਥਾਂ ਤੇ ਹੋ ਰਹੀਆਂ ਵਾਰਦਾਤਾਂ ਪ੍ਰਤੀ ਚਾਨਣਾ ਪਾਇਆ। ਉਨ੍ਹਾਂ ਕਿਹਾ ਸਾਨੂੰ ਇਕ ਮੁੱਠ ਹੋ ਕੇ ਪੰਥਕ ਧਿਰਾਂ ਦੇ ਨਾਲ ਰਲ ਕੇ ਆਪਣੇ ਗੁਰਧਾਮ ਅਜ਼ਾਦ ਕਰਵਾਉਣੇ ਪੈਣਗੇ ਅਤੇ ਤਖਤਾਂ ਤੇ ਹੋ ਚੁੱਕੇ ਸਰਕਾਰੀ ਕਬਜ਼ਿਆਂ ਨੂੰ ਹਟਾਉਣਾ ਪਵੇਗਾ। ਅਜਿਹਾ ਸਿਰਫ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਕਾਲੀ ਦਲ (ਬਾਦਲ) ਵਾਲਿਆਂ ਦੇ ਚੁੰਗਲ ਵਿਚੋਂ ਅਜ਼ਾਦ ਕਰਵਾ ਕੇ ਹੀ ਸੰਭਵ ਹੋ ਸਕਦਾ ਹੈ।

# ਸਹਿਜਧਾਰੀ ਪਾਰਟੀ ਨੇ ਸਿੱਖ ਗੁਰਦੁਆਰਾ ਸੋਧ ਐਕਟ ਨੂੰ ਹਾਈਕੋਰਟ ਵਿਚ ਦਿੱਤੀ ਚੁਣੌਤੀ

**ਚੰਡੀਗੜ੍ਹ/ਬਿਊਰੋ ਨਿਊਜ਼ :**
ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸਹਿਜਧਾਰੀ ਸਿੱਖਾਂ ਦੇ ਵੋਟਿੰਗ ਦੇ ਹੱਕ ਨੂੰ ਖ਼ਤਮ ਕਰਦੀ ਸਿੱਖ ਗੁਰਦੁਆਰਾ ਐਕਟ ਵਿਚ ਸੰਸਦ ਵੱਲੋਂ ਕੀਤੀ ਸੋਧ ਨੂੰ ਸਹਿਜਧਾਰੀ ਸਿੱਖ ਪਾਰਟੀ ਵੱਲੋਂ ਹਾਈਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ। ਪਾਰਟੀ ਪ੍ਰਧਾਨ ਡਾਕਟਰ ਪਰਮਜੀਤ ਸਿੰਘ ਰਾਣੂੰ ਨੇ ਐਡਵੋਕੇਟ ਸੰਜੀਵ ਸ਼ਰਮਾ ਰਾਹੀਂ ਦਾਖ਼ਲ ਪਟੀਸ਼ਨ ਵਿਚ ਕਿਹਾ ਹੈ ਕਿ ਸੋਧ ਰਾਹੀਂ ਵੋਟਿੰਗ ਹੱਕ ਖੋਹਣ ਪਿੱਛੇ ਕੋਈ ਕਾਰਨ ਪੇਸ਼ ਨਹੀਂ ਕੀਤਾ ਗਿਆ, ਲਿਹਾਜ਼ਾ ਸਹਿਜਧਾਰੀ ਸਿੱਖਾਂ ਨੂੰ ਵੋਟਿੰਗ ਕਰਨ ਦੀ ਮਿਲੀ ਛੋਟ ਖ਼ਤਮ ਕਰਨਾ ਕੇਂਦਰ ਸਰਕਾਰ ਵੱਲੋਂ ਆਪਣੀ ਸ਼ਕਤੀ ਦੀ ਦੁਰਵਰਤੋਂ ਕਰਨ ਦੇ ਬਰਾਬਰ ਹੈ। ਪਟੀਸ਼ਨ ਵਿਚ ਦੋਸ਼ ਲਗਾਇਆ ਕਿ ਇਸ ਬਿਲ ਨੂੰ ਸੰਸਦ ਵਿਚ ਬਿਨਾਂ ਬਹਿਸ ਦੇ ਹੀ ਰਾਜ ਸਭਾ ਵਿੱਚ ਪਾਸ ਕਰ ਦਿੱਤਾ ਗਿਆ ਸੀ, ਜਦ ਕਿ ਸਹਿਜਧਾਰੀ ਸਿੱਖਾਂ ਨੂੰ 1944 ਦੀ ਪਾਰਲੀਮੈਂਟ ਨੇ ਬਾਕਾਇਦਾ ਉਚੇਚੇ ਕਾਰਨਾਂ ਕਰ ਕੇ ਹੀ ਸੋਚ ਸਮਝ ਕੇ ਇਹ ਹੱਕ ਦਿੱਤਾ ਸੀ, ਜੋ ਪਿਛਲੇ 59 ਸਾਲ ਬਿਨਾਂ ਕਿਸੇ ਸਮੱਸਿਆ ਦੇ ਸਮੇਂ ਦੀ ਕਸਵੱਟੀ 'ਤੇ ਖਰਾ ਉੱਤਰਿਆ ਸੀ। ਇਸ ਮਾਮਲੇ ਦੀ ਅਗਲੀ ਸੁਣਵਾਈ 10 ਅਗਸਤ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ 2003 ਦੇ ਨੋਟੀਫ਼ਿਕੇਸ਼ਨ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ। ਫੁੱਲ ਬੈਂਚ ਨੇ 20 ਦਸੰਬਰ 2011 ਨੂੰ ਨੋਟੀਫ਼ਿਕੇਸ਼ਨ ਰੱਦ ਕਰ ਦਿੱਤਾ ਸੀ ਤੇ ਇਸ ਨਾਲ 2011 ਵਿਚ ਹੋਈ ਸ਼੍ਰੋਮਣੀ ਕਮੇਟੀ ਦੀ ਚੋਣ ਵੀ ਕਾਨੂੰਨ ਦੀ ਨਜ਼ਰ ਵਿੱਚ ਰੱਦ ਮੰਨੀ ਗਈ ਸੀ, ਕਿਉਂਕਿ ਚੋਣਾਂ ਪਟੀਸ਼ਨ ਦੇ ਫ਼ੈਸਲੇ 'ਤੇ ਆਧਾਰਤ ਸੀ। ਇਸ ਫ਼ੈਸਲੇ ਨੂੰ ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਸੀ, ਜਿੱਥੇ ਸੁਪਰੀਮ ਕੋਰਟ ਨੇ ਕੇਂਦਰ ਵੱਲੋਂ ਕਿਸੇ ਕਿਸਮ ਦੀ ਕੀਤੇ ਜਾਣ ਵਾਲੀ ਸੋਧ ਨੂੰ ਚੁਣੌਤੀ ਦੇਣ ਦੀ ਛੋਟ ਸਹਿਜਧਾਰੀ ਸਿੱਖ ਪਾਰਟੀ ਨੂੰ ਦਿੱਤੀ ਸੀ ਤੇ ਇਸ ਉਪਰੰਤ ਹੁਣ ਸੋਧ ਐਕਟ ਨੂੰ ਹਾਈਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ।

# ਪੰਜਾਬੀ ਅਮਰੀਕਨ ਹੈਰੀਟੇਜ ਸੋਸਾਇਟੀ ਯੂਬਾਸਿਟੀ ਵੱਲੋਂ ਕਰਵਾਏ ਸਭਿਆਚਾਰਕ ਪ੍ਰੋਗਰਾਮ 'ਚ ਵੱਖ ਵੱਖ ਵੰਨਗੀਆਂ ਦੇਖਣ ਨੂੰ ਮਿਲੀਆਂ





**ਯੂਬਾਸਿਟੀ/ਹੁਸਨ ਲੜੋਆ ਬੰਗਾ:**
ਪੰਜਾਬੀ ਅਮਰੀਕਨ ਹੈਰੀਟੇਜ ਸੋਸਾਇਟੀ ਯੂਬਾਸਿਟੀ ਵੱਲੋਂ ਹਰ ਵਰ੍ਹੇ ਯੂਬਾਸਿਟੀ ਵਿਚ ਕਰਵਾਏ ਜਾਂਦੇ ਵਿਸ਼ਾਲ ਸਭਿਆਚਾਰਕ ਪ੍ਰੋਗਰਾਮ ਵਿਚ ਐਤਕਾਂ ਦੀ ਪ੍ਰਭਾਵਸ਼ਾਲੀ ਆਈਟਮਾਂ ਦੇਖਣ ਨੂੰ ਮਿਲੀਆਂ। ਇਕ ਪਾਸੇ ਜਿੱਥੇ ਬੱਚਿਆਂ ਤੋਂ ਲੈ ਕੇ ਬਜੁਨੇ ਇਸ ਸਮਾਗਮ ਵਿਚ ਸ਼ਿਰਕਤ ਕੀਤੀ ਉਥੇ ਦੂਸਰੇ ਪਾਸੇ ਪੰਜਾਬੀ ਗਾਇਕਾਂ ਜਿਨ੍ਹਾਂ 'ਚ ਜੈਜੀ ਬੈਂਸ, ਕੌਰ ਬੀ, ਪ੍ਰਭ ਗਿੱਲ ਨੇ ਆਪਣਾ ਪਿੜ ਮੱਲੀ ਰੱਖਿਆ। ਇਸ ਵਿਸ਼ਾਲ ਸਮਾਗਮ ਦੌਰਾਨ ਕੁਝ ਖਾਸ ਗੱਲਾਂ ਨੇ ਸਮਾਗਮ ਨੂੰ ਸਦੀਵੀ ਬਣਾ ਦਿੱਤਾ ਜਿਨ੍ਹਾਂ 'ਚ ਉਸ ਗੋਰੇ ਨੌਜੁਆਨ ਇਆਨ ਗਰਿਲੋਟ, ਜਿਸ ਨੇ ਪਿਛਲੇ ਦਿਨੀਂ ਕਨਸਾਸ ਸ਼ਹਿਰ ਦੇ ਬਾਰ ਤੇ ਗਰਿਲ ਵਿਚ ਦੋ ਭਾਰਤੀ ਲੋਕਾਂ ਉਪਰ ਨਸਲੀ ਵਿਤਕਰੇ ਵਜੋਂ ਚਲਾਈ ਗੋਲੀ ਨੂੰ ਮੂਹਰੇ ਹੋ ਕੇ ਰੋਕਿਆ ਜਿਸ ਦੀ ਛਾਤੀ ਤੇ ਹੱਥ ਵਿਚ ਗੋਲੀ ਲੱਗ ਗਈ ਸੀ, ਨੂੰ ਮੁੱਖ ਮਹਿਮਾਨ ਵਜੋਂ ਸੱਦਿਆ ਗਿਆ. ਦੂਸਰਾ ਇਸ ਸਮਾਗਮ ਦੌਰਾਨ ਇਕ ਹਾਲ ਵਿਚ ਦੋ ਡਾਕੂਮੈਂਟਰੀ ਫਿਲਮਾਂ ਦਿਖਾਈਆਂ ਗਈਆਂ ਜਿਨ੍ਹਾਂ 'ਚ ਇਕ ਬਾਇਓਗ੍ਰਾਫੀ ਸਰਦਾਰ ਭਗਤ ਸਿੰਘ ਥਿੰਦ ਉਤੇ ਬਣੀ ਹੋਈ ਤੇ ਦੂਸਰੀ ਕੋਰਟ ਕੇਸ ਜੋ ਹੌਲੀਵੁੱਡ ਐਕਟਰ ਵਾਰਿਸ ਆਹਲੂਵਾਲੀਆ ਤੇ ਡਾਕੂਮੈਂਟਰੀ ਦਿਖਾਈ ਗਈ, ਸਲਾਹੁਣਯੋਗ ਸੀ।
ਇਸ ਸਮਾਗਮ ਵਿਚ ਹੋਰ ਵੱਖ ਵੱਖ ਸਭਿਆਚਾਰਕ ਆਈਟਮਾਂ ਵਿਚ ਵਿਸ਼ੇਸ਼ ਤੌਰ ਤੇ "ਨਚਦਾ ਸੰਸਾਰ" ਪੰਜਾਬ ਦਾ ਮਾਣ, ਰੰਗਲਾ ਪੰਜਾਬ ਗਭਰੂ ਪੰਜਾਬ ਦੇ, ਸਿੱਖ ਪਾਉਂਦੇ ਧਮਾਲ, ਮਾਣ ਪੰਜਾਬ ਦਾ, ਸ਼ਾਨ ਮੁਟਿਆਰਾਂ ਦੀ, ਵਿਰਸਾ ਪੰਜਾਬ ਦਾ, ਸ਼ੌਕੀਨ ਮਜਾਜਣਾਂ, ਨੱਚਦੀਆਂ ਕਲੀਆਂ, ਪੰਜਾਬੀ ਬੁਆਏਜ਼, ਨਖਰਾ ਮੁਟਿਆਰਾਂ ਦਾ, ਪੰਜਾਬੀ ਡਰੀਮ, ਯਾਰ ਅਣਮੁੱਲੇ, ਅਸ਼ੋਕ ਟਾਂਗਰੀ ਦੀ ਕਾਮੇਡੀ, ਮਹਿਕ ਪੰਜਾਬ ਦੀ, ਫੈਸ਼ੋਅ, ਰੌਣਕ ਪੰਜਾਬ ਦੀ ਤੋਂ ਇਲਾਵਾ ਗਿੱਧਾ ਮੁਟਿਆਰਾਂ ਦਾ, ਜੋ ਯੂਬਾਸਿਟੀ ਦੀ ਔਰਤਾਂ ਵੱਲੋਂ ਤਿਆਰ ਕੀਤਾ ਗਿਆ ਸੀ, ਸਲਾਹੁਣ ਯੋਗ ਸੀ। ਇਸ ਮੌਕੇ ਪੰਜਾਬੀ ਅਮਰੀਕਨ ਹੇਰੀਟੇਜ ਸੋਸਾਇਟੀ ਵੱਲੋਂ ਹੋਣਹਾਰ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਨੇ ਸਕਾਲਰਸ਼ਿਪ ਪ੍ਰਾਪਤ ਕੀਤੀ ਹੈ। ਪ੍ਰੋਗਰਾਮ ਦੇ ਅਖੀਰ ਵਿਚ ਮੁੱਖ ਕਲਾਕਾਰ ਨੂੰ ਪੇਸ਼ ਕੀਤਾ ਗਿਆ ਜਿਨ੍ਹਾਂ 'ਚ ਪ੍ਰਭਂ ਗਿੱਲ, ਕੌਰ ਬੀ ਤੇ ਜੈਜੀ ਬੈਂਸ ਨੇ ਆਪੋ ਆਪਣੇ ਚਰਚਿੱਤ ਗੀਤ ਪੇਸ਼ ਕੀਤੇ ਜੈਜੀ ਬੈਂਸ ਵੱਲੋਂ ਪਾਈ ਪੁਸ਼ਾਕ ਨੇ ਸੂਝਵਾਨ ਦਰਸ਼ਕਾਂ ਦੇ ਮੱਥ ਤੇ ਤਿਊੜੀਆਂ ਜ਼ਰੂਰ ਲਿਆਂਦੀਆਂ। ਜੈਜੀ ਬੈਂਸ ਦੇ ਪਾਏ ਕਾਲੇ ਰੰਗ ਦੇ ਕੁੜਤੇ ਉਪਰ ਲਿਖਿਆ ਜਾਤੀ ਸੂਚਕ "ਬਿੱਲੋ ਤੇਰਾ ਜੱਟ" ਦਰਸ਼ਕਾਂ ਦੇ ਨੱਕ ਚੜਾਉਂਦਾ ਸੀ।
ਇਸ ਸਭਿਆਚਾਰਕ ਮੇਲੇ ਮੌਕੇ ਸਟੇਜ ਦੀ ਸੰਚਾਲਨਾ ਹਰਜੀਤ ਕੌਰ ਤੇ ਜਸਵੰਤ ਸਾਦ ਨੇ ਕੀਤੀ। ਯੂਬਾ ਦੇ ਮੇਅਰ ਸਟੇਨਲੀ ਕਲੀਵਲੈਂਡ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਜਿਨ੍ਹਾਂ ਨੂੰ ਡਾ. ਗੁਰਪ੍ਰੀਤ ਧੁੱਗਾ ਵੱਲੋਂ ਵੱਖ ਵੱਖ ਬਿਮਾਰੀਆਂ ਦੇ ਸੌਖੇ ਇਲਾਜਾਂ ਉਪਰ ਲਿਖੀ ਕਿਤਾਬ "ਹੈਲਥ ਗਾਈਡ" ਭੇਂਟ ਕੀਤੀ ਗਈ। ਇਸ ਮੌਕੇ ਸੰਸਥਾ ਦੇ ਪ੍ਰਬੰਧਕ ਡਾ. ਜਸਬੀਰ ਸਿੰਘ ਕੰਗ ਨੇ ਆਏ ਸਾਰੇ ਦਰਸ਼ਕਾਂ ਦਾ ਧੰਨਵਾਦ ਕੀਤਾ ਤੇ ਸੰਸਥਾ ਵੱਲੋਂ ਕੁਝ ਨਾਮਵਰ ਸਖਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

# ਮੈਮੋਰੀਅਲ ਡੇਅ 'ਤੇ ਸਿੱਖ ਹੋਏ ਸ਼ਾਮਲ



**ਸੈਕਰਾਮੈਂਟੋ/ਬਿਊਰੋ ਨਿਊਜ਼ :** ਐਲਕ ਗਰੋਵ ਸਿਟੀ ਵਿਚ 'ਵਾਕ ਫਾਰ ਵੈਟਰਨਜ਼' ਦੇ ਨਾਂ ਹੇਠ ਇਕ ਪੈਦਲ ਮਾਰਚ ਕੱਢਿਆ ਗਿਆ। ਐਲਕ ਗਰੋਵ, ਬੁੱਲ੍ਹੇਵਾਰਡ ਉੱਤੇ ਹੋਏ ਇਸ ਪੈਦਲ ਮਾਰਚ ਵਿਚ ਜਿੱਥੇ ਇਨ੍ਹਾਂ ਸ਼ਹੀਦਾਂ ਦੇ ਪਰਿਵਾਰਾਂ ਨੇ ਹਿੱਸਾ ਲਿਆ, ਉੱਥੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਪੰਜਾਬ ਮੇਲ ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ ਅਤੇ ਦਲਜੀਤ ਸਿੰਘ ਸੰਧੂ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਅਮਰੀਕਾ 'ਚ ਮੈਮੋਰੀਅਲ ਡੇਅ ਵਾਲੇ ਦਿਨ ਉਨ੍ਹਾਂ ਸ਼ਹੀਦਾਂ ਨੂੰ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਇਥੇ ਫੌਜ ਵਿਚ ਰਹਿ ਕੇ ਕੁਰਬਾਨੀਆਂ ਦਿੱਤੀਆਂ ਹੁੰਦੀਆਂ ਹਨ। ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਅਮਰੀਕਾ ਭਰ 'ਚ ਵੱਖ-ਵੱਖ ਥਾਂਵਾਂ 'ਤੇ ਸਮਾਗਮ ਹੁੰਦੇ ਹਨ। ਜ਼ਿਕਰਯੋਗ ਹੈ ਕਿ ਸਤੰਬਰ 2001 'ਚ ਅਮਰੀਕਾ 'ਤੇ ਹਮਲੇ ਤੋਂ ਬਾਅਦ ਇਥੇ ਸਿੱਖਾਂ ਦੀ ਪਹਿਚਾਣ ਲਈ ਕਾਫੀ ਮੁਸ਼ਕਲਾਂ ਆ ਰਹੀਆਂ ਹਨ। ਅਜਿਹੇ ਸਮਾਗਮਾਂ ਵਿਚ ਸ਼ਾਮਲ ਹੋਣ ਨਾਲ ਜਿੱਥੇ ਅਮਰੀਕੀ ਲੋਕ ਖੁਸ਼ ਹੁੰਦੇ ਹਨ, ਉਥੇ ਸਿੱਖ ਆਪਣੀ ਪਹਿਚਾਣ ਵੀ ਛੱਡ ਜਾਂਦੇ ਹਨ। ਇਸ ਪੈਦਲ ਮਾਰਚ ਦੌਰਾਨ ਬਹੁਤ ਸਾਰੇ ਅਮਰੀਕੀ ਲੋਕਾਂ ਨੇ ਸ. ਰੰਧਾਵਾ ਤੋਂ ਸਿੱਖ ਕੌਮ ਬਾਰੇ ਜਾਣਕਾਰੀ ਲਈ। ਐਲਕ ਗਰੋਵ ਸਿਟੀ ਦੇ ਮੇਅਰ ਸਟੀਵ ਲੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਅਮਰੀਕੀ ਅਧਿਕਾਰੀ ਅਤੇ ਆਗੂ ਇਸ ਪੈਦਲ ਮਾਰਚ ਵਿਚ ਸ਼ਾਮਲ ਸਨ।

# ਪੀਸੀਏ ਵੱਲੋਂ ਕਰਵਾਏ ਸਭਿਆਚਾਰਕ ਮੇਲੇ 'ਚ ਗਾਇਕਾਂ ਨੇ ਕੀਤਾ ਭਰਪੂਰ ਮਨੋਰੰਜਨ



**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :**
ਪੰਜਾਬੀ ਕਲਚਰਲ ਐਸੋਸੀਏਸ਼ਨ (ਪੀਸੀਏ) ਵੱਲੋਂ ਫਰਿਜ਼ਨੋ ਦੇ ਵੁੱਡਵਰਡ ਪਾਰਕ ਵਿੱਚ ਕਰਵਾਇਆ ਦਸਵਾਂ ਸਾਲਾਨਾ ਸਭਿਆਚਾਰਕ ਮੇਲਾ ਯਾਦਗਾਰੀ ਹੋ ਨਿਬੜਿਆ। ਕਿਰਨ ਮਹਿੰਮੀ ਤੇ ਰੂਬੀ ਸਰਾਂ ਵੱਲੋਂ ਤਿਆਰ ਕੀਤੀਆਂ ਗਿੱਧੇ ਭੰਗੜੇ ਦੀਆਂ ਟੀਮਾਂ ਨੇ ਖ਼ੂਬ ਰੰਗ ਬੰਨ੍ਹਿਆ। ਜੋਤ ਰਣਜੋਤ, ਜਗਦੀਪ ਰੰਧਵਾ, ਹਰਮਨ ਦੀਪ, ਪ੍ਰਿੰਸ਼ ਰੌਸ਼ਨ ਅਤੇ ਮਿੱਸ ਪੂਜਾ ਨੇ ਆਪਣੀ ਗਾਇਕੀ ਰਾਹੀਂ ਸਰੋਤੇ ਕੀਲੀ ਰੱਖੇ। ਚੰਗੇ ਮਿਊਜ਼ਿਕ ਅਤੇ ਵਧੀਆ ਸਾਊਂਡ ਸਿਸਟਮ ਲਈ ਪੁਨੀਤ ਦੀ ਪੂਰੀ ਟੀਮ ਵਧਾਈ ਦੀ ਪਾਤਰ ਹੈ। ਮੇਲੇ ਵਿੱਚ ਲੱਗੇ ਸਾਜੋ-ਸਾਮਾਨ ਅਤੇ ਖਾਣ-ਪੀਣ ਦੇ ਸਟਾਲ ਵੀ ਦਰਸ਼ਕਾਂ ਲਈ ਖਾਸ ਖਿੱਚ ਦਾ ਕੇਂਦਰ ਰਹੇ। ਰੇਡੀਓ ਪੰਜਾਬ ਵੱਲੋਂ ਰੈਫਲ ਵੀ ਕੱਢੇ ਗਏ। ਸ਼ਿਆਰਾ ਸਿੰਘ ਢੀਂਡਸਾ ਓਮਨੀਂ ਵੀਡੀਓ ਬੇਕਰਸਫੀਲਡ ਵਾਲਿਆਂ ਨੇ ਮੇਲੇ ਦੇ ਯਾਦਗਾਰੀ ਪਲਾਂ ਨੂੰ ਕੈਮਰੇ ਵਿਚ ਕੈਦ ਕੀਤਾ। ਲੋੜਵੰਦ ਲੋਕਾਂ ਦੀ ਨਿਰਸਵਾਰਥ ਸੇਵਾ ਕਰ ਰਹੀ 'ਸਹਾਇਤਾ ਸੰਸਥਾ' ਦੇ ਮੋਢੀ ਮੈਂਬਰ ਡਾ. ਹਰਕੇਸ਼ ਸੰਧੂ ਤੇ ਸਰੂਪ ਸਿੰਘ ਦਾ ਪੀਸੀਏ ਮੈਂਬਰਾ ਵੱਲੋਂ ਸਨਮਾਨ ਵੀ ਕੀਤਾ ਗਿਆ। ਸਟੇਜ ਸੰਚਾਲਨ ਸ਼ਕਤੀ ਮਾਣਕ ਨੇ ਬਾਖੂਬੀ ਕੀਤਾ। ਮਿੱਕੀ ਸਰਾਂ ਅਤੇ ਪੀਸੀਏ ਦੀ ਪੂਰੀ ਟੀਮ ਇਸ ਕਾਮਯਾਬ ਮੇਲੇ ਲਈ ਵਧਾਈ ਦੀ ਪਾਤਰ ਹੈ। ਮੁਫਤ ਦਾਖ਼ਲਾ ਹੋਣ ਕਰਕੇ ਦਰਸ਼ਕਾਂ ਦਾ ਰਿਕਾਰਡ ਤੋੜ ਇਕੱਠ ਰਿਹਾ।

# ਐੱਸ.ਐਮ. ਬ੍ਰਦਰਜ਼ ਇਨਕਲਿਵ ਵੱਲੋਂ ਕਰਵਾਏ ਗਏ ਸਭਿਆਚਾਰਕ ਪ੍ਰੋਗਰਾਮ 'ਚ ਨਾਮਵਰ ਗਾਇਕਾਂ ਨੇ ਬੰਨ੍ਹਿਆ ਰੰਗ

**ਫਰਿਜ਼ਨੋ/ਕੁਲਵੰਤ ਉੱਭੀ ਧਾਲੀਆਂ/ਨੀਟਾ ਮਾਛੀਕੇ :**
ਫਰਿਜ਼ਨੋ ਵਿਖੇ ਵੱਡੇ ਵੇਅਰਹਾਊਸ ਐੱਸ.ਐਮ. ਬ੍ਰਦਰਜ਼ ਇਨਕਲਿਵ (S.M. Brothers Inc.) ਦੇ ਮਾਲਕ ਜਸਬੀਰ ਸਿੰਘ ਸਰਾਏ ਅਤੇ ਸੰਦੀਪ ਮੇਹਟ ਨੇ ਗਰੈਂਡ ਸਪਾਂਸਰ ਨਵਜੀਤ ਚਾਹਲ ਅਤੇ ਹੋਰ ਸਹਿਯੋਗੀਆ ਨਾਲ ਮਿਲ ਕੇ 'ਵਿਸਾਖੀ ਸੈਲੀਬਰੇਸ਼ਨਜ਼' ਦਾ ਨਾਂ ਹੇਠ ਸਭਿਆਚਾਰਕ ਮੇਲਾ ਕਰਵਾਇਆ। ਇਸ ਵਿੱਚ ਪੰਜਾਬੀ ਗਾਇਕੀ ਦੀ ਬੁਲੰਦ ਆਵਾਜ਼ ਜ਼ੈਜ਼ੀ ਬੀ, ਕੌਰ ਬੀ, ਪ੍ਰਭ ਗਿੱਲ ਅਤੇ ਮੈਂਡੀ ਤੱਖਰ ਨੇ ਆਪਣੇ ਗੀਤਾਂ ਰਾਹੀਂ ਰੰਗ ਬੰਨ੍ਹਿਆ। ਇਸ ਦੇ ਪਹਿਲੇ ਦਿਨ ਕਲਾਕਾਰਾਂ ਨਾਲ ਉਨ੍ਹਾਂ ਦੇ ਚਾਹਵਾਨ ਸਰੋਤਿਆਂ ਨੂੰ ਮਿਲਾਇਆ ਗਿਆ। ਫੋਟੋ ਸ਼ੈਸ਼ਨ ਤੋਂ ਬਾਅਦ ਸਾਰਿਆਂ ਨੇ ਸ਼ਾਨਦਾਰ ਡਿਨਰ ਦਾ ਅਨੰਦ ਮਾਣਿਆ। ਇਸ ਮਗਰੋਂ ਅਗਲੇ ਦਿਨ ਗਾਇਕੀ ਦੇ ਸ਼ੋਅ ਵਿੱਚ ਇਨ੍ਹਾਂ ਨਾਮਵਰ ਗਾਇਕਾਂ ਨੇ ਖਚਾ-ਖਚ ਭਰੇ ਹਾਲ ਵਿੱਚ ਚਾਰ ਘੰਟੇ ਤੋਂ ਵੱਧ ਸਮੇਂ ਲਈ ਹਾਜ਼ਰੀਨ ਦਾ ਮਨੋਰੰਜਨ ਕੀਤਾ। ਇਸ ਦੀ ਸ਼ੁਰੂਆਤ ਪ੍ਰਭ ਗਿੱਲ ਨੇ ਪ੍ਰਮਾਤਮਾ ਦੇ ਸ਼ੁਕਰਾਨੇ ਦੇ ਗੀਤ ਨਾਲ ਕੀਤੀ ਅਤੇ ਆਪਣੇ ਹੋਰ ਗੀਤ ਗਾਏ। ਇਸ ਉਪਰੰਤ ਕੌਰ ਬੀ. ਨੇ ਆਪਣੇ ਗੀਤਾਂ ਰਾਹੀ ਰੰਗ ਬੰਨ੍ਹਿਆ। ਜਦ ਕਿ ਪ੍ਰੋਗਰਾਮ ਨੂੰ ਸਿਖਰਾਂ 'ਤੇ ਜ਼ੈਜ਼ੀ ਬੀ. ਦੀ ਗਾਇਕੀ ਨੇ ਪਹੁੰਚਾਇਆ। ਮਰਹੂਮ ਉਸਤਾਦ ਗਾਇਕ ਕੁਲਦੀਪ ਮਾਣਕ ਨੂੰ ਯਾਦ ਕਰਦੇ ਹੋਏ, ਉਨ੍ਹਾਂ ਨਾਲ ਬਿਤਾਏ ਯਾਦਗਰੀ ਪਲਾਂ ਅਤੇ ਗਾਇਕੀ ਨੂੰ ਵੀ ਸਾਂਝਾ ਕੀਤਾ। ਇਸੇ ਦੌਰਾਨ ਜ਼ੈਜ਼ੀ ਬੀ. ਅਤੇ ਕੌਰ ਬੀ. ਨੇ ਦੋਗਾਣੇ ਗਾ ਕੇ ਵੀ ਬੱਲੇ-ਬੱਲੇ ਕਰਵਾਈ। ਇਸੇ ਦੌਰਾਨ ਪੰਜਾਬੀ ਫਿਲਮਾਂ ਦੀ ਅਦਾਕਾਰਾ ਮੈਂਡੀ ਤੱਖਰ ਦੀਆਂ ਫਿਲਮਾਂ ਵਿਚੋਂ ਕੁਝ ਦ੍ਰਿਸ਼ ਦਿਖਾਏ ਗਏ। ਇਸ ਸ਼ੋਅ ਦੌਰਾਨ ਪ੍ਰਬੰਧਕ, ਸਪਾਂਸਰ ਅਤੇ ਕਿਸੇ ਹੋਰ ਨੂੰ ਸਟੇਜ ਤੋਂ ਕਿਸੇ ਤਰ੍ਹਾਂ ਦਾ ਭਾਸ਼ਨ, ਸਨਮਾਨ ਪੱਤਰ ਜਾਂ ਪਲੈਕ ਵਗੈਰਾ ਦੇ ਕੇ ਰੁਕਾਵਟ ਨਹੀਂ ਕੀਤੀ ਗਈ। ਪਰਿਵਾਰਕ ਅਤੇ ਸਭਿਆਚਾਰਕ ਗੀਤਾਂ ਨਾਲ ਸਭ ਦਾ ਮਨੋਰੰਜਨ ਕਰਦਾ ਹੋਇਆ ਇਹ ਸ਼ੋਅ ਯਾਦਗਾਰੀ ਹੋ ਨਿਬੜਿਆ।

### ਐਸ.ਵਾਈ.ਐਲ. ਪੰਜਾਬ ਦੀ ਰਾਜਨੀਤੀ

# ਪਾਣੀਆਂ ਦੇ ਮੁੱਦੇ 'ਤੇ ਇਤਿਹਾਸ ਦਾ ਕੌੜਾ ਸੱਚ: ਬਾਦਲ ਦੀ ਬਿਆਨਬਾਜ਼ੀ ਤੇ ਅਮਲ 'ਚ ਜ਼ਮੀਨ-ਅਸਮਾਨ ਫ਼ਰਕ ਰਿਹੈ

**ਗੁਰਪ੍ਰੀਤ ਸਿੰਘ ਮੰਡਿਆਣੀ**

ਜਿਵੇਂ ਤੁਸੀਂ ਹੁਣ ਤੱਕ ਪੜ੍ਹ ਚੁੱਕੇ ਹੋ ਕਿ ਪ੍ਰਕਾਸ਼ ਸਿੰਘ ਬਾਦਲ 1978 ਵਿੱਚ ਆਪਦੀ ਸਰਕਾਰ ਮੌਕੇ ਐਸ. ਵਾਈ. ਐਲ. ਨਹਿਰ ਪੁੱਟਣ ਖਾਤਰ ਕਿਵੇਂ ਪੱਬਾਂ ਭਾਰ ਹੋਏ ਸਨ। ਇਸ ਖਾਤਰ ਜ਼ਮੀਨ ਲੈਣ ਲਈ ਨੋਟੀਫਿਕੇਸ਼ਨ ਵਿੱਚ ਐਂਤ ਜ਼ਰੂਰੀ ਹਾਲਤਾਂ ਵਾਲੀ ਦਫਾ 17 ਲਾ ਕੇ ਤੇਜ਼ੀ ਨਾਲ ਜ਼ਮੀਨ ਐਕੁਆਇਰ ਕੀਤੀ। 20 ਫਰਵਰੀ ਨੂੰ ਨੋਟੀਫਿਕੇਸ਼ਨ ਜਾਰੀ ਹੋਇਆ ਤੇ 27 ਫਰਵਰੀ ਨੂੰ ਉਦਘਾਟਨ ਕਰਨ ਦਾ ਜਲਸਾ ਵੀ ਰੱਖ ਦਿੱਤਾ ਗਿਆ। ਫਿਰ ਬਾਦਲ ਦੀ ਸਰਕਾਰ ਟੁੱਟਣ ਤੋਂ ਬਾਅਦ ਜਦੋਂ 1982 'ਚ ਕਪੂਰੀ 'ਚ ਉਦਘਾਟਨੀ ਜਲਸਾ ਰੱਖਿਆ ਤਾਂ ਪ੍ਰਕਾਸ਼ ਸਿੰਘ ਬਾਦਲ ਨੇ ਨਹਿਰ ਨੂੰ ਰੋਕਣ ਖਾਤਰ ਖੂਨ ਦੀ ਨਹਿਰ ਵਗਾਉਣ ਦਾ ਡਰਾਵਾ ਦਿੱਤਾ। ਉਹਨਾਂ ਵਿੱਚ ਇਹ ਤਬਦੀਲੀ ਮਨੋਂ ਹੀ ਆਈ ਜਾਂ ਇਹ ਸਿਰਫ ਸਿਆਸੀ ਫਰੇਬ ਸੀ ਇਹਦਾ ਜਵਾਬ ਪਾਠਕਾਂ 'ਤੇ ਹੀ ਛੱਡਦੇ ਹਾਂ।

31 ਮਾਰਚ 1982 ਨੂੰ ਪੰਜਾਬ ਵਿਧਾਨ ਸਭਾ ਵਿੱਚ ਨਹਿਰ ਦੇ ਮਾਮਲੇ 'ਤੇ ਬਹਿਸ ਹੋਈ ਉਸ ਵੇਲੇ ਮੁੱਖ ਮੰਤਰੀ ਦਰਬਾਰਾ ਸਿੰਘ ਸੀ। ਪ੍ਰਕਾਸ਼ ਸਿੰਘ ਬਾਦਲ ਨੇ ਐਸੰਬਲੀ ਵਿੱਚ ਇੰਨੀ ਜਜ਼ਬਾਤੀ ਤਕਰੀਰ ਕੀਤੀ ਕਿ ਸਾਰੇ ਮੈਂਬਰਾਂ ਨੇ ਇਹਨੂੰ ਪੂਰੀ ਖਾਮੋਸ਼ੀ ਨਾਲ ਸੁਣਿਆ। 1 ਅਪ੍ਰੈਲ ਦੇ ਦ ਟ੍ਰਿਬਿਊਨ' ਅਖਬਾਰ ਨੇ ਬਾਦਲ ਦੀ ਤਕਰੀਰ ਮੌਕੇ ਪਸਰੀ ਚੁੱਪ ਨੂੰ ਪਿੰਨ ਡਰਾਪ ਸਾਇਲੈਂਸ' ਲਿਖਿਆ ਜਿਸਦਾ ਮਤਲਬ ਇਹ ਹੁੰਦਾ ਹੈ ਕਿ ਇੰਨੀ ਖਾਮੋਸ਼ੀ ਕਿ ਜੀਹਦੇ ਵਿੱਚ ਭੁੰਜੇ ਡਿਗੀ ਹੋਈ ਸੂਈ ਵੀ ਖੜਕਦੀ ਸੁਣੇ। ਇਹੋ ਜਿਹੀ ਖਾਮੋਸ਼ੀ ਉਹਨਾਂ ਤਕਰੀਰਾਂ ਮੌਕੇ ਪਸਰਦੀ ਹੈ ਜਦੋਂ ਬੋਲਣ ਵਾਲੇ ਦਾ ਭਾਸ਼ਣ ਸਰੋਤਿਆਂ ਦੇ ਮਨਾਂ ਨੂੰ ਟੁੰਬੇ। ਟ੍ਰਿਬਿਊਨ ਲਿਖਦਾ ਹੈ ਕਿ ਬਾਦਲ ਨੇ ਕਿਹਾ ਕਿ ਇਸ ਨਹਿਰ ਵਿੱਚ ਸਾਡਾ ਖੂਨ ਤਾਂ ਵਗ ਸਕਦਾ ਹੈ ਪਰ ਨਹਿਰ ਵਿੱਚ ਅਸੀਂ ਪਾਣੀ ਨਹੀਂ ਵਗਣ ਦਿਆਂਗੇ।


ਸਤਲੁਜ-ਜਮਨਾ ਲਿੰਕ ਨਹਿਰ ਦੀ ਉਸਾਰੀ ਰੋਕਣ ਲਈ ਗੋਲੀਆਂ ਖਾਵਾਂਗੇ-ਬਾਦਲ

ਦਲ ਜੇਲ੍ਹਾਂ ਭਰਨ ਤੋਂ ਗੁਰੇਜ਼ ਨਹੀਂ ਕਰੇਗਾ-ਅਸੰਬਲੀ 'ਚ ਐਲਾਨ

ਹਰਿਆਣਾ ਅਸੰਬਲੀ ਵਿ

ਹੋਰ ਬਹੁਤ ਸਾਰੇ ਅਖਬਾਰਾਂ ਨੇ ਵੀ ਪ੍ਰਕਾਸ਼ ਸਿੰਘ ਬਾਦਲ ਦੀ ਵਿਧਾਨ ਸਭਾ ਵਿਚਲੀ ਤਕਰੀਰ ਨੂੰ ਬੜੀ ਅਹਿਮੀਅਤ ਨਾਲ ਛਾਪਿਆ। ਇੱਕ ਅਪ੍ਰੈਲ 1982 ਦੇ ਅਜੀਤ ਅਖਬਾਰ ਨੇ ਇਸ ਬਾਬਤ ਖਬਰ ਛਾਪੀ ਜੀਹਦੀ ਸੁਰਖੀ ਇਉਂ ਸੀ "ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਰੋਕਣ ਲਈ ਗੋਲੀਆਂ ਖਾਵਾਂਗੇ-ਬਾਦਲ" ਖਬਰ ਮੁਤਾਬਕ ਬਾਦਲ ਨੇ ਵਿਧਾਨ ਸਭਾ ਵਿੱਚ ਕਿਹਾ ਕਿ "ਨਹਿਰ ਬਾਰੇ ਸਮਝੌਤਾ ਪੰਜਾਬੀਆਂ ਦੀ ਮੌਤ ਦੇ ਵਰੰਟ ਹਨ। ਬਾਦਲ ਸਾਹਿਬ ਨੇ ਕਿਹਾ ਕਿ ਇਹ ਨਹਿਰ ਕਿਸੇ ਵੀ ਕੀਮਤ 'ਤੇ ਨਹੀਂ ਪੁੱਟਣ ਦਿਆਂਗੇ। ਬਾਦਲ ਨੇ ਸੱਤਾਧਾਰੀ ਪਾਰਟੀ ਨੂੰ ਚੁਣੌਤੀ ਦਿੱਤੀ ਕਿ ਉਹ ਆਪਣੀਆਂ ਜੇਲ੍ਹਾਂ ਦੇ ਦਰਵਾਜ਼ੇ ਖੁੱਲ੍ਹੇ ਰੱਖੇ ਅਤੇ ਪੁਲਿਸ ਦੀਆਂ ਬੰਦੂਕਾਂ ਲੋਡ ਕਰਕੇ ਰੱਖੀਆਂ ਜਾਣ ਕਿਉਂਕਿ ਲਿੰਕ ਨਹਿਰ ਨਹੀਂ ਪੁੱਟਣ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਮੇਰੇ ਦਲ ਦੇ ਲੋਕ ਜੇਲ੍ਹਾਂ ਭਰ ਦੇਣਗੇ ਅਤੇ ਗੋਲੀਆਂ ਖਾਣ ਲਈ ਆਪਣੀਆਂ ਛਾਤੀਆਂ ਡਾਹ ਦੇਣਗੇ।" ਬਾਦਲ ਨੇ ਆਪਣੀ ਲੰਮੀ ਤਕਰੀਰ ਵਿੱਚ ਇਸ ਵਿਸ਼ੇ 'ਤੇ ਹੋਰ ਵੀ ਬਹੁਤ ਕੁੱਝ ਕਿਹਾ ਜੋ ਅੱਜ ਵੀ ਵਿਧਾਨ ਸਭਾ ਦੀ ਕਾਰਵਾਈ ਵਿਚੋਂ ਦੇਖਿਆ ਜਾ ਸਕਦਾ ਹੈ।

ਨਹਿਰ ਨੂੰ ਰੋਕਣ ਖਾਤਰ ਅਕਾਲੀ ਦਲ ਲਈ 8 ਅਪ੍ਰੈਲ 1982 ਨੂੰ ਕਪੂਰੀ ਮੋਰਚਾ ਲਾਇਆ ਜੋ ਕਿ 4 ਅਗਸਤ 1982 ਨੂੰ ਧਰਮ ਯੁੱਧ ਮੋਰਚੇ ਵਿੱਚ ਤਬਦੀਲ ਹੋ ਗਿਆ। ਮੋਰਚਾ ਸ਼ੁਰੂ ਕਰਨ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਮਾਰਕਸੀ ਵੀ ਨਾਲ ਸੀ। ਪਰ ਬਾਅਦ 'ਚ ਮੋਰਚੇ ਨੂੰ ਧਾਰਮਿਕ ਰੰਗਤ ਚੜ੍ਹਦੀ ਵੇਖ ਅਲਹਿਦਾ ਹੋ ਗਈ।

ਲੱਖਾਂ ਅਕਾਲੀ ਵਰਕਰਾਂ ਨੇ ਜੇਲ੍ਹਾਂ ਭਰੀਆਂ, ਸੈਂਕੜਿਆਂ ਨੇ ਪੁਲਿਸ ਦੀਆਂ ਗੋਲੀਆਂ ਖਾਧੀਆਂ। ਇਸ ਮੋਰਚੇ ਦਾ ਅਖੀਰ 3 ਤੋਂ 6 ਜੂਨ 1984 ਤੱਕ ਵਾਪਰੇ ਸਾਕਾ ਨੀਲਾ ਤਾਰਾ ਦੀ ਸ਼ਕਲ ਵਿੱਚ ਹੋਇਆ। ਜਿਸ ਵਿੱਚ ਹਜ਼ਾਰਾਂ ਸੰਗਤਾਂ ਫੌਜ ਦੀਆਂ ਗੋਲੀਆਂ ਅਤੇ ਬੰਬਾਂ ਨਾਲ ਸ਼ਹੀਦ ਹੋਈਆਂ। ਇਹ ਤੋਂ ਲਗਭਗ 13 ਮਹੀਨਿਆਂ ਬਾਅਦ ਅਕਾਲੀ ਦਲ ਨੇ 24 ਜੁਲਾਈ 1985 ਨੂੰ ਭਾਰਤ ਸਰਕਾਰ ਨਾਲ ਇੱਕ ਸਮਝੌਤਾ ਕੀਤਾ ਜਿਸ ਵਿੱਚ ਉਹੀ ਨਹਿਰ 15 ਅਗਸਤ 1986 ਤੱਕ ਪੱਟ ਕੇ ਦੇਣ ਦਾ ਵਚਨ ਕੀਤਾ ਜੀਹਨੂੰ ਰੋਕਣ ਖਾਤਰ ਸਵਾ ਤਿੰਨ ਸਾਲ ਪਹਿਲਾਂ ਮੋਰਚਾ ਲਾਇਆ ਸੀ। ਅਕਾਲੀ ਦਲ ਦੀ ਤਰਫੋਂ ਪਾਰਟੀ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸਮਝੌਤੇ 'ਤੇ ਦਸਖਤ ਕੀਤੇ। ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਨੇ ਪਹਿਲਾਂ ਇਸ ਸਮਝੌਤੇ ਦੀ ਮੁਖਾਲਫਤ ਕਰਦਿਆਂ ਲੌਂਗੋਵਾਲ ਨਾਲ ਰੋਸਾ ਦਿਖਾਇਆ ਪਰ 25 ਦਿਨਾਂ ਬਾਅਦ ਹੀ ਰੋਸਾ ਦੂਰ ਕਰਕੇ ਸੁਲਾਹ ਕਰ ਲਈ। ਸੁਲਾਹ ਨੂੰ ਜਗ ਜਾਹਿਰ ਕਰਦਿਆਂ 19 ਅਗਸਤ 1985 ਨੂੰ ਦੋਵਾਂ (ਬਾਦਲ-ਟੌਹੜੇ) ਨੇ ਲੌਂਗੋਵਾਲ ਨਾਲ ਫੋਟੋ ਖਿਚਾਈ। ਚੰਡੀਗੜ੍ਹ 'ਚ ਸ਼੍ਰੋਮਣੀ ਕਮੇਟੀ ਦੇ ਸਬ ਦਫਤਰ ਸੈਕਟਰ 5 ਦੀ 30 ਨੰਬਰ ਕੋਠੀ 'ਚ ਬੈਠ ਕੇ ਖਿਚਾਈ ਇਹ ਫੋਟੋ 20 ਅਗਸਤ ਦੇ ਅਖਬਾਰਾਂ ਵਿੱਚ ਨਸ਼ਰ ਹੋਈ। ਇਸੇ ਦਿਨ ਹੀ ਲੌਂਗੋਵਾਲ-ਰਾਜੀਵ ਗਾਂਧੀ ਸਮਝੌਤੇ ਤੋਂ ਖਫ਼ਾ ਹੋਏ ਖਾੜਕੂਆਂ ਨੇ ਸੰਗਰੂਰ ਜਿਲ੍ਹੇ ਦੇ ਸ਼ੇਰਪੁਰ ਪਿੰਡ ਵਿੱਚ ਸੰਤ ਲੌਂਗੋਵਾਲ ਨੂੰ ਕਤਲ ਕਰ ਦਿੱਤਾ।

29 ਸਤੰਬਰ 1985 ਨੂੰ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਨੂੰ ਬਹੁਮਤ ਮਿਲਿਆ ਤੇ ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਬਣੇ। ਪ੍ਰਕਾਸ਼ ਸਿੰਘ ਬਾਦਲ ਗ੍ਰਹਿ ਮੰਤਰੀ ਦਾ ਰੁਤਬਾ ਹਾਸਲ ਕਰਕੇ ਵਜਾਰਤ ਵਿੱਚ ਨੰਬਰ ਦੋ ਦੀ ਹੈਸੀਅਤ ਵਾਲੀ ਸ਼ਰਤ 'ਤੇ ਬਰਨਾਲਾ ਮੰਤਰੀ ਮੰਡਲ ਵਿੱਚ ਸ਼ਾਮਿਲ ਹੋਣਾ ਮੰਨ ਗਏ ਸਨ ਪਰ ਬਰਨਾਲਾ ਨਾ ਮੰਨੇ, ਇਹ ਗੱਲ ਉਹਨਾਂ ਨੇ 20 ਅਗਸਤ 1986 ਨੂੰ ਪੰਜਾਬੀ ਟ੍ਰਿਬਿਊਨ ਅਖਬਾਰ 'ਚ ਛਪੀ ਇੱਕ ਇੰਟਰਵਿਊ ਵਿੱਚ ਆਖੀ। ਲੌਂਗੋਵਾਲ ਸਮਝੌਤੇ 'ਤੇ ਫੁੱਲ ਚੜ੍ਹਾਉਂਦਿਆਂ ਬਰਨਾਲਾ ਨੇ ਨਹਿਰ ਦੀ ਪੁਟਾਈ ਦਾ ਕੰਮ ਜ਼ੋਰ-ਸ਼ੋਰ ਨਾਲ ਸ਼ੁਰੂ ਕਰ ਦਿੱਤਾ। 30 ਅਪ੍ਰੈਲ 1986 ਨੂੰ ਮੁੱਖ ਮੰਤਰੀ ਬਰਨਾਲਾ ਨੇ ਦਰਬਾਰ ਸਾਹਿਬ ਵਿੱਚ ਪੁਲਿਸ ਵਾੜੀ। ਇਸ ਐਕਸ਼ਨ ਤੋਂ ਨਰਾਜ਼ ਹੋਏ ਪ੍ਰਕਾਸ਼ ਸਿੰਘ ਬਾਦਲ ਤੇ ਗੁਰਚਰਨ ਸਿੰਘ ਟੌਹੜਾ, ਸੁਰਜੀਤ ਸਿੰਘ ਬਰਨਾਲਾ ਤੋਂ ਵੱਖ ਹੋ ਗਏ ਤੇ ਨਵੀਂ ਪਾਰਟੀ ਬਣਾ ਲਈ, ਬਾਦਲ ਏਹਦੇ ਪ੍ਰਧਾਨ ਬਣੇ। ਨਵੇਂ ਬਣੇ ਬਾਦਲ ਦਲ ਨੇ ਬਰਨਾਲਾ ਦੇ ਖਿਲਾਫ ਸਾਰੇ ਜਿਲ੍ਹਿਆਂ ਵਿੱਚ ਕਾਨਫਰੰਸਾਂ ਰੱਖੀਆਂ ਜਿਨ੍ਹਾਂ ਵਿੱਚ ਬਰਨਾਲਾ 'ਤੇ ਦਰਜਨਾਂ ਦੋਸ਼ ਲਾਏ ਗਏ ਪਰ ਇਹਨਾਂ ਵਿੱਚ ਨਹਿਰ ਦੀ ਪੁਟਾਈ ਕਰਨ ਦਾ ਕੋਈ ਦੋਸ਼ ਨਹੀਂ ਸੀ। ਨਹਿਰ ਨੂੰ ਰੋਕਣ ਖਾਤਰ ਖੂਨ ਵਹਾਅ ਦੇਣ ਵਾਲੀਆਂ ਗੱਲਾਂ ਸ਼ਾਇਦ ਬਾਦਲ ਸਾਹਿਬ ਭੁੱਲ ਚੁੱਕੇ ਸਨ। ਨਾਲੋ-ਨਾਲ ਟੌਹੜਾ ਵੀ ਨਹਿਰ ਰੋਕਣ ਖਾਤਰ 1978 ਵਰਗਾ ਪਹਿਰਾ ਦੇਣਾ ਭੁੱਲ ਚੁੱਕੇ ਸਨ।

11 ਮਈ 1987 ਨੂੰ ਕੇਂਦਰ ਨੇ ਬਰਨਾਲਾ ਸਰਕਾਰ ਤੋੜ ਕੇ ਗਵਰਨਰੀ ਰਾਜ ਲਾ ਦਿੱਤਾ। ਨਹਿਰ ਦਾ ਕੰਮ ਜਾਰੀ ਰਿਹਾ। ਜੁਲਾਈ 1990 ਵਿੱਚ ਖਾੜਕੂਆਂ ਨੇ ਚੰਡੀਗੜ੍ਹ ਐਸ. ਵਾਈ. ਐਲ. ਨਹਿਰ ਦੇ ਮੁੱਖ ਦਫ਼ਤਰ ਵਿੱਚ ਬੈਠੇ ਚੀਫ ਇੰਜਨੀਅਰ ਸਣੇ ਹੋਰ ਵੱਡੇ ਅਫਸਰਾਂ ਨੂੰ ਕਤਲ ਕਰ ਦਿੱਤਾ। ਖਾੜਕੂਆਂ ਦੀ ਧਮਕੀ ਦੇ ਮੱਦੇਨਜ਼ਰ ਨਹਿਰ 'ਤੇ ਕੰਮ ਕਰਦਾ ਸਾਰਾ ਅਮਲਾ ਫੈਲਾ ਭੱਜ ਗਿਆ। ਨਹਿਰ ਦਾ ਕੰਮ ਉਦੋਂ ਦਾ ਰੁਕਿਆ ਖੜ੍ਹਾ ਹੈ। 1996 ਵਿੱਚ ਹਰਿਆਣਾ ਨੇ ਸੁਪਰੀਮ ਕੋਰਟ ਵਿੱਚ ਕੇਸ ਲਾ ਕੇ ਨਹਿਰ ਮੁੜ ਸ਼ੁਰੂ ਕਰਾਉਣ ਦੀ ਮੰਗ ਕੀਤੀ। ਫਰਵਰੀ 1997 ਵਿੱਚ ਬਾਦਲ ਸਾਹਿਬ ਮੁੜ ਸੱਤਾ ਵਿੱਚ ਆ ਗਏ ਅਤੇ 5 ਸਾਲ ਰਾਜ ਕੀਤਾ। ਇਹ ਤੋਂ ਬਾਅਦ ਉਹ 2007 ਤੋਂ ਲੈ ਕੇ 2017 ਤੱਕ ਲਗਾਤਾਰ ਦਸ ਸਾਲ ਸੱਤਾ ਵਿੱਚ ਰਹੇ। ਇਹਨਾਂ ਪੰਦਰਾਂ ਵਰ੍ਹਿਆਂ ਵਿੱਚ ਬਾਦਲ ਸਾਹਿਬ ਨੇ ਨਹਿਰ ਨੂੰ ਰੋਕਣ ਖਾਤਰ ਡੱਕਾ ਦੂਹਰਾ ਨਹੀਂ ਕੀਤਾ। 2016 ਵਿੱਚ ਨਹਿਰ ਖਾਤਰ ਐਕੁਆਇਰ ਕੀਤੀ ਜ਼ਮੀਨ ਕਿਸਾਨਾਂ ਨੂੰ ਵਾਪਸ ਮੋੜਣ ਵਾਲਾ ਨੋਟੀਫਿਕੇਸ਼ਨ ਜਾਰੀ ਕੀਤਾ, ਉਹ ਵੀ ਉਦੋਂ ਜਦੋਂ ਸੁਪਰੀਮ ਕੋਰਟ ਵਿੱਚ ਪੰਜਾਬ ਦਾ ਸਮਝੌਤੇ ਤੋੜੂ ਐਕਟ 2004 ਦੀ ਹਾਰ ਹੋ ਗਈ। ਨਾ ਹੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪਾਸ ਕੀਤਾ ਇਹ ਐਕਟ ਸਥਾਈ ਹੱਲ ਸੀ ਤੇ ਨਾ ਹੀ 2016 ਵਾਲਾ ਬਾਦਲ ਸਾਹਿਬ ਦਾ ਨੋਟੀਫਿਕੇਸ਼ਨ ਪੱਕਾ ਹੱਲ ਹੈ ਤੇ ਨਾ ਹੀ ਇਹਦੇ ਨਾਲ ਸੁਪਰੀਮ ਕੋਰਟ ਵੱਲੋਂ ਨਹਿਰ ਪੱਟਣ ਵਾਲੇ ਫੈਸਲੇ 'ਤੇ ਕੋਈ ਅਸਰ ਪੈਣਾ ਹੈ। ਇਥੋਂ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਬਾਦਲ ਸਾਹਿਬ ਨੇ ਜੋ ਖੂਨ ਦੀਆਂ ਨਦੀਆਂ ਵਹਾ ਦੇਣ ਪਰ ਨਹਿਰ ਕਿਸੇ ਸੂਰਤ ਵਿੱਚ ਨਾ ਬਣਨ ਦੇਣ ਵਾਲੀ ਬਿਆਨਬਾਜ਼ੀ ਕੀਤੀ ਸੀ ਉਹ ਸੱਚੇ ਮਨੋਂ ਨਹੀਂ ਸੀ। ਇਸੇ ਤਰ੍ਹਾਂ ਦੀ ਬਿਆਨਬਾਜ਼ੀ ਉਨ੍ਹਾਂ ਨੇ ਆਪਣੀ ਸਰਕਾਰ ਦੇ ਆਖਰੀ ਦਿਨਾਂ ਵਿੱਚ ਕੀਤੀ ਸੀ। ਪੰਜਾਬ ਭਰ ਵਿੱਚ ਬਾਦਲ ਸਾਹਿਬ ਦੀ ਫੋਟੋ ਵਾਲੇ ਹੋਰਡਿੰਗ ਲਾ ਕੇ ਲਿਖਿਆ ਸੀ ਕਿ "ਭਾਵੇਂ ਵੱਡੀ ਤੋਂ ਵੱਡੀ ਕੁਰਬਾਨੀ ਕਰਨੀ ਪਵੇ ਨਹਿਰ ਕਿਸੇ ਵੀ ਕੀਮਤ 'ਤੇ ਨਹੀਂ ਬਣਨ ਦਿਆਂਗੇ।"

## ਮੋਦੀ ਸਰਕਾਰ ਦੇ ਤਿੰਨ ਸਾਲ ਦਾ 'ਸਰਕਾਰੋਤਸਵ'

ਬਾਕੀ

ਹੈ ਕਿ ਉਨ੍ਹਾਂ ਨੇ ਫਤਹਿ ਪ੍ਰਾਪਤ ਕਰ ਲਈ ਹੈ। ਮੀਡੀਆ ਦੇ ਦੀ ਕਲਪਨਾ ਦੇ ਪ੍ਰਧਾਨ ਮੰਤਰੀ ਹੁਣ ਤਾਕਤਵਰ ਵੀ ਹਨ।

ਮੋਦੀ ਸਰਕਾਰ ਆਪਣੇ ਆਪ ਨੂੰ ਤਾਕਤਵਰ ਵਜੋਂ ਪੇਸ਼ ਕਰਨਾ ਚਾਹੁੰਦੀ ਹੈ। ਜਿਵੇਂ ਸਾਕਾਲ ਅਖਬਾਰ ਨੇ ਪ੍ਰਧਾਨ ਮੰਤਰੀ ਨੂੰ 'ਬਾਹੂਬਲੀ' ਵਜੋਂ ਪੇਸ਼ ਕੀਤਾ ਹੈ। ਅਜਿਹਾ ਨਹੀਂ ਹੈ ਕਿ ਸਰਕਾਰੀ ਦਾਅਵਿਆਂ ਨੂੰ ਮੀਡੀਆ ਵਿਚ ਚੁਣੌਤੀ ਨਹੀਂ ਮਿਲ ਰਹੀ ਸਗੋਂ ਇਨ੍ਹਾਂ ਚੁਣੌਤੀਆਂ ਨੂੰ ਅਹਿਮ ਥਾਂ ਨਹੀਂ ਮਿਲ ਰਹੀ। ਬਿਜਲੀ ਨੂੰ ਲੈ ਕੇ ਕਿੰਨੇ ਦਾਅਵੇ ਕੀਤੇ ਜਾਂਦੇ ਹੈ। ਇਹ ਸਰਕਾਰ ਦਾ ਕਾਮਯਾਬ ਸੈਕਟਰ ਮੰਨਿਆ ਜਾਂਦਾ ਹੈ। ਪਰ 'ਇੰਡਿਆ ਸਪੈਂਡ' ਨਾਮ ਦੀ ਵੈੱਬਸਾਈਟ ਅਨੁਸਾਰ ਮੋਦੀ ਸਰਕਾਰ ਦਾਅਵਾ ਕਰਦੀ ਹੈ ਕਿ ਦੋ ਸਾਲ ਵਿਚ 13,523 ਪਿੰਡਾਂ ਦਾ ਬਿਜਲੀਕਰਨ ਹੋ ਗਿਆ ਹੈ। 2015 ਵਿਚ ਭਾਜਪਾ ਸਰਕਾਰ ਨੇ 18,452 ਪਿੰਡਾਂ ਦੀ ਪਛਾਣ ਕੀਤੀ ਸੀ, ਇਨ੍ਹਾਂ ਵਿਚੋਂ 73 ਫੀਸਦੀ ਤੱਕ ਬਿਜਲੀ ਪਹੁੰਚ ਗਈ ਹੈ। ਮਗਰ ਸਰਕਾਰ ਦੇ ਹੀ ਅੰਕੜੇ ਕਹਿੰਦੇ ਹਨ ਕਿ ਇਨ੍ਹਾਂ ਵਿਚੋਂ ਸਿਰਫ 8 ਫ਼ੀਸਦੀ ਪਿੰਡਾਂ ਦਾ ਹੀ ਸੰਪੂਰਨ ਬਿਜਲੀਕਰਨ ਹੋਇਆ ਹੈ ਯਾਨੀ ਇਨ੍ਹਾਂ ਪਿੰਡਾਂ ਦੇ ਸਾਰੇ ਘਰਾਂ ਵਿਚ ਬਿਜਲੀ ਦਾ ਕਨੈਕਸ਼ਨ ਨਹੀਂ ਅੱਪੜਿਆ। 'ਇੰਡੀਆ ਸਪੈਂਡ' ਦੀ ਸਾਇਟ 'ਤੇ ਕਿਹਾ ਗਿਆ ਹੈ ਕਿ 25 ਫ਼ੀਸਦੀ ਪੇਂਡੂ ਪਰਿਵਾਰਾਂ ਤੱਕ ਹਾਲੇ ਵੀ ਬਿਜਲੀ ਨਹੀਂ ਪਹੁੰਚੀ। ਇੱਕ ਪਿੰਡ ਵਿਚ ਜੇਕਰ ਸਕੂਲ, ਪੰਚਾਇਤ ਦਫ਼ਤਰ ਅਤੇ ਸਿਹਤ ਕੇਂਦਰਾਂ ਤੋਂ ਇਲਾਵਾ ਦਸ ਫ਼ੀਸਦੀ ਘਰਾਂ ਵਿਚ ਬਿਜਲੀ ਪੁੱਜਣ 'ਤੇ ਮਾਣ ਲਿਆ ਜਾਂਦਾ ਹੈ ਕਿ ਉਸ ਪਿੰਡ ਦਾ ਬਿਜਲਈਕਰਨ ਹੋ ਗਿਆ। ਜੇਕਰ ਕਿਸੇ ਪਿੰਡ ਦੇ 90 ਫੀਸਦੀ ਘਰਾਂ ਵਿਚ ਬਿਜਲੀ ਨਾ ਹੋਵੇ ਤਾਂ ਵੀ ਉਸ ਨੂੰ ਬਿਜਲੀ ਯੁਕਤ ਪਿੰਡ ਮੰਨ ਲਿਆ ਜਾਂਦਾ ਹੈ।

ਇਹ ਨੀਤੀਗਤ ਸਮੀਖਿਆ ਹੈ, ਪਰ ਗੈਸ ਸਿਲੰਡਰ ਵੰਡਣ ਵਿਚ ਸਰਕਾਰ ਦੀ ਕਾਮਯਾਬੀ ਦੀ ਵਿਰੋਧੀ ਧਿਰ ਨੇ ਵੀ ਆਲੋਚਨਾ ਨਹੀਂ ਕੀਤੀ। ਜ਼ਾਹਰ ਹੈ ਤੁਸੀਂ ਮੁਲੰਕਣ ਸਿਰਫ਼ ਆਲੋਚਨਾ ਨਾਲ ਨਹੀਂ ਕਰ ਸਕਦੇ, ਸਿਰਫ਼ ਦਾਅਵਿਆਂ ਨਾਲ ਨਹੀਂ ਕਰ ਸਕਦੇ। ਤੁਹਾਨੂੰ ਲੱਗਦਾ ਹੈ ਕਿ ਰੁਜ਼ਗਾਰ ਦੇ ਸਵਾਲ, ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਸਵਾਲ ਨਾਲ ਵਿਰੋਧੀ ਧਿਰ ਸਰਕਾਰ ਨੂੰ ਘੇਰਨ ਵਿਚ ਕਾਮਯਾਬ ਰਹੇਗਾ, ਸੋਚਣਾ ਜ਼ਰੂਰ।

### ਮੋਦੀ ਨੂੰ ਵਿਦੇਸ਼ ਨੀਤੀ ਸੋਧਣ ਦੀ ਲੋੜ

ਕੂਟਨੀਤੀ ਤੇ ਨਾਟਕੀਅਤਾ ਭਰਦਿਆਂ ਨਵੀਂ ਰੂਹ ਫੂਕੀ। ਪੌਪ ਸਟਾਰ ਮੇਲਿਆਂ ਦੀ ਤਰ੍ਹਾਂ ਭਾਰਤੀ ਡਾਇਸਪੋਰਾ ਨਾਲ ਮੇਲ-ਜੋਲ ਵਧਾਇਆ। ਪਾਕਿਸਤਾਨ ਨਾਲ ਸ਼ੁਰੂਆਤ ਚੰਗੀ ਕਰਦਿਆਂ ਆਪਣੀ ਸਰਕਾਰ ਦੇ ਹਲਫ਼ਦਾਰੀ ਸਮਾਗਮ ਮੌਕੇ ਸਾਰੇ ਸਾਰਕ ਦੇਸ਼ਾਂ ਦੇ ਆਗੂ ਬੁਲਾਏ ਗਏ, ਪਰ ਅਚਾਨਕ ਇਹ ਸਾਰਾ ਕੁਝ ਟਕਰਾਅ ਵਿੱਚ ਬਦਲ ਗਿਆ। ਮੋਦੀ ਦੀ ਚੀਨ ਦੇ ਰਾਸ਼ਟਰੀ ਸ਼ੀ ਚਿਨਪਿੰਗ ਨਾਲ ਵਧਾਈ ਨੇੜਤਾ ਰੰਗ ਨਾ ਵਿਖਾ ਸਕੀ ਕਿਉਂਕਿ ਚੀਨ ਸਰਦਾਰੀ ਚਾਹੁੰਦਾ ਸੀ ਨਾ ਕਿ ਭਾਈਵਾਲੀ। ਮੋਦੀ ਨੇ ਰਵਾਇਤੀ ਰਣਨੀਤੀ ਦਾ ਸਹਾਰਾ ਇਹ ਸੋਚ ਕੇ ਲਿਆ ਤਾਂ ਜੋ ਅਮਰੀਕਾ ਪੱਕੇ ਤੌਰ 'ਤੇ ਭਾਰਤ ਦੀ ਚੀਨ ਦੇ ਉਭਾਰ ਦਾ ਮੁਕਾਬਲਾ ਕਰਨ ਵਿੱਚ ਮਦਦ ਕਰੇਗਾ, ਪਾਕਿਸਤਾਨ ਕਮਜ਼ੋਰ ਹੋ ਜਾਏਗਾ ਅਤੇ ਅਫ਼ਗਾਨਿਸਤਾਨ ਵਿਚੋਂ ਅਮਰੀਕਾ ਦੇ ਫ਼ੌਜ ਹਟਾਉਣ ਬਾਅਦ ਅਲੱਗ-ਥਲੱਗ ਪੈ ਜਾਏਗਾ। ਚੀਨ ਗੁੱਸਾ ਵਿਖਾਏਗਾ, ਪਰ ਭਾਰਤੀ ਬਾਜ਼ਾਰ ਵਿੱਚ ਵਧੇਰੇ ਸ਼ਮੂਲੀਅਤ ਹੋਣ ਅਤੇ ਭਾਰਤ ਨਾਲ ਵਪਾਰ ਵਿੱਚ ਸੰਤੁਲਨ ਆਪਣੇ ਪੱਖ ਵਿਚ ਜ਼ਿਆਦਾ ਹੋਣ ਕਾਰਨ ਸਿੱਧੇ ਟਕਰਾਅ ਤੋਂ ਪ੍ਰਹੇਜ਼ ਕਰੇਗਾ। ਭਾਰਤ, ਚੀਨ-ਪਾਕਿ ਸਬੰਧਾਂ ਦੇ ਮੱਦੇਨਜ਼ਰ ਸਾਰਕ ਦੇਸ਼ ਜਾਂ ਤਾਂ ਨਿਰਪੱਖ ਰਹਿਣਗੇ ਅਤੇ ਜਾਂ ਫਿਰ ਭਾਰਤ ਵੱਲ ਝੁਕਣਗੇ; ਅਤੇ ਆਖ਼ਰਕਾਰ ਇਸਲਾਮਿਕ ਭਾਈਚਾਰਾ ਹਿੰਦੂਤਵ ਦੇ ਏਜੰਡੇ ਨੂੰ ਨਜ਼ਰਅੰਦਾਜ਼ ਕਰ ਦੇਵੇਗਾ ਅਤੇ ਗਊ ਹੱਤਿਆ ਤੇ ਤੀਹਰੇ ਤਲਾਕ ਮੁੱਦਿਆਂ ਰਾਹੀਂ ਘੱਟ-ਗਿਣਤੀਆਂ ਨੂੰ ਚੋਗਾ ਪਾ ਕੇ ਚੋਣਾਂ ਵਿੱਚ ਜਿੱਤ ਹਾਸਲ ਕਰੇਗਾ।

ਅੱਜ ਇਹ ਪੂਰਵ ਧਾਰਨਾਵਾਂ ਕਮਜ਼ੋਰ ਹੋ ਚੁੱਕੀਆਂ ਹਨ। ਰਾਸ਼ਟਰਪਤੀ ਡੋਨਲਡ ਟਰੰਪ ਨੇ ਮੁੱਢ ਵਿੱਚ ਚੀਨ ਨਾਲ ਕੁਝ ਖਹਿਣ ਤੋਂ ਬਾਅਦ ਅਮਰੀਕਾ ਦੀ ਵਿਦੇਸ਼ ਨੀਤੀ ਨੂੰ ਨਵਾਂ ਰੂਪ ਦੇਣ ਵਾਲੇ ਸਾਬਕਾ ਵਿਦੇਸ਼ ਮੰਤਰੀ ਹੈਨਰੀ ਕਿਸਿੰਜਰ ਜਿਹਾ ਪੈਂਤੜਾ ਅਪਣਾਉਂਦਿਆਂ ਚੀਨ ਨਾਲ ਸਮਝੌਤਾ ਸੰਭਵ ਬਣਾ ਲਿਆ। ਇਸ ਸਮਝੌਤੇ ਤਹਿਤ ਚੀਨ ਦੀਆਂ ਖੇਤਰੀ ਲਾਲਸਾਵਾਂ ਦਾ ਘੱਟ ਵਿਰੋਧ ਕਰਨ ਦੇ ਇਵਜ਼ ਵਿੱਚ ਅਮਰੀਕਾ ਨੂੰ ਚੀਨ ਆਪਣੇ ਕੌਮੀ ਬਾਜ਼ਾਰ ਵਿੱਚ ਵਧੇਰੇ ਰਸਾਈ ਦੇਵੇਗਾ ਅਤੇ ਅਮਰੀਕਾ ਵਿੱਚ ਵੀ ਨਿਵੇਸ਼ ਕਰੇਗਾ। ਟਰੰਪ ਨੇ ਟਰਾਂਸ-ਪੈਸੇਫਿਕ ਭਾਈਵਾਲੀ (ਟੀਪੀਪੀ) ਵਿਚੋਂ ਪੈਰ ਪਹਿਲਾਂ ਹੀ ਪਿਛਾਂਹ ਖਿੱਚ ਲਏ ਹਨ ਅਤੇ ਉਸ ਦੀ ਚੀਨ ਪ੍ਰਤੀ ਨਵੀਂ ਪਹੁੰਚ ਆਸੀਆਨ (ਏਸ਼ੀਆ ਤੇ ਦੱਖਣ ਪੂਰਬ ਏਸ਼ਿਆਈ ਸੰਗਠਨ) ਨੂੰ ਵਧੇਰੇ ਖੰਡਿਤ ਕਰ ਦੇਵੇਗੀ ਕਿਉਂਕਿ ਸੰਗਠਨ ਦੇ ਕਈ ਮੈਂਬਰ ਮੁਲਕ ਹੁਣ ਵੱਖ ਵੱਖ ਤੌਰ 'ਤੇ ਚੀਨ ਨਾਲ ਸਮਝੌਤੇ ਕਰਨ ਦੇ ਰਾਹ ਤੁਰ ਪੈਣਗੇ। ਇਸ ਦੌਰਾਨ ਭਾਰਤ 'ਬੈਲਟ ਐਂਡ ਰੋਡ' ਪਹਿਲਕਦਮੀ ਕਾਰਨ ਚੀਨ ਦਾ ਵਿਰੋਧ ਕਰ ਰਿਹਾ ਹੈ ਕਿਉਂਕਿ ਇਸ ਦਾ ਚੀਨ-ਪਾਕਿਸਤਾਨ ਆਰਥਿਕ ਗਲਿਆਰਾ (ਸੀਪੀਈਸੀ) ਗਿਲਗਿਤ-ਬਾਲਟਿਸਤਾਨ ਉੱਤੇ ਭਾਰਤੀ ਦਾਅਵਿਆਂ ਦੀ ਉਲੰਘਣਾ ਹੈ। ਚੀਨ-ਪਾਕਿਸਤਾਨ ਗਠਜੋੜ ਪੇਇਚਿੰਗ ਦੇ ਇਸ ਐਲਾਨ ਤੋਂ ਪ੍ਰਤੱਖ ਦਿਸਦਾ ਹੈ ਕਿ ਨਿਊਕਲੀਅਰ ਸਪਲਾਇਰਜ਼ ਗਰੁੱਪ ਵਿੱਚ ਭਾਰਤੀ ਮੈਂਬਰਸ਼ਿਪ ਪ੍ਰਤੀ ਇਸ ਦਾ ਰਵੱਈਆ ਨਾਂਹਪੱਖੀ ਹੈ। ਇਸ ਦੌਰਾਨ 19-21 ਮਈ ਨੂੰ ਟਰੰਪ ਦੇ ਸਾਊਦੀ ਅਰਬ ਦੌਰੇ ਸਮੇਂ ਪਾਕਿਸਤਾਨ ਸੁੰਨੀ ਹੁਕਮਰਾਨਾਂ ਦੀ ਸਭਾ ਵਿੱਚ ਵੀ ਸ਼ਾਮਲ ਹੋਇਆ, ਜਿੱਥੇ ਟਰੰਪ ਨੇ ਇਨ੍ਹਾਂ ਮੁਲਕਾਂ ਨੂੰ ਸਿਆਸਤ ਕੱਟੜ ਇਸਲਾਮ ਤੋਂ ਮੁਕਤ ਕਰਨ ਦੀ ਅਪੀਲ ਕੀਤੀ। ਫਿਰ ਉਸ ਨੇ ਇਰਾਨ ਦੇ ਮਿਜ਼ਾਈਲ ਪ੍ਰੋਗਰਾਮ ਦੀ ਆਲੋਚਨਾ ਕੀਤੀ ਅਤੇ ਅਤਿਵਾਦ ਨੂੰ ਸ਼ਹਿ ਦੇਣ ਕਾਰਨ ਇਸ ਨੂੰ ਫਿਟਕਾਰ ਪਾਈ। ਇਸ 'ਤੇ ਇਰਾਨ ਦੇ ਵਿਦੇਸ਼ ਮੰਤਰੀ ਜਾਵੇਦ ਜ਼ਰੀਫ ਨੇ ਟਵੀਟ ਕੀਤਾ: "ਇਰਾਨ ਵਿੱਚ ਹਾਲ ਹੀ ਵਿੱਚ ਹੋਈਆਂ ਚੋਣਾਂ ਮਗਰੋਂ ਜਮਹੂਰੀਅਤ ਅਤੇ ਸ਼ਾਂਤੀ ਦੇ ਗੜ੍ਹ ਵਿੱਚ ਅਮਰੀਕੀ ਰਾਸ਼ਟਰਪਤੀ ਨੇ ਇਰਾਨ ਉੱਤੇ ਸ਼ਬਦੀ ਹਮਲਾ ਕੀਤਾ ਹੈ। ਇਹ ਵਿਦੇਸ਼ ਨੀਤੀ ਹੈ ਜਾਂ ਸਾਊਦੀ ਅਰਬ ਸਲਤਨਤ ਤੋਂ 480 ਅਰਬ ਡਾਲਰ ਹਥਿਆਉਣਾ!" ਪਾਕਿਸਤਾਨ ਦਾ ਸਾਬਕਾ ਥਲ ਸੈਨਾ ਮੁਖੀ ਉਸ ਸੁੰਨੀ ਇਸਲਾਮਿਕ ਫ਼ੌਜੀ ਗਠਜੋੜ ਦਾ ਮੁਖੀ ਹੈ ਜਿਸ ਦੀ ਅਗਵਾਈ ਸਾਊਦੀ ਅਰਬ ਕਰ ਰਿਹਾ ਹੈ। ਪੇਇਚਿੰਗ ਵਿੱਚ ਪਾਕਿਸਤਾਨ ਪ੍ਰਤੀ ਪ੍ਰੇਮ ਰਾਗ ਅਲਾਪੇ ਗਏ ਸਨ, ਜਿੱਥੇ ਚੀਨ ਪਾਕਿਸਤਾਨ ਆਰਥਿਕ ਗਲਿਆਰੇ ਦੀਆਂ ਪਹਿਲਿਆਂ ਪ੍ਰਤੀਬੱਧਤਾਵਾਂ ਵਿੱਚ ਚੀਨ ਦੇ ਹਿੱਤ ਹੀ ਭਾਰੂ ਸਨ। ਇਸ ਨਾਲ ਪਾਕਿਸਤਾਨ ਕੋਈ ਅਲੱਗ ਥਲੱਗ ਨਹੀਂ ਪਿਆ। ਉੱਕੀ ਢੀਠਤਾਈ ਵਾਲੀ ਕਾਹਲੀ ਨਾਲ ਫ਼ੌਜੀ ਮੁਕੱਦਮਾ ਚਲਾ ਕੇ ਕੁਲਭੂਸ਼ਣ ਜਾਧਵ ਨੂੰ ਸੁਣਾਈ ਮੌਤ ਦੀ ਸਜ਼ਾ, ਚੀਨ ਦੇ ਆਪਣੇ ਪੱਖ ਵਿੱਚ ਹੋਣ ਕਾਰਨ ਪਾਕਿਸਤਾਨ ਅੰਦਰ ਜਾਗੇ ਆਤਮਵਿਸ਼ਵਾਸ ਵੱਲ ਇਸ਼ਾਰਾ ਕਰਦੀ ਹੈ।

ਏਸ਼ੀਆ ਵਿੱਚ ਨਵੀਂ ਸੁਰੱਖਿਆ ਵਿਵਸਥਾ ਲਾਗੂ ਕਰਨ ਲਈ ਆਸੀਆਨ ਤੋਂ ਇਲਾਵਾ ਆਸੀਆਨ ਰੀਜਨਲ ਫੋਰਮ (ਏਆਰਐੱਫ) ਅਤੇ ਈਸਟ ਏਸ਼ੀਆ ਸਮਿੱਟ (ਈਏਐੱਸ) ਜਿਹੇ ਨਵੇਂ ਸੰਗਠਨ ਬਣਾਏ ਗਏ ਹਨ। ਇਸ ਲਈ ਜੇ ਆਸੀਆਨ ਵੰਡਿਆ ਵੀ ਜਾਂਦਾ ਹੈ ਤਾਂ ਚੀਨ ਸਰਕਾਰ ਨਵੇਂ ਚੀਨ-ਕੇਂਦਰਿਤ ਸੰਗਠਨ ਬਣਾਉਣ ਲਈ ਪੂਰੀ ਵਾਹ ਲਾ ਸਕਦੀ ਹੈ। 'ਬੈਲਟ ਐਂਡ ਰੋਡ' ਪਹਿਲਕਦਮੀ ਚੀਨ ਕੇਂਦਰਿਤ ਵਿਵਸਥਾ ਦਾ ਮੂਲ ਆਧਾਰ ਹੋਵੇਗੀ। ਭਾਰਤ ਦੇ ਗੁਆਂਢੀ ਸਾਰਕ ਦੇਸ਼ ਪਹਿਲਾਂ ਹੀ ਪ੍ਰਤੱਖ ਤੌਰ 'ਤੇ ਇਸ ਵਿੱਚ ਸ਼ਾਮਲ ਹੋਣ ਲਈ ਤਰਲੋਮੱਛੀ ਹੋ ਰਹੇ ਹਨ।

ਇਸ ਲਈ ਆਪਣੇ ਕਾਰਜਕਾਲ ਦੇ ਤਿੰਨ ਸਾਲਾਂ ਮਗਰੋਂ ਪ੍ਰਧਾਨ ਮੰਤਰੀ ਮੋਦੀ ਨੂੰ ਨਵੀਂ ਦ੍ਰਿਸ਼ਾਵਲੀ ਦਾ ਸਾਹਮਣਾ ਕਰਨ ਲਈ ਨਵੀਂ ਰਣਨੀਤੀ ਦੀ ਲੋੜ ਹੈ। ਹੁਣ ਇਰਾਨ ਅਤੇ ਕੁਝ ਹੱਦ ਤਕ ਰੂਸ ਉਨ੍ਹਾਂ ਦੇ ਨਾਲ ਕੰਮ ਕਰਨ ਲਈ ਤਿਆਰ ਹਨ ਜਦੋਂਕਿ ਉਨ੍ਹਾਂ ਨੂੰ ਸੌਦੇਬਾਜ਼ ਬਿਰਤੀ ਵਾਲੇ ਟਰੰਪ, ਮੌਕਾਪ੍ਰਸਤ ਗੁਆਂਢੀਆਂ, ਧੱਕੜ ਚੀਨ ਅਤੇ ਮੁੜ ਉੱਭਰ ਰਹੇ ਪਾਕਿਸਤਾਨ ਨਾਲ ਸਿੱਝਣਾ ਪਵੇਗਾ। ਸਹੀ ਰਸਤਾ ਅਖ਼ਤਿਆਰ ਕਰਨ ਲਈ ਦੋ ਸਾਲ ਬਚੇ ਹਨ। ਇਸ ਵਿੱਚ ਨਾਕਾਮ ਰਹਿਣ ਦੀ ਸੂਰਤ ਵਿੱਚ ਉਨ੍ਹਾਂ ਵੱਲੋਂ ਦਿਖਾਈ ਜੁਮਲੇਬਾਜ਼ੀ, ਦੇਸ਼ ਵਿਦੇਸ਼ ਵਿਚ ਉਨ੍ਹਾਂ ਨੂੰ ਮਹਿੰਗੀ ਪਵੇਗੀ।

*ਲੇਖਕ ਵਿਦੇਸ਼ ਮੰਤਰਾਲੇ ਦਾ ਸਾਬਕਾ ਸਕੱਤਰ ਹੈ।

# Sir Speedy Tustin
Printers to the Community

**Outdoor 3'x11' Promo Flag**
Only $29/-
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
Only $69/-

**Receipt Books**
Customized with your information and design. 2 part carbonless with numbering and perforation.
Call for Price

**Retractable 33"x 80" Banner**
Includes stand and carry bag. Hi-res imaging, durable and Brilliant colors!
Only $225/-

**All Weather 18"x24" Yard Signs**
Includes H-stakes. Single sided, durable to sunlight and rain. Reusable!
$49/- for 4

**11" Printed Balloons**
Printed with your logo and info. One color, one location. Min. qty 1000
19¢ each

**Your Printed T-Shirts**
White T-Shirts, 1 color screen printing in 1 position. Min Qty. 100
Only $4.99

**Your Printed Caps**
1 color in 1 position. Min Qty. 100
Only $4.99

**Trip Envelopes** Qty 1000
Only $199/-

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



ਰਜਿੰਦਰ ਕੌਰ
ਫੋਨ: 98889-02339, 84271-12339

(ਭਾਗ ਛੇਵਾਂ)

## ਆ ਜਾਇਓ ਕਿਸੇ ਦਿਨ

ਆਪਣੇ ਨਾਨਕੀਂ ਹੀ ਹਾਂ ਮੈਂ - ਟਪਰੀਆਂ। 'ਕੋਟਲੇ' ਪੜ੍ਹਦੀ ਹਾਂ - ਦੂਜੀ ਜਮਾਤ ਵਿਚ - ਗੁਰਦੁਆਰਾ ਭੱਠਾ ਸਾਹਿਬ ਦੇ ਨਾਲ ਹੀ ਰੇਲਵੇ ਲਾਈਨ ਪਾਰ ਕਰਦਿਆਂ ਇਕ ਪ੍ਰਾਇਮਰੀ ਸਕੂਲ ਹੈ - 'ਗੰਗਾ ਰਾਮ ਦਾ ਸਕੂਲ' ਕਹਿੰਦੇ ਹਨ ਇਸ ਨੂੰ।

ਸਾਰੇ ਸਕੂਲ ਵਿਚ ਅਸੀਂ ਚਾਰ ਹੀ ਕੁੜੀਆਂ ਹਾਂ - 'ਤਾਰਾ' ਚੌਥੀ ਵਿਚ, ਪਾਲੋ ਤੀਜੀ ਵਿਚ, ਸਵਰਨੀ ਤੇ ਮੈਂ ਦੂਸਰੀ ਵਿਚ। ਤਾਰਾ ਕੋਟਲੇ ਤੋਂ ਆਉਂਦੀ ਹੈ, ਉਹ ਸਵਰਨੀ ਦੇ ਤਾਏ ਦੀ ਧੀ ਹੈ ਤੇ ਪਾਲੋ 'ਗਰੇਆਲ' ਤੋਂ।

ਸਵਰਨੀ ਤੇ ਮੇਰੀ ਜੋੜੀ ਪੱਕੀ ਹੈ। ਸਕੂਲ ਤੋਂ ਥੋੜ੍ਹਾ ਪਰ੍ਹਾਂ ਜਾਹ ਸਵਰਨੀ ਦਾ ਘਰ ਹੈ। ਸਵਰਨੀ 'ਕੱਲੀ 'ਕੱਲੀ ਉਲਾਦ ਹੈ ਆਪਣੇ ਮਾਂ ਬਾਪ ਦੀ। ਉਂਜ ਮੈਂ ਵੀ ਕਦੀ ਕਦੀ ਸਵਰਨੀ ਨਾਲ ਉਸ ਦੇ ਘਰ ਚਲੀ ਜਾਂਦੀ ਹਾਂ। ਸਵਰਨੀ ਦੀ ਬੇਬੇ ਮੈਨੂੰ ਵੀ ਉਸ ਵਾਂਗ ਬਹੁਤ ਪਿਆਰ ਕਰਦੀ ਹੈ। ਚਾਅ ਨਾਲ ਸਾਗ-ਮੱਕੀ ਦੀ ਰੋਟੀ ਮੱਖਣ ਖੁਆਉਂਦੀ ਹੈ ਸਾਨੂੰ।

ਕਦੀ ਕਦੀ ਅਸੀਂ ਸਵਰਨੀ ਦੇ ਤਾਇਆ ਜੀ ਦੇ ਘਰ ਵੀ ਜਾਂਦੀਆਂ ਹਾਂ ਜਿੱਥੇ 'ਤਾਰਾ' ਰਹਿੰਦੀ ਹੈ। ਇਹ ਘਰ ਪਿੰਡ ਦੇ ਐਨ ਗੱਭੇ ਹੈ। ਪੱਕਾ, ਕਈ ਚੁਬਾਰਿਆਂ ਵਾਲਾ। ਸਵਰਨੀ ਦੇ ਤਾਇਆ ਜੀ ਪਿੰਡ ਦੇ ਮੰਨੇ ਪ੍ਰਮੰਨੇ ਸਰਦਾਰ (ਮਨਸਾ ਸਿੰਘ) - ਬਾਜੀ (ਨਾਨਾ ਜੀ) ਨਾਲ ਇਨ੍ਹਾਂ ਦੀ ਬਹੁਤ ਮਲ੍ਹਾਜੇਦਾਰੀ ਹੈ ਖ਼ਾਸ ਤੌਰ 'ਤੇ ਭੱਠਾ ਸਾਹਿਬ ਗੁਰਦੁਆਰੇ ਆਉਂਦੇ ਜਾਂਦੇ ਮਿਲ ਬੈਠਦੇ ਹਨ- ਤਾਰਾ ਦੀ ਬੀਬੀ ਜੋ (ਦੇਖ ਨਹੀਂ ਸਕਦੀ) ਵੀ ਸਾਨੂੰ ਬਹੁਤ ਪਿਆਰ ਕਰਦੀ -ਚਾਓ ਨਾਲ ਖੁਆਉਂਦੀ ਪਿਆਉਂਦੀ - ਇੱਥੇ ਇਨ੍ਹਾਂ ਦੇ ਘਰ ਭਾਂਤ ਸੁਭਾਂਤੇ ਅਚਾਰ ਜੋ ਨਿੱਕੇ ਵੱਡੇ ਮਰਤਬਾਨਾਂ ਵਿਚ ਪਏ ਹੁੰਦੇ ਹਨ, ਸਾਨੂੰ ਇੱਥੇ ਖਿੱਚ ਲਿਆਉਂਦੇ ਹਨ, ਜਿਹੜਾ ਮਰਜ਼ੀ ਅਚਾਰ ਕੱਢ ਕੇ ਖਾਈ ਜਾਓ, ਕੋਈ ਰੋਕ ਟੋਕ ਨਹੀਂ ਹੁੰਦੀ।

ਭੱਠਾ ਸਾਹਿਬ ਗੁਰਦੁਆਰੇ ਮੂਹਰੇ ਇਕ ਖੂਹ ਹੈ। ਤੂਤਾਂ ਵਿਚ ਘਿਰਿਆ। ਗਰਮੀਆਂ ਵਿਚ ਹਲਟ ਚਲਦਾ ਹੁੰਦਾ ਅਸੀਂ ਬਸਤੇ ਇਕ ਪਾਸੇ ਸਿੱਟ ਨਹਾਉਂਦੀਆਂ - ਔਲੂ ਵਿਚ। ਮੌਜ ਮਸਤੀ ਕਰਦੀਆਂ - ਸਵਰਨੀ ਤੇ ਮੈਂ।

ਸਕੂਲ ਵਿਚ ਸਾਡਾ ਇਕ ਜਮਾਤੀ ਹੈ 'ਰੌਣਕੀ'। ਸਾਡਾ ਜੋਟੀਦਾਰ। ਭਿਓਰੇ ਪਿੰਡ ਦਾ। ਅਸੀਂ ਜਮਾਤ ਵਿਚ ਵੀ ਰਲ ਕੇ ਬੈਠਦੇ ਰਲਕੇ ਪੜ੍ਹਦੇ - ਰਲ ਕੇ ਹੀ ਖੇਡਦੇ - ਗੁੱਲੀ ਡੰਡਾ, ਗੀਠੇ ਖੇਡਣਾ ਵੀ ਤਾਂ ਸਾਨੂੰ ਰੌਣਕੀ ਨੇ ਹੀ ਸਿਖਾਇਆ ਹੈ। ਉਂਜ ਅਸੀਂ ਕਿਹੜਾ ਆਪਣੇ, ਆਪ ਨੂੰ ਮੁੰਡਿਆਂ ਤੋਂ ਘੱਟ ਸਮਝਦੀਆਂ ਹਾਂ। ਉਨ੍ਹਾਂ ਵਾਂਗ ਹੀ ਕੁੜਤੇ ਕੱਛੇ ਪਾਉਂਦੀਆਂ ਹਾਂ ਪੈਰੋਂ ਨੰਗੀਆਂ। ਦੁੜੰਗੇ ਲਾਉਂਦੀਆਂ। ਦਰੱਖ਼ਤਾਂ 'ਤੇ ਚੜ੍ਹਦੀਆਂ - ਖੇਡਦੀਆਂ - ਕੁੱਦਦੀਆਂ ਹਾਂ। ਉਂਜ ਮੈਂ ਦੱਸ ਦਿਆਂ ਜੁੱਤੀ ਤਾਂ ਕੋਈ ਵੀ ਨਿਆਣਾ ਨਹੀਂ ਪਾਉਂਦਾ। ਖ਼ਬਰੇ ਰਿਵਾਜ਼ ਹੀ ਨਹੀਂ ਹੈ ਜਾਂ ਕੋਈ ਹੋਰ ਗੱਲ ਹੈ, ਇਹ ਪਤਾ ਨਹੀਂ ਸਾਨੂੰ।

ਭੱਠਾ ਸਾਹਿਬ ਤੋਂ ਜੋ ਗੋਹਰ ਸਾਡੇ ਪਿੰਡ ਨੂੰ ਆਉਂਦੀ ਹੈ - ਕੱਚੀ ਰੇਤਲੀ, ਦੁਪਹਿਰ ਨੂੰ ਜਦ ਘਰ ਮੁੜਦੇ ਰੇਤ ਤਪੀ ਹੁੰਦੀ - ਪੈਰ ਸੜਦੇ ਤਾਂ ਅਸੀਂ ਕਿਤੇ ਕਿਤੇ ਉੱਗੇ ਘਾਹ ਦੇ ਚੇਪਿਆਂ 'ਤੇ ਨੱਠ ਨੱਠ ਪੈਰ ਧਰਦੇ, ਛਾਲਾਂ ਮਾਰਦੇ ਪੈਰਾਂ ਨੂੰ ਲੂਹਣ ਤੋਂ ਬਚਾਉਂਦੇ ਨੱਠੇ ਆਉਂਦੇ ਸੜਕ 'ਤੇ - ਇੱਥੇ ਛਾਵੇਂ ਆ ਠੰਢੀ ਠੰਢੀ ਸੜਕ 'ਤੇ ਮਾੜਾ ਜਿਹਾ ਪੈਰਾਂ ਨੂੰ ਅਰਾਮ ਮਿਲਦਾ।



ਚੰਨੋ ਮਾਸੀ ਦੇ ਵਿਆਹ ਵੇਲੇ - ਦਿਖਾਵਾ (ਨਾਨਕਾ ਘਰ- ਟੱਪਰੀਆਂ, ਅਪ੍ਰੈਲ 1949)

ਭੱਠਾ ਸਾਹਿਬ ਉਂ ਤਾਂ ਹਰ ਸੰਗਰਾਂਦ ਮੇਲਾ ਭਰਦਾ ਹੈ ਪਰ ਦਸਬੰਰ ਦੇ ਮਹੀਨੇ ਤਾਂ ਸਭਾ (ਜੋੜ ਮੇਲਾ) ਹੁੰਦੀ ਹੈ। ਪਹਿਲਾ ਦਿਨ ਸੰਗਰਾਂਦ, ਫੇਰ ਉਸ ਤੋਂ ਅਗਲੇ ਤਿੰਨ ਦਿਨ ਲਗਾਤਾਰ ਜੋੜ ਮੇਲਾ। ਇਸ ਤੋਂ ਬਾਅਦ ਇਕ ਇਕ ਦਿਨ ਛੱਡ ਕੇ ਚਮਕੌਰ ਸਾਹਿਬ ਤੇ ਫਤਹਿਗੜ੍ਹ ਸਾਹਿਬ ਵੀ ਇਸੇ ਤਰ੍ਹਾਂ ਹੀ 'ਸਭਾ' ਹੁੰਦੀ ਹੈ। ਸਭਾ ਨੂੰ ਦਿਨੇ ਰਾਤੀਂ ਗੁਰਦੁਆਰੇ ਸਾਹਿਬ ਦੇ ਅੰਦਰ ਦੀਵਾਨ ਸਜਦੇ ਹਨ - ਪਾਠ, ਕੀਰਤਨ ਤੇ ਢਾਡੀ ਜਥੇ ਰੌਣਕਾਂ ਬਨ੍ਹੰਦੇ ਹਨ।

ਮੈਨੂੰ ਯਾਦ ਆਉਂਦਾ ਹੈ - ਮੈਂ ਵੀ ਇਕ ਵਾਰ ਇਵੇਂ ਬਾਹਰ ਦੀਵਾਨ ਵਿਚ ਬੈਠੀ ਹਾਂ - ਤਖ਼ਤਪੋਸ਼ ਦੇ ਪਿੱਛੇ ਜਿੱਥੇ ਬੀੜ ਸਾਹਿਬ ਦਾ ਪ੍ਰਕਾਸ਼ ਹੋਇਆ ਹੈ। ਇੱਥੇ ਹੀ ਬੈਠਾ ਹੈ ਕੋਈ ਇਕ ਪੜ੍ਹਿਆ ਲਿਖਿਆ ਪਰਿਵਾਰ - ਉਂਜ ਬਹੁਤ ਸਾਰੇ ਲੋਕ ਹੁਣੇ ਪਾਕਿਸਤਾਨ ਤੋਂ ਆ ਰੋਪੜ ਵਸ ਗਏ ਹਨ। ਇਹ ਉਨ੍ਹਾਂ ਵਿਚੋਂ ਹੀ ਕੋਈ ਪਰਿਵਾਰ ਹੈ।

ਉਨ੍ਹਾਂ ਵਿਚੋਂ ਕਿਸੇ ਕੁੜੀ ਨੇ (ਜੋ ਲਗਭਗ ਮੇਰੀ ਹਾਣਨ ਹੈ) ਕਵਿਤਾ ਪੜ੍ਹਨੀ ਹੈ। ਉਸ ਦੀ ਵੱਡੀ ਭੈਣ ਉਸ ਨੂੰ ਕਾਹਲੀ ਕਾਹਲੀ ਕਵਿਤਾ ਲਿਖ ਕੇ ਦੇ ਰਹੀ ਹੈ (ਕਾਗਜ਼ 'ਤੇ)। ਮੈਂ ਉਸ ਦੇ ਛੋਹਲੇ ਹੱਥ ਨੂੰ ਨੱਚਦਿਆਂ ਦੇਖਦੀ ਹਾਂ। ਸੋਚਦੀ ਹਾਂ ਕਦੀ ਮੈਂ ਵੀ ਇੰਨਾ ਸੁਹਣਾ ਇੰਨੀ ਕਾਹਲੀ ਕਾਹਲੀ ਲਿਖ ਸਕਾਂਗੀ - ਕਾਸ਼!

ਇਸ ਘਟਨਾ ਮੈਨੂੰ ਲਿਖਦਿਆਂ, ਕੰਮ ਕਰਦਿਆਂ ਅਕਸਰ ਯਾਦ ਆ ਜਾਂਦੀ ਹੈ ਤੇ ਉਹ ਸੁਹਣੀ ਲਿਖਾਈ ਵਾਲੀ ਸੁਹਣੀ ਕੁੜੀ ਵੀ, ਹੂਬਹੂ - ਉਸੇ ਤਰ੍ਹਾਂ।

ਉਂਜ ਸਾਨੂੰ ਅੰਦਰ ਦੇ ਦੀਵਾਨ ਨਾਲੋਂ ਵੀ ਵਧੀਆ ਲਗਦਾ ਹੈ ਬਾਹਰ ਦਾ ਮੇਲਾ ਬਾਜ਼ਾਰ ਸਜੀਆਂ ਭਾਂਤ ਭਾਂਤ ਦੀਆਂ ਦੁਕਾਨਾਂ ਥਾਂ ਥਾਂ ਤੇ ਲੱਗੇ 'ਚੰਡੋਲ' (ਝੂਲੇ), ਜਾਦੂ ਦੇ ਖੇਡ ਹਾਂ ਜਾਦੂ ਦਾ ਖੇਲ ਤਾਂ ਇਧਰ ਸਾਡੇ ਸਕੂਲ ਦੇ ਥੜ੍ਹੇ 'ਤੇ ਹੀ ਹੁੰਦਾ ਹੈ। ਇੱਧਰ ਪਰਦਿਆਂ ਦੇ ਅੰਦਰ - ਪਰਦਿਆਂ ਦੇ ਅੰਦਰ ਕੀ ਹੁੰਦਾ ਹੈ ਇਹ ਤਾਂ ਅਸੀਂ ਕਦੇ ਦੇਖਿਆ ਹੀ ਨਹੀਂ ਹੈ। ਸਾਨੂੰ ਪਤਾ ਹੀ ਨਹੀਂ ਹੈ। ਪਰ ਬਾਹਰ ਜੋ ਇਕ ਉੱਚੇ ਫੱਟੇ 'ਤੇ ਅਜੀਬ ਜਿਹੇ ਕੱਪੜੇ ਪਾ ਮੋਟੀਆਂ ਮੋਟੀਆਂ ਅੱਖਾਂ ਮਟਕਾ ਮਟਕਾ ਹੱਥਾਂ 'ਤੇ ਫੱਟੀ ਜੇਹੀ ਮਾਰ, ਮਿਨਾਦੀ ਕਰਦਾ ਹੈ ਅਸੀਂ ਤਾਂ ਉਸ ਨੂੰ ਹੀ ਦੇਖ ਦੇਖ ਖੁਸ਼ ਹੋਈ ਜਾਂਦੇ ਹਾਂ, ਭੀੜ ਵਿਚ ਖੜ੍ਹੇ - ਹੋਰ ਲੋਕਾਂ ਵਾਂਗ।





ਸਭਾ ਦੇ ਦਿਨਾਂ ਵਿਚ ਘਰ ਵਿਚ ਵੀ ਪ੍ਰਹੁਣਿਆਂ ਦਾ ਅੰਤ ਨਹੀਂ ਹੁੰਦਾ। ਕਈ ਕਈ ਦਿਨ ਪਹਿਲਾਂ ਹੀ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਖਾਣ ਪੀਣ ਦਾ ਸਾਮਾਨ, ਕੱਪੜੇ ਬਿਸਤਰਿਆਂ ਦਾ ਪ੍ਰਬੰਧ, ਟੁੱਟੇ ਭੱਜੇ ਮੰਜਿਆਂ ਦੀ ਮੁਰੰਮਤ ਤੇ ਘਰ ਦੀ ਸਫਾਈ ਸ਼ੁਰੂ ਹੋ ਜਾਂਦੀ ਹੈ - "ਭਾਈ! ਸਭਾ ਆ ਗਈ, ਫਲਾਣੇ ਨੇ ਆਉਣਾ ਹੈ, ਫਲਾਣੇ ਨੇ ਆਉਣਾ ਹੈ", ਇਹੋ ਕਹਿੰਦੇ ਸੁਣਦੇ ਹਨ ਸਾਰੇ।

ਸਭਾ ਦੇ ਦਿਨੀਂ ਕੀ ਉਂਜ ਇੱਥੇ ਤਾਂ ਕਦੇ ਵੀ ਕੋਈ ਵੀ ਆ ਜਾ ਸਕਦਾ ਹੈ। ਕਿਹੜਾ ਕਿਸੇ ਨੇ ਪੁੱਛਣਾ ਹੈ ਜਾਂ ਦੱਸਣਾ ਹੈ। ਨਾ ਕਿਸੇ ਦੇ ਆਉਣ 'ਤੇ ਕੋਈ ਰੋਕ ਹੈ, ਨਾ ਜਾਣ 'ਤੇ ਕੋਈ ਇਤਰਾਜ਼। 'ਜੰਮ ਜੰਮ ਆਓ - ਜੀ ਸਦਕੇ ਜਾਓ' ਇਕ ਆ ਰਿਹਾ ਹੈ ਦੂਜਾ ਜਾ ਰਿਹਾ ਹੈ। ਤਿੰਨ ਚਾਰ ਦਿਨ ਜਾਂ ਵੱਧ ਵੀ ਰੱਜ ਕੇ ਗਹਿਮਾ ਗਹਿਮੀ। ਸਾਨੂੰ ਵੀ ਤਾਂ ਚਾਅ ਚੜ੍ਹਿਆ ਰਹਿੰਦਾ ਅੰਤਾਂ ਦਾ, ਮੇਲਾ ਜੋ ਹੈ, ਦਿਨ ਰਾਤ ਦਾ ਮੇਲਾ।

ਉਂਜ ਮੇਲੇ ਦਾ ਕੀ ਹੈ, ਕਿਤੇ ਵੀ ਲੱਗ ਜਾਂਦਾ ਹੈ, ਕਦੇ ਵੀ। ਦੁਨੀਆ ਨਾਂ ਹੀ ਮੇਲੇ ਦਾ ਹੈ। ਜੇ ਮੇਲਾ ਹੈ ਤਾਂ ਦੁਨੀਆ ਹੈ, ਜੋ ਦੁਨੀਆਂ ਹੈ ਤਾਂ ਮੇਲੇ ਵੀ ਹਨ।

ਇਨ੍ਹੀਂ ਦਿਨੀਂ - ਇਕ ਦਿਨ ਬੈਠੇ ਬੈਠੇ ਚੰਡੀਗੜ੍ਹ ਕਲਾ ਭਵਨ ਵਿਚ ਗੱਲਾਂ ਹੋ ਰਹੀਆਂ ਹਨ 'ਪੁਆਧੀ' ਹੋਰਾਂ ਨਾਲ। ਪਹਿਲਾਂ ਮੈਂ ਉਨ੍ਹਾਂ ਨੂੰ ਬਹੁਤੀ ਮਿਲੀ ਨਹੀਂ ਸਾਂ, ਜਾਣਦੀ ਵੀ ਨਹੀਂ ਸਾਂ, ਬਸ ਪਹਿਲੀ ਮੁਲਾਕਾਤ ਹੋਈ 'ਵਰਲਡ ਪੰਜਾਬੀ ਕਾਨਫਰੰਸ' ਵੇਲੇ - "ਨਵਤੇਜ ਪੁਆਧੀ"।

'ਪੁਆਧੀ' ਸੁਣ ਮੇਰੀ ਉਤਸੁਕਤਾ ਵਧੀ। "ਕਿਹੜੇ ਪਿੰਡ ਤੋਂ ਹੈ", ਮੈਂ ਪੁੱਛਦੀ ਹਾਂ।

"ਭਿਓਰਾ - ਭਿਓਰੇ ਤੋਂ।" ਬਹੁਤ ਚੰਗਾ ਲੱਗਾ।

ਫੇਰ ਪੰਜਾਬੀ ਟ੍ਰਿਬਿਊਨ ਵਿਚ ਛਪੀਆਂ ਉਨ੍ਹਾਂ ਦੀਆਂ ਇਕ ਦੋ ਕਹਾਣੀਆਂ ਪੜ੍ਹੀਆਂ। ਕੁਝ 'ਪੁਆਧੀ' ਬੋਲੀ ਵਿਚ ਲਿਖਿਆ, ਉਹ ਵੀ ਬਹੁਤ ਚੰਗੀਆਂ ਲੱਗੀਆਂ।

ਇਸ ਤਰ੍ਹਾਂ ਕਦੇ ਮਿਲਦੇ, ਨੇੜਤਾ ਹੁੰਦੀ ਗਈ। "ਪੁਆਧੀ ਸਾਹਿਬ, ਤੁਹਾਡੇ ਪਿੰਡ ਦਾ ਇਕ ਮੁੰਡਾ 'ਰੌਣਕੀ' ਸਾਡਾ ਜਮਾਤੀ ਹੁੰਦਾ ਸੀ ਕੋਟਲੇ ਸਕੂਲ, ਦੂਜੀ ਜਮਾਤ ਵਿਚ।" ਮੈਂ ਕਹਿੰਦੀ ਹਾਂ।

ਹੱਸ ਪਏ - "ਆ ਜਾਇਓ ਕਿਸੇ ਦਿਨ ਪਿੰਡ, ਮਿਲਾ ਦਿਆਂਗੇ ਤੁਹਾਨੂੰ 'ਰੌਣਕੀ' ਹੋਰਾਂ ਨਾਲ।" ਤੇ ਉਹ ਮੁਸਕੁੜੀਆਂ ਹੱਸਦੇ ਹੀ ਗਏ।

ਪਰ ਸਮਾਂ ਹੈ। ਸਮੇਂ ਦੀਆਂ ਕੌਣ ਬੁੱਝੇ, ਕੌਣ ਪਛਾਣੇ ਇਸ ਦੀਆਂ ਰਮਜ਼ਾਂ। ਤੇ ਇਕ ਦਿਨ ਉਹ ਕੁਝ ਹੋ ਗਿਆ ਜੋ ਨਹੀਂ ਹੋਣਾ ਚਾਹੀਦੀ ਸੀ, ਪਤਾ ਲੱਗਾ, ਨਵਤੇਜ ਪੁਆਧੀ ਅਚਾਨਕ ਹੀ...। ਜਿਵੇਂ ਕੋਈ ਭਾਣਾ ਵਰਤ ਗਿਆ ਹੋਵੇ।

ਅੱਜ ਮੈਂ ਉਨ੍ਹਾਂ ਦੇ ਭੋਗ 'ਤੇ ਬੈਠੀ ਹਾਂ 'ਭਿਓਰੇ' ਪੁਆਧੀ ਹੋਣਾਂ ਦੇ ਪਿੰਡ - 'ਸ਼ੋਕ ਸਭਾ' ਹੋ ਰਹੀ ਹੈ। ਪਰ ਮੈਂ ਤਾਂ ਉੱਥੇ ਹੋ ਕੇ ਵੀ ਉੱਥੇ ਨਹੀਂ ਹਾਂ। ਬਾਹਰ ਗੁਰਦੁਆਰਾ ਹੈ, ਪਰ੍ਹਾਂ ਗੋਹਰ, ਪਰ੍ਹਾਂ ਖੇਤ, ਖੂਹ, ਇੱਥੇ ਹੀ ਖੇਡਿਆ ਹੋਵੇਗਾ ਪੁਆਧੀ ਨੇ ਆਪਣਾ ਬਚਪਨ, ਫੇਰ ਜੁਆਨੀ। (ਮੇਰੇ ਸੱਜੇ ਬੈਠੇ ਹਨ ਉਨ੍ਹਾਂ ਦੀ ਧਰਮ ਪਤਨੀ), ਫੇਰ ਵਿਆਹ, ਤੇ ਫੇਰ..ਫੇਰ.. ਫੇਰ...ਨਿੱਕੇ ਨਵਤੇਜ ਤੋਂ ਪੁਆਧੀ ਤੱਕ ਫੇਰ ਅੱਜ ਤੱਕ ਦਾ ਸਫ਼ਰ, ਕਿੰਨਾ ਕੁਝ ਹੋ ਗਿਆ ਹੈ, ਮੈਂ ਤਾਂ ਕੁਝ ਵੀ ਨਹੀਂ ਜਾਣਦੀ ਹਾਂ, ਬਸ ਕਿਆਸ ਲਾਈ ਜਾ ਰਹੀ ਹਾਂ, ਸੁਣੀ ਜਾ ਰਹੀ ਹਾਂ, ਵਾਰੀ ਵਾਰੀ ਜੋ ਸਭ ਬੋਲ ਰਹੇ ਹਨ ਤੇ ਉਹ ਕੁਝ ਵੀ ਜੋ ਕੋਈ ਨਹੀਂ ਬੋਲ ਰਿਹਾ - ਮੇਰੀਆਂ ਭੁੱਬਾਂ ਨਿਕਲ ਰਹੀਆਂ ਹਨ - 'ਨਵਤੇਜ! ਮੈਂ ਤਾਂ ਆ ਗਈ ਹਾਂ - ਤੁਹਾਡੀ ਬਿਨ ਬੁਲਾਈ - ਲਿਆਓ ਮੈਨੂੰ ਮਿਲਾਓ 'ਰੌਣਕੀ' ਹੋਰਾਂ ਨਾਲ, ਤੁਸੀਂ ਤਾਂ ਮੇਰੇ ਨਾਲ ਵਾਅਦਾ ਕੀਤਾ ਸੀ।" ਸਵਰਨੀ ਵੀ ਆਈ ਹੋਈ ਹੈ, ਆਪਣੀ ਵੱਡੀ ਭੈਣ 'ਰਾਜਾ' ਨਾਲ। ਮਿਲਦੀਆਂ ਹਾਂ ਅਸੀਂ, ਅੰਤਾਂ ਦੀ ਭੀੜ ਵਿਚ ਬਹੁਤ ਜਾਣੇ ਪਛਾਣੇ ਚਿਹਰੇ ਹਨ। ਲੋਕ ਹਨ। ਢੇਰ ਸਾਰੇ ਸਵਾਲ ਹਨ, ਢੇਰ ਸਾਰੇ ਜਵਾਬ ਹਨ। ਸਭ ਦੀਆਂ ਅੱਖਾਂ ਹੰਝੂਆਂ ਵਿਚ ਨਮ ਪਰ ਸਭ ਖਾਮੋਸ਼ ਹਨ। ਅਸੀਂ ਤਾਂ ਬਸ ਇਕ ਦੂਜੀ ਨੂੰ ਦੇਖੀ ਹੀ ਜਾ ਰਹੀਆਂ ਹਾਂ ਜਿਵੇਂ ਸਾਡੇ ਜਵਾਬ ਤਾਂ ਮੁੱਕ ਹੀ ਗਏ ਹੋਣ, ਸਵਾਲ ਹੀ ਸਵਾਲ ਹਨ ਬਾਕੀ ਸਾਡੇ ਕੋਲ ਸਵਾਲ। ਜਵਾਬ ਤਾਂ 'ਉਹ' ਨਾਲ ਹੀ ਲੈ ਗਿਆ ਹੈ ਜੀਹਨੂੰ ਅਸੀਂ ਐਨੀ ਭੀੜ ਵਿਚ ਟੋਲ ਰਹੇ ਹਾਂ - ਪ੍ਰਸ਼ਨਾਂ ਦੀ ਭੀੜ ਵਿਚ, ਪ੍ਰਸ਼ਨ ਬਣੀ ਖੜ੍ਹੇ ਹਾਂ - ਮੂਕ।



ਕਰਤਾਰ-ਨਿਵਾਸੀ (ਸਾਡਾ ਘਰ) - ਜਟਾਣਾ

(ਬਾਕੀ ਅਗਲੇ ਅੰਕ 'ਚ)

# ਸੱਚ ਤੇ ਨਿਆਈਂ ਕਾਜ ਲਈ ਲੜੇ ਸਨ ਸਿੱਖ ਜੁਝਾਰੂ

ਦੇ ਦਸਤਿਆਂ ਨੂੰ ਮੰਜੀ ਸਾਹਿਬ ਵਾਲੇ ਪਾਸੇ ਤੋਂ ਪਰਿਕਰਮਾ ਅੰਦਰ ਦਾਖਲ ਹੋ ਕੇ ਅਕਾਲ ਤਖ਼ਤ ਤੱਕ ਪਹੁੰਚਣ ਦਾ ਰਾਹ ਪੱਧਰਾ ਕਰਨ ਦੀ ਜ਼ੁੰਮੇਵਾਰੀ ਸੌਂਪੀ ਗਈ ਸੀ।

ਗੜ੍ਹਵਾਲ ਰਜਮੈਂਟ ਦੀ ਨੌਂਵੀਂ ਬਟਾਲੀਅਨ ਨੂੰ ਦੱਖਣ ਵਾਲੇ ਪਾਸੇ ਤੋਂ ਸ਼ਹੀਦਾਂ ਵਾਲੇ ਗੇਟ ਰਾਹੀਂ ਪਰਿਕਰਮਾ ਅੰਦਰ ਦਾਖਲ ਹੋਣ ਲਈ ਤੈਨਾਤ ਕੀਤਾ ਗਿਆ ਸੀ। ਕੁਮਾਊਂ ਰਜਮੈਂਟ ਦੀ ਨੌਂਵੀਂ ਬਟਾਲੀਅਨ ਨੇ ਸਰਾਂ ਵਾਲੇ ਸਮੁੱਚੇ ਖੇਤਰ ਨੂੰ ਕਬਜ਼ੇ ਵਿਚ ਲੈਣਾ ਸੀ। ਅਕਾਲ ਤਖ਼ਤ ਉੱਤੇ ਫ਼ੌਜ ਦਾ ਕਬਜ਼ਾ ਹੋ ਜਾਣ ਦੀ ਸੂਰਤ ਵਿਚ ਸਪੈਸ਼ਲ ਫ਼ਰੰਟੀਅਰ ਫੋਰਸ ਨੂੰ ਅਕਾਲ ਤਖ਼ਤ ਅੰਦਰੋਂ ਅਸਲਾ ਤੇ ਹਥਿਆਰ ਬਰਾਮਦ ਕਰਨ ਲਈ ਤਿਆਰ ਰੱਖਿਆ ਗਿਆ ਸੀ।

ਨਵੰਬਰ 16 ਰਸਾਲੇ ਦੇ ਦਰਜਨ ਤੋਂ ਵੱਧ ਵਿਜੇਤਾ ਟੈਂਕ 7.62 ਮਿ.ਮੀ. ਮਸ਼ੀਨਗੰਨਾਂ ਦੇ ਗੋਲੇ ਦਾਗ਼ਣ ਲਈ ਦਰਬਾਰ ਸਾਹਿਬ ਦੇ ਆਲੇ-ਦੁਆਲੇ ਯੁਧਨੀਤਕ ਟਿਕਾਣਿਆਂ ਉੱਤੇ ਤੈਨਾਤ ਕੀਤੇ ਗਏ ਸਨ। ਦੋ ਚੇਤਕ ਹਵਾਈ ਜਹਾਜ਼ਾਂ ਨੂੰ ਦਰਬਾਰ ਸਾਹਿਬ ਉੱਤੇ ਨੀਵੀਂਆਂ ਉਡਾਰੀਆਂ ਭਰ ਕੇ ਮੋਰਚਿਆਂ ਵਿਚਲੇ ਫ਼ੌਜੀ ਜਵਾਨਾਂ ਨੂੰ ਕੰਟਰੋਲ ਰੂਮ ਦੇ ਜ਼ਰੀਏ ਸਿੰਘਾਂ ਦੇ ਮੋਰਚਿਆਂ ਦੀ ਠੀਕ-ਠੀਕ ਜਾਣਕਾਰੀ ਦੇਣ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਠੀਕ ਨਿਸ਼ਾਨਿਆਂ ਉੱਤੇ ਚੋਟ ਕਰਨ ਵਿਚ ਮਦਦ ਕਰਨ ਲਈ ਤਿਆਰ ਰੱਖਿਆ ਹੋਇਆਂ ਸੀ।

ਕਾਗ਼ਜ਼ਾਂ ਉੱਤੇ ਤਿਆਰ ਕੀਤੀ ਯੋਜਨਾ ਦੇ ਅਨੁਸਾਰ ਅਕਾਲ ਤਖ਼ਤ ਸਾਹਿਬ ਉੱਤੇ ਚੌਤਰਫ਼ਾ ਹੱਲਾ ਬੋਲਣ ਦੀ ਇਹ ਫ਼ੌਜੀ ਕਾਰਵਾਈ ਰਾਤ ਦੇ ਦਸ ਵਜੇ ਸ਼ੁਰੂ ਕੀਤੀ ਜਾਣੀ ਸੀ ਅਤੇ ਰਾਤ ਦੇ ਇਕ ਵਜੇ ਤੱਕ ਓਪਰੇਸ਼ਨ ਦਾ ਪਹਿਲਾ ਪੜਾਅ (ਜੁਝਾਰੂ ਸਿੰਘਾਂ ਦੀ ਲੜਾਕੂ ਸ਼ਕਤੀ ਨੂੰ ਮੁਕੰਮਲ ਤੌਰ 'ਤੇ ਨਕਾਰਾ ਕਰ ਦੇਣ) ਪੂਰਾ ਕਰ ਲੈਣ ਦਾ ਨਿਸ਼ਾਨਾ ਮਿਥਿਆ ਗਿਆ ਸੀ।

ਉਸ ਤੋਂ ਬਾਅਦ ਰਾਤ ਦੇ ਹਨੇਰੇ ਵਿਚ ਹੀ ਮੁਰਦਾ ਲਾਸ਼ਾਂ ਨੂੰ ਸੰਭਾਲਣ, ਜਿਉਂਦੇ ਜੀਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਸਾਰੇ ਅਹਾਤੇ ਦੀ ਭਰਵੀਂ ਤਲਾਸ਼ੀ ਲੈਣ ਦਾ ਅਮਲ ਸ਼ੁਰੂ ਹੋਣਾ ਸੀ। 6 ਜੂਨ ਦਾ ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਸਾਰਾ ਓਪਰੇਸ਼ਨ ਮੁਕੰਮਲ ਕਰਕੇ ਭਾਰਤੀ ਫ਼ੌਜ ਦੀ 'ਜਿੱਤ' ਦੇ ਜਸ਼ਨ ਮਨਾਏ ਜਾਣੇ ਸਨ।

ਫ਼ੌਜੀ ਦ੍ਰਿਸ਼ਟੀ ਤੋਂ ਦੇਖਿਆਂ ਇਹ ਟੱਕਰ ਸਰਾਸਰ ਬੇਮੇਚੀ ਸੀ। ਨਫ਼ਰੀ ਦੇ ਹਿਸਾਬ ਨਾਲ ਅਤੇ ਅਸਲੇ ਤੇ ਹਥਿਆਰਾਂ ਦੀ ਕੁਆਲਟੀ ਪੱਖੋਂ ਕੋਈ ਮੁਕਾਬਲਾ ਨਹੀਂ ਸੀ। ਇਕ ਪਾਸੇ ਦੁਨੀਆ ਦੀਆਂ ਸ਼ਕਤੀਸ਼ਾਲੀ ਫ਼ੌਜਾਂ ਵਿਚੋਂ ਗਿਣੀ ਜਾਂਦੀ ਭਾਰਤੀ ਫ਼ੌਜ ਸੀ, ਜਿਸ ਕੋਲ ਟੈਂਕ, ਬਖ਼ਤਰਬੰਦ ਗੱਡੀਆਂ, ਹਵਾਈ ਜਹਾਜ਼, ਹੈਲੀਕਾਪਟਰ ਅਤੇ ਭਾਰੀ ਤੋਪਖ਼ਾਨਾ ਸੀ। ਭਾਰਤੀ ਫ਼ੌਜ ਦੀਆਂ ਕੁਲ ਮਿਲਾ ਕੇ ਸੱਤ ਡਿਵੀਜ਼ਨਾਂ ਨੂੰ ਲੜਾਈ ਲਈ ਲਾਮਬੰਦ ਕੀਤਾ ਗਿਆ ਸੀ। ਇਕੱਲੇ ਦਰਬਾਰ ਸਾਹਿਬ ਉੱਤੇ ਹਮਲੇ ਦੀ ਕਾਰਵਾਈ ਵਿਚ ਹੀ ਘੱਟੋ-ਘੱਟ 15 ਹਜ਼ਾਰ ਫ਼ੌਜੀ ਜਵਾਨ ਸਿੱਧਾ ਹਿੱਸਾ ਲੈ ਰਹੇ ਸਨ। ਜ਼ਮੀਨੀ ਲਸ਼ਕਰ ਦੀ ਮਦਦ ਲਈ ਸਮੁੰਦਰੀ ਤੇ ਹਵਾਈ ਫ਼ੌਜ ਦੇ ਵੀ ਕੁਝ ਅੰਗ ਹਰਕਤ ਵਿਚ ਲਿਆਂਦੇ ਗਏ ਸਨ। ਭਾਰਤੀ ਫ਼ੌਜ ਕੋਲ ਉੱਤਮ ਅਸਲੇ ਤੇ ਹਥਿਆਰਾਂ ਤੋਂ ਇਲਾਵਾ ਆਹਲਾ ਦਰਜੇ ਦੇ ਸਾਧੇ ਹੋਏ ਜਰਨੈਲ ਸਨ। ਵਾਧੇ ਦੀ ਗੱਲ ਇਹ ਕਿ ਸਮੁੱਚੀ ਸਰਕਾਰੀ ਮਸ਼ੀਨਰੀ ਫ਼ੌਜ ਦੀ ਸੇਵਾ ਵਿਚ ਹਾਜ਼ਰ ਸੀ। ਦੂਜੇ ਪਾਸੇ ਗਿਣਤੀ ਦੇ ਜੁਝਾਰੂ ਸਿੰਘ ਸਨ (ਜਿਨ੍ਹਾਂ ਦੀ ਨਫ਼ਰੀ ਕਿਸੇ ਵੀ ਤਰ੍ਹਾਂ ਡੇਢ ਸੈਂਕੜੇ ਤੋਂ ਵੱਧ ਨਹੀਂ ਸੀ) ਅਤੇ ਉਨ੍ਹਾਂ ਕੋਲ ਉਂਗਲਾਂ ਤੇ ਗਿਣਨ ਜੋਗੀਆਂ ਹਲਕੀਆਂ ਮਸ਼ੀਨਗੰਨਾਂ ਸਨ। ਦਰਮਿਆਨੀ ਜਾਂ ਭਾਰੀ ਮਸ਼ੀਨਗੰਨ ਇਕ ਵੀ ਨਹੀਂ ਸੀ। ਨਾਂ-ਮਾਤਰ ਰਾਕਟ ਲਾਂਚਰ ਸਨ। ਬਾਕੀ ਸਾਧਾਰਨ ਕਿਸਮ ਦੀਆਂ ਰਾਈਫਲਾਂ ਤੇ ਹੱਥ ਗੋਲਿਆਂ (ਗਰਨੇਡ) ਤੋਂ ਬਿਨਾਂ ਉਨ੍ਹਾਂ ਕੋਲ ਹੋਰ ਕੋਈ ਹਥਿਆਰ ਨਹੀਂ ਸਨ।

ਪਰ ਇਸ ਫ਼ੌਜੀ ਪੱਖ ਦੀ ਕਮਜ਼ੋਰੀ ਦੀ ਤੁਲਨਾ ਵਿਚ ਜੁਝਾਰੂ ਸਿੰਘਾਂ ਦੇ ਨੈਤਿਕ ਪੱਖ ਵਾਲਾ ਪੱਲੜਾ ਕਿਤੇ ਵੱਧ ਵਜ਼ਨਦਾਰ ਸੀ। ਭਾਰਤੀ ਫ਼ੌਜ ਕਹਿਣ ਨੂੰ ਭਾਵੇਂ ਦੇਸ ਦੇ ਹਿਤਾਂ ਦੀ ਰੱਖਿਆ ਦੀ ਲੜਾਈ ਲੜ ਰਹੀ ਸੀ ਪਰ ਅਸਲੀਅਤ ਵਿਚ ਉਹ ਦੇਸ ਦੇ ਨਹੀਂ, ਦੇਸ ਦੇ ਧਿੰਗਾਣੇ ਹਾਕਮਾਂ ਦੇ ਪੱਖ ਦੀ ਲੜਾਈ ਲੜ ਰਹੀ ਸੀ। ਇਹ ਪੱਖ ਪੁੱਜ ਕੇ ਝੂਠਾ ਤੇ ਬੇ ਨਿਆਈਂ ਸੀ। ਇਸ ਦੀ ਤੁਲਨਾ ਵਿਚ ਸਿੱਖ ਜੁਝਾਰੂ ਜਿਸ ਕਾਜ ਲਈ ਲੜ ਰਹੇ ਸਨ ਉਹ ਸੱਚਾ ਤੇ ਨਿਆਈਂ ਸੀ। ਉਹ ਆਪਣੇ ਧਰਮ ਤੇ ਸਭਿਆਚਾਰ ਦੀ ਰਾਖੀ ਲਈ ਲੜ ਰਹੇ ਸਨ, ਕਿਸੇ ਦੇ ਧਰਮ ਤੇ ਸਭਿਆਚਾਰ ਨੂੰ ਉਜਾੜਨ ਲਈ ਨਹੀਂ। ਉਹ ਆਪਣੇ ਹੱਕਾਂ ਦੀ ਰਾਖੀ ਲਈ ਲੜ ਰਹੇ ਸਨ, ਕਿਸੇ ਦੇ ਹੱਕਾਂ ਨੂੰ ਲਿਤਾੜਨ ਲਈ ਨਹੀਂ। ਉਨ੍ਹਾਂ ਅੰਦਰ ਲੜਨ ਦਾ ਨਿਸ਼ਕਾਮ ਜਜ਼ਬਾ ਸੀ, ਜੂਝ ਮਰਨ ਦਾ ਦ੍ਰਿੜ ਨਿਸ਼ਚਾ ਸੀ ਅਤੇ ਆਪਣੇ ਗੁਰੂ ਦੇ ਚਰਨਾਂ ਵਿਚ ਸ਼ਹੀਦ ਹੋ ਜਾਣ ਦਾ ਨਿਰਮਲ ਚਾਉ ਸੀ। ਇਸ ਕਰਕੇ ਸਿੰਘਾਂ ਨੇ ਆਪਣੀ ਮੂਲੋਂ ਹੀ ਥੋੜ੍ਹੀ ਨਫ਼ਰੀ ਤੇ ਮਾੜੇ ਹਥਿਆਰਾਂ ਦੇ ਬਾਵਜੂਦ ਭਾਰਤੀ ਫ਼ੌਜ ਦੇ ਹੱਲੇ ਨੂੰ ਬੁਰੀ ਤਰ੍ਹਾਂ ਪਛਾੜ ਕੇ ਰੱਖ ਦਿੱਤਾ।

ਫ਼ੌਜੀ ਜਰਨੈਲ ਜਿਸ ਲੜਾਈ ਨੂੰ ਦੋ ਜਾਂ ਹੱਦ ਤਿੰਨ ਘੰਟਿਆਂ ਦੇ ਅੰਦਰ ਸਮੇਟ ਦੇਣ ਦੀ ਖ਼ੁਸ਼ਫਹਿਮੀ ਪਾਲੀ ਬੈਠੇ ਸਨ, ਉਹ ਉਮੀਦ ਨਾਲੋਂ ਕਿਤੇ ਵੱਧ ਲਮਕਵੀਂ ਤੇ ਜੋਖ਼ਮ ਭਰੀ ਸਾਬਤ ਹੋਈ। ਜਨਰਲ ਕੁਲਦੀਪ ਸਿੰਘ ਬਰਾੜ ਨੇ ਸਿੰਘਾਂ ਦੇ ਹੌਸਲੇ ਤੋੜਨ ਤੇ ਮੋਰਚੇ ਨਸ਼ਟ ਕਰਨ ਲਈ ਕਈ ਬਦਲਵੀਂਆਂ ਪੈਂਤੜਾ ਚਾਲਾਂ ਚੱਲੀਆਂ। ਪਰ ਜੁਝਾਰੂ ਸਿੰਘਾਂ ਦੀ ਕਹਿਰ ਵਰਸਾਉਂਦੀ ਜੁਆਬੀ ਗੋਲਾਬਾਰੀ ਉੱਤੇ ਕਾਬੂ ਪਾਉਣ ਦੀ ਪੂਰਵ-ਉਲੀਕੀ ਜਾਂ ਬਦਲਵੀਂ ਕੋਈ ਵੀ ਚਾਲ ਅਸਰਦਾਰ ਸਾਬਤ ਨਾ ਹੋਈ। ਫ਼ੌਜੀ ਕਮਾਂਡੋਆਂ ਦੀਆਂ ਚਕਰਾਤਾ ਵਿਖੇ ਮਹੀਨਿਆਂ ਬੱਧੀ ਕੀਤੀਆਂ ਮਸ਼ਕਾਂ ਉਕਾ ਹੀ ਬੇਫ਼ਾਇਦਾ ਬਣ ਕੇ ਰਹਿ ਗਈਆਂ। ਦੋ ਘੰਟਿਆਂ ਦੇ ਅੰਦਰ-ਅੰਦਰ ਅਕਾਲ ਤਖ਼ਤ ਉੱਤੇ ਕਬਜ਼ਾ ਕਰ ਲੈਣ ਦਾ ਟੀਚਾ ਤਾਂ ਦੂਰ ਰਿਹਾ, ਦੋ ਘੰਟਿਆਂ ਤੱਕ ਫੰਨੇ ਖਾਂ ਕਹੇ ਜਾਂਦੇ '10 ਗਾਰਡਜ਼' ਦੇ ਕਮਾਂਡੋ ਪਰਿਕਰਮਾ ਦੇ ਅੰਦਰ ਕਦਮ ਧਰਨ ਵਿਚ ਵੀ ਸਫਲ ਨਾ ਹੋ ਸਕੇ। ਮੁੱਖ ਦੁਆਰ ਦੀਆਂ ਪੌੜੀਆਂ ਹੀ ਉਨ੍ਹਾਂ ਲਈ ਮੌਤ ਦਾ ਖੂਹ ਬਣ ਕੇ ਰਹਿ ਗਈਆਂ। ਹਲਕੀਆਂ/ਭਾਰੀਆਂ ਸਭ ਮਸ਼ੀਨਗੰਨਾਂ ਤੇ ਤੋਪਾਂ ਗੋਲੇ ਵਰਸਾ-ਵਰਸਾ ਕੇ ਹੰਭ ਗਈਆਂ।

ਦਰਬਾਰ ਸਾਹਿਬ ਉੱਤੇ ਨੀਵੀਂਆਂ ਉਡਾਰੀਆਂ ਭਰ ਕੇ ਫ਼ੌਜੀ ਜਵਾਨਾਂ ਨੂੰ ਸਿੰਘਾਂ ਦੇ ਮੋਰਚਿਆਂ ਦੀਆਂ ਸੂਹਾਂ ਦੇ ਰਹੇ ਚੇਤਕ ਹਵਾਈ ਜਹਾਜ਼ ਵੀ ਛਿੱਥੇ ਪੈ ਗਏ। ਪਰ ਫ਼ੌਜੀ ਟੁਕੜੀਆਂ ਦੀ ਅਕਾਲ ਤਖ਼ਤ ਵੱਲ ਵਧਣ ਦੀ ਕੋਈ ਕੋਸ਼ਿਸ਼ ਸਫਲ ਨਾ ਹੋ ਸਕੀ।

ਜਨਰਲ ਬਰਾੜ ਦਾ ਵਿਚਾਰ ਸੀ ਕਿ ਉਹ ਜ਼ਮੀਨ ਤੇ ਅਸਮਾਨ ਨੂੰ ਕਾਂਬਾ ਛੇੜ ਦੇਣ ਵਾਲੇ 'ਸਟੱਨ ਗਰਨੇਡਾਂ' ਨਾਲ ਜੁਝਾਰੂ ਸਿੰਘਾਂ ਦੇ ਦਿਲਾਂ ਅੰਦਰ ਹੌਲ ਪਾ ਦੇਵੇਗਾ। ਪਰ ਸਿੰਘਾਂ ਨੇ ਇਨ੍ਹਾਂ 'ਸਟੱਨ ਗਰਨੇਡਾਂ' ਨੂੰ ਦੀਵਾਲੀ ਦੇ ਪਟਾਕਿਆਂ ਤੋਂ ਵੱਧ ਨਹੀਂ ਜਾਣਿਆਂ।

ਛੇਆਂ ਘੰਟਿਆਂ ਦੀਆਂ ਜੀਅ-ਤੋੜ ਕੋਸ਼ਿਸ਼ਾਂ ਦੇ ਬਾਵਜੂਦ ਅਤੇ ਕਲਪਨਾ ਨਾਲੋਂ ਕਿਤੇ ਵੱਧ ਜਾਨੀ ਨੁਕਸਾਨ ਕਰਾ ਬੈਠਣ ਤੋਂ ਬਾਅਦ ਵੀ ਫ਼ੌਜ ਦਾ ਅਕਾਲ ਤਖ਼ਤ ਵੱਲ ਵਧਣਾ ਮੁਹਾਲ ਬਣਿਆ ਰਿਹਾ। ਕੋਈ ਛੇ ਘੰਟੇ ਬੀਤ ਜਾਣ ਤੋਂ ਬਾਅਦ ਜਦ ਫ਼ੌਜੀ ਜਰਨੈਲਾਂ ਨੂੰ ਪਹੁ ਫੱਟ ਜਾਣ ਦਾ ਅਤੇ ਦਿਨ ਦੇ ਚਿੱਟੇ ਚਾਨਣ ਵਿਚ ਆਪਣੀ ਨਾਕਾਮੀ ਦੇ ਜੱਗ-ਜ਼ਾਹਰ ਹੋ ਜਾਣ ਦਾ ਡਰਾਉਣਾ ਖ਼ਿਆਲ ਸਤਾਉਣ ਲੱਗਾ ਤਾਂ ਉਨ੍ਹਾਂ 6 ਜੂਨ ਦੀ ਲੋਅ ਪਾਟਣ ਤੋਂ ਪਹਿਲਾਂ ਸਵੇਰ ਦੇ ਚਾਰ ਵਜੇ ਮੰਜੀ ਸਾਹਿਬ ਵਾਲੇ ਪਾਸਿਓਂ ਇਕ ਬਖ਼ਤਰਬੰਦ ਗੱਡੀ ਪਰਿਕਰਮਾ ਅੰਦਰ ਉਤਾਰੀ।

ਉਨ੍ਹਾਂ ਨੂੰ ਪੱਕਾ ਯਕੀਨ ਸੀ ਕਿ ਸਿੰਘ ਇਸ ਗੱਡੀ ਨੂੰ ਦੇਖਦਿਆਂ ਹੀ ਭੈਅ ਭੀਤ ਹੋ ਉਠਣਗੇ ਅਤੇ ਇਸ ਬਖ਼ਤਰਬੰਦ ਗੱਡੀ ਦਾ ਉਹ ਵਾਲ ਵੀ ਵਿੰਗਾ ਨਹੀਂ ਕਰ ਸਕਣਗੇ। ਪਰ ਬਖ਼ਤਰਬੰਦ ਗੱਡੀ ਅਜੇ ਪਰਿਕਰਮਾ ਦੇ ਅੱਧ ਵਿਚ ਸ਼ਹੀਦਾਂ ਵਾਲੇ ਗੇਟ ਦੇ ਸਾਹਮਣੇ ਹੀ ਪਹੁੰਚੀ ਸੀ ਕਿ ਸਿੰਘਾਂ ਵੱਲੋਂ ਨਿਸ਼ਾਨਾ ਸੇਧ ਕੇ ਦਾਗ਼ੇ ਗਏ ਰਾਕਟ ਲਾਂਚਰ ਨੇ ਇਸ ਨੂੰ ਥਾਏਂ ਨਕਾਰਾ ਕਰ ਦਿੱਤਾ। ਫ਼ੌਜੀ ਜਰਨੈਲਾਂ ਨੇ ਅਜਿਹੀ ਪਛਾੜ ਤਾਂ ਸੁਪਨੇ ਵਿਚ ਵੀ ਨਹੀਂ ਚਿਤਵੀ ਸੀ। ਇਸ ਕਰਕੇ ਇਸ ਨਾਲ ਉਨ੍ਹਾਂ ਅੰਦਰ ਇਕਦਮ ਘਬਰਾਹਟ ਫੈਲ ਗਈ। ਪੂਰਵ ਉਲੀਕੀਆਂ ਸਾਰੀਆਂ ਯੋਜਨਾਵਾਂ ਨੂੰ ਥਾਏਂ ਛੱਡਦਿਆਂ ਹੋਇਆਂ ਉਨ੍ਹਾਂ, ਭਾਰੀ ਕਾਹਲੀ ਤੇ ਘਬਰਾਹਟ ਵਿਚ, ਉਤਲੀ ਪੱਧਰ 'ਤੇ ਫੁਰਤੀ ਨਾਲ ਸਲਾਹ ਮਸ਼ਵਰੇ ਕਰਕੇ, ਅਕਾਲ ਤਖ਼ਤ ਉੱਤੇ ਸਿੱਧਾ ਟੈਂਕਾਂ ਨਾਲ ਹੱਲਾ ਬੋਲਣ ਦਾ ਨਿਰਣਾ ਕਰ ਲਿਆ।

ਮਿੰਟਾਂ ਦੇ ਅੰਦਰ ਹੀ ਛੇ ਵਿਜੇਤਾ ਟੈਂਕ ਸਰਾਂ ਵਾਲੇ ਪਾਸੇ ਦੀ ਵਿਚਕਾਰਲੀ ਸੜਕ ਉੱਤੇ ਆ ਪਰਗਟ ਹੋਏ। ਪਹਿਲਾਂ ਇਕ ਟੈਂਕ ਨੂੰ ਪਰਿਕਰਮਾ ਅੰਦਰ ਉਤਾਰਿਆ ਗਿਆ। ਪਰ ਰੱਬ-ਸਬੱਬੀਂ ਇਹ ਟੈਂਕ ਬਾਬਾ ਦੀਪ ਸਿੰਘ ਦੀ ਸਮਾਧ ਕੋਲ ਜਾ ਕੇ ਜ਼ਮੀਨ ਅੰਦਰ ਧਸ ਗਿਆ। ਫਿਰ ਇਕ ਹੋਰ ਟੈਂਕ ਲਿਆਂਦਾ ਗਿਆ। ਤਿਖੀ ਲਿਸ਼ਕੋਰ ਨਾਲ ਸਿੰਘਾਂ ਦੀਆਂ ਅੱਖਾਂ ਨੂੰ ਨਕਾਰਾ ਕਰ ਦੇਣ ਦੀ ਸੋਚ ਨਾਲ ਅਕਾਲ ਤਖ਼ਤ ਉੱਤੇ ਟੈਂਕਾਂ ਦੀਆਂ ਅਤੀ ਤੇਜ਼ ਰੌਸ਼ਨੀਆਂ (ਸਰਚ ਲਾਈਟਾਂ) ਮਾਰੀਆਂ ਗਈਆਂ। ਜਦ ਇਸ ਨਾਲ ਵੀ ਅਕਾਲ ਤਖ਼ਤ ਵਿਚੋਂ ਆਉਂਦੀ ਗੋਲੀਆਂ ਦੀ ਬੁਛਾੜ ਨਾ ਥੰਮ੍ਹੀ ਤਾਂ ਅਕਾਲ ਤਖ਼ਤ ਉੱਤੇ ਅੱਥਰੂ ਗੈਸ ਦੇ ਬੇਥਾਹ ਗੋਲੇ ਸੁੱਟੇ ਗਏ। ਪਰ ਅੱਥਰੂ ਗੈਸ ਵੀ ਆਪਣਾ ਕੋਈ ਅਸਰ ਨਾ ਦਿਖਾ ਸਕੀ। ਇਸ ਤੋਂ ਬਾਅਦ ਛਿੱਥੇ ਪਏ ਜਨਰਲ ਬਰਾੜ ਨੇ ਅਕਾਲ ਤਖ਼ਤ ਅੰਦਰ ਸੀ.ਐਸ. ਨਾਂ ਦੀ ਜ਼ਹਿਰੀਲੀ ਗੈਸ, ਕੌਮਾਂਤਰੀ ਕਾਨੂੰਨਾਂ ਅਨੁਸਾਰ ਜਿਸ ਦੀ ਜੰਗ ਅੰਦਰ ਵਰਤੋਂ ਵਰਜਿਤ ਕਰਾਰ ਦਿੱਤੀ ਗਈ ਹੈ, ਦੇ ਕਨਿਸਤਰ ਸੁੱਟਣ ਦੀ ਚਾਲ ਅਜ਼ਮਾਉਣ ਦਾ ਨਿਰਣਾ ਕਰ ਲਿਆ। ਪਰ ਸਿੰਘਾਂ ਨੇ ਦੁਸ਼ਮਣ ਦੀ ਹਰ ਚਾਲ ਨੂੰ ਪਛਾੜਦਿਆਂ ਹੋਇਆਂ ਫ਼ੌਜ ਨੂੰ ਅਕਾਲ ਤਖ਼ਤ ਵੱਲ ਵਧਣ ਤੋਂ ਲਗਾਤਾਰ ਡੱਕਾ ਲਾਈ ਰੱਖਿਆ। ਅਖੀਰ ਵਿਚ ਟੈਂਕਾਂ ਨੇ ਹੋਰ ਨੇੜੇ ਹੋ ਕੇ ਅਕਾਲ ਤਖ਼ਤ ਤੇ ਦਰਸ਼ਨੀ ਡਿਉਢੀ ਉੱਤੇ ਸਿੱਧੇ ਗੋਲੇ ਵਰਸਾਉਣੇ ਸ਼ੁਰੂ ਕਰ ਦਿੱਤੇ। ਪਹਿਲਾਂ ਅਜ਼ਮਾਇਸ਼ ਦੇ ਤੌਰ 'ਤੇ ਟੈਂਕ ਦੀ ਮਸ਼ੀਨ ਗੰਨ ਦੇ ਗੋਲੇ ਦਾਗੇ ਗਏ। ਫਿਰ ਟੈਂਕ ਦੀ ਮੁੱਖ ਤੋਪ (105 ਐਮ.ਐਮ.) 'ਚੋਂ 'ਹੈੱਸ਼' ਦੇ ਨਾਂ ਨਾਲ ਜਾਣੇ ਜਾਂਦੇ ਅਤੀ ਸ਼ਕਤੀਸ਼ਾਲੀ ਗੋਲਿਆਂ ਨੇ ਕਹਿਰ ਵਰਸਾਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਗੋਲਿਆਂ ਨੇ ਅਕਾਲ ਤਖ਼ਤ ਤੇ ਦਰਸ਼ਨੀ ਡਿਉਢੀ ਦੇ ਡਾਢੇ-ਤਕੜੇ ਢਾਂਚਿਆਂ ਅੰਦਰ ਵੱਡੇ ਮਘੋਰੇ ਖੋਲ੍ਹ ਦਿੱਤੇ। ਥੋੜ੍ਹੇ ਹੀ ਚਿਰ ਵਿਚ ਇਹ ਇਤਿਹਾਸਕ ਇਮਾਰਤਾਂ ਬੁਰੀ ਤਰ੍ਹਾਂ ਨਸ਼ਟ ਹੋ ਗਈਆਂ। ਪਰ ਇਸ ਦੇ ਬਾਵਜੂਦ ਅਕਾਲ ਤਖ਼ਤ ਅੰਦਰ ਡਟੇ ਗਿਣਤੀ ਦੇ ਸਿੰਘ ਭਾਰਤੀ ਫ਼ੌਜ ਦਾ ਬਹਾਦਰੀ ਨਾਲ ਮੁਕਾਬਲਾ ਕਰਦੇ ਰਹੇ। ਕਮਾਂਡੋਆਂ ਨੇ ਪਰਿਕਰਮਾ ਦੀਆਂ ਉੱਤਰੀ ਤੇ ਦੱਖਣੀ, ਦੋਨੋਂ ਬਾਹੀਆਂ ਤੋਂ ਅਕਾਲ ਤਖ਼ਤ ਵੱਲ ਵਧਣ ਦੀਆਂ ਕਈ ਜਾਂਬਾਜ਼ ਕੋਸ਼ਿਸ਼ਾਂ ਕੀਤੀਆਂ ਪਰ ਹਰ ਵਾਰ ਅਕਾਲ ਤਖ਼ਤ ਦੇ ਸਾਹਮਣੇ ਵਾਲਾ ਵਿਹੜਾ ਉਨ੍ਹਾਂ ਲਈ ਮੌਤ ਦਾ ਖੇਤਰ ਬਣਦਾ ਰਿਹਾ। ਬਾਅਦ ਵਿਚ ਜਨਰਲ ਬਰਾੜ ਨੇ ਇਹ ਗੱਲ ਨਿਝੱਕ ਮੰਨੀ ਕਿ ਇਹ ਥਾਂ ਉਨ੍ਹਾਂ ਲਈ 'ਮੁੱਖ ਕਤਲਗਾਹ' ਸਾਬਤ ਹੋਈ।

ਜਨਰਲ ਦਿਆਲ ਨੂੰ ਵੀ ਸਿੰਘਾਂ ਦੇ ਲੜਾਕੂ ਜਜ਼ਬੇ ਤੇ ਬਹਾਦਰੀ ਦਾ ਇਹ ਕਹਿੰਦਿਆਂ ਹੋਇਆਂ ਲੋਹਾ ਮੰਨਣਾ ਪਿਆ ਕਿ 'ਮੈਂ ਆਪਣੇ ਫ਼ੌਜੀ ਜੀਵਨ ਦੇ ਤੀਹ ਵਰ੍ਹਿਆਂ ਅੰਦਰ ਇਸ ਤਰ੍ਹਾਂ ਦੀ ਫਾਇਰ ਪਾਵਰ ਨਹੀਂ ਦੇਖੀ, ਪਾਕਿਸਤਾਨ ਨਾਲ ਜੰਗ ਦੇ ਦੌਰਾਨ ਵੀ ਨਹੀਂ।'

ਉਦੋਂ ਵੀ, ਜਦੋਂ ਅਕਾਲ ਤਖ਼ਤ ਦੇ ਢਾਂਚੇ ਵਿਚ ਖੁੱਲ੍ਹੇ ਵੱਡੇ ਮਘੋਰਿਆਂ ਰਾਹੀਂ ਭਾਰਤੀ ਫ਼ੌਜ ਮਣਾਂ-ਮੂੰਹੀ ਬਾਰੂਦ ਅੰਦਰ ਸੁੱਟ ਰਹੀ ਸੀ ਤੇ ਅਕਾਲ ਤਖ਼ਤ ਦੀਆਂ ਉਪਰਲੀਆਂ ਮੰਜ਼ਲਾਂ ਅੱਗ ਤੇ ਧੂੰਏਂ ਦੀ ਲਪੇਟ ਵਿਚ ਆਈਆਂ ਹੋਈਆਂ ਸਨ, ਅਕਾਲ ਤਖ਼ਤ ਦੀ ਹੇਠਲੀ ਮੰਜ਼ਿਲ ਵਿਚ ਡਟੇ ਜੁਝਾਰੂ ਸਿੰਘਾਂ ਨੇ ਲਗਾਤਾਰ ਜਚਵੀਂ ਟੱਕਰ ਦੇਣੀ ਜਾਰੀ ਰੱਖੀ।

6 ਜੂਨ ਨੂੰ ਵੱਡਾ ਦਿਨ ਚੜ੍ਹ ਪੈਣ ਤੱਕ ਟੈਂਕਾਂ ਦੀਆਂ ਤੋਪਾਂ ਅਕਾਲ ਤਖ਼ਤ ਸਾਹਿਬ ਉੱਤੇ ਬਿਨਾਂ ਸਾਹ ਲਏ ਗੋਲੇ ਸੁੱਟਦੀਆਂ ਰਹੀਆਂ। ਪ੍ਰੰਤੂ ਲਗਭਗ ਥੇਹ ਬਣ ਚੁੱਕੇ ਅਕਾਲ ਤਖ਼ਤ ਦੇ ਅੰਦਰ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਗਿਣਤੀ ਦੇ ਲੜਾਕੂ ਸਿੰਘ ਸਿੱਖੀ ਦੇ ਗੌਰਵਸ਼ਾਲੀ ਵਿਰਸੇ ਤੇ ਰਵਾਇਤਾਂ ਦੀ ਲਾਜ ਪਾਲਦੇ ਹੋਏ ਸਿਦਕ ਦਿਲੀ ਨਾਲ ਮੁਕਾਬਲੇ 'ਤੇ ਡਟੇ ਰਹੇ।

ਜਨਰਲ ਬਰਾੜ ਦੀ ਸੰਤ ਭਿੰਡਰਾਂਵਾਲੇ ਕੋਲੋਂ ਦੋ ਘੰਟਿਆਂ ਦੇ ਅੰਦਰ-ਅੰਦਰ ਆਤਮ-ਸਮਰਪਣ ਕਰਵਾ ਲੈਣ ਦੀ ਹੋਛੀ ਫੜ੍ਹ ਉਸ ਲਈ ਅੰਤਾਂ ਦੀ ਨਮੋਸ਼ੀ ਤੇ ਸ਼ਰਮਿੰਦਗੀ ਦਾ ਕਾਰਨ ਬਣ ਰਹੀ ਸੀ। ਉਂਗਲਾਂ 'ਤੇ ਗਿਣਨ ਜੋਗੇ ਸਿੰਘਾਂ ਨੂੰ ਫ਼ੌਜ ਦੇ ਭਾਰੀ ਲਸ਼ਕਰ ਨਾਲ ਮੁਕਾਬਲਾ ਕਰਦਿਆਂ 50 ਘੰਟੇ ਤੋਂ ਵੱਧ ਸਮਾਂ ਬੀਤ ਚੁੱਕਾ ਸੀ। ਟੈਂਕਾਂ ਦੇ ਗੋਲਿਆਂ ਨੇ ਅਕਾਲ ਤਖ਼ਤ ਨੂੰ ਹਾਲੋਂ ਬੇਹਾਲ ਕਰਕੇ ਰੱਖ ਦਿੱਤਾ ਹੋਇਆਂ ਸੀ।

ਅਕਾਲ ਤਖ਼ਤ ਤੇ ਹਰਿਮੰਦਰ ਸਾਹਿਬ ਦੀ ਅਜ਼ਮਤ ਦੀ ਰਾਖੀ ਕਰਦੇ ਬਹੁਤੇ ਸਿੰਘ ਸ਼ਹੀਦ ਹੋ ਚੁੱਕੇ ਸਨ। 6 ਜੂਨ ਦੀ ਸਵੇਰ ਨੂੰ ਸੰਤ ਜਰਨੈਲ ਸਿੰਘ ਨੇ ਆਪਣੇ ਗਿਣਤੀ ਦੇ ਬਚੇ ਹੋਏ ਯੋਧਿਆਂ ਨੂੰ ਅਕਾਲ ਤਖ਼ਤ ਸਾਹਿਬ ਦੇ ਭੋਰੇ ਅੰਦਰ ਇਕੱਠਿਆਂ ਕਰਕੇ ਸਾਰੇ ਹਾਲਾਤ, ਜੋ ਸਾਰਿਆਂ ਨੂੰ ਹੀ ਸਪਸ਼ਟ ਸਨ, ਤੋਂ ਜਾਣੂ ਕਰਵਾਇਆ ਅਤੇ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਸੂਰਤ ਵਿਚ ਭਾਰਤੀ ਫ਼ੌਜ ਨੂੰ ਲੋਹੇ ਦੇ ਚਨੇ ਚਬਾਉਣ ਦੇ ਆਪਣੇ ਪ੍ਰਣ ਉੱਤੇ ਸੰਤੁਸ਼ਟੀ ਜ਼ਾਹਰ ਕਰਦਿਆਂ ਹੋਇਆਂ ਗੁਰੂ ਦੇ ਚਰਨਾਂ ਵਿਚ ਸ਼ਹਾਦਤ ਦਾ ਜਾਮ ਪੀਣ ਦੀ ਸੁਲੱਖਣੀ ਘੜੀ ਦੇ ਆ ਪਹੁੰਚਣ ਦਾ ਐਲਾਨ ਕੀਤਾ।

ਕੁਝ ਸਿੰਘਾਂ ਨੇ ਸੰਤਾਂ ਨੂੰ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਨੂੰ ਸੁਯੋਗ ਅਗਵਾਈ ਦੇਣ ਲਈ ਦੁਸ਼ਮਣ ਦੇ ਘੇਰੇ ਵਿਚੋਂ ਬਚ ਕੇ ਨਿਕਲ ਜਾਣ ਦੀ ਬੇਨਤੀ ਕੀਤੀ। ਘੇਰੇ ਵਿਚੋਂ ਬਚ ਕੇ ਨਿਕਲ ਜਾਣ ਦੇ ਰਾਹ ਭਾਵੇਂ ਅਜੇ ਵੀ ਖੁੱਲ੍ਹੇ ਸਨ (ਕਿਹਾ ਜਾਂਦਾ ਹੈ ਕਿ ਕੁਝ ਸਿੰਘ ਸਾਂਝੀ ਰਜ਼ਾ ਨਾਲ ਘੇਰੇ ਵਿਚੋਂ ਨਿਕਲ ਵੀ ਗਏ ਸਨ) ਪ੍ਰੰਤੂ ਸੰਤ ਜਰਨੈਲ ਸਿੰਘ ਨੇ ਸਿੰਘਾਂ ਦੀ ਇਸ ਬੇਨਤੀ ਨੂੰ ਪਿਆਰ ਤੇ ਦ੍ਰਿੜ੍ਹਤਾ ਨਾਲ ਠੁਕਰਾਅ ਦਿੱਤਾ ਅਤੇ ਗੁਰੂ ਦੇ ਚਰਨਾਂ ਵਿਚ ਸੀਸ ਵਾਰਨ ਦੀ ਆਪਣੀ ਅਡੋਲ ਇੱਛਾ ਨੂੰ ਉਨ੍ਹਾਂ ਦੇ ਅੰਤਿਮ ਫ਼ੈਸਲੇ ਵਜੋਂ ਪਰਵਾਨ ਕਰਨ ਲਈ ਕਿਹਾ।

ਇਸ ਤੋਂ ਬਾਅਦ ਸਿੰਘਾਂ ਨੇ ਇਹੋ ਬੇਨਤੀ ਭਾਈ ਅਮਰੀਕ ਸਿੰਘ ਅੱਗੇ ਦੁਹਰਾਈ ਪਰ ਭਾਈ ਸਾਹਿਬ ਹੋਰਾਂ ਸਚਖੰਡ ਤੱਕ ਸੰਤਾਂ ਦਾ ਸਾਥ ਨਿਭਾਉਣ ਦੀ ਆਪਣੀ ਤੀਬਰ ਇੱਛਾ ਤੇ ਪ੍ਰਣ ਤੋਂ ਕਿਸੇ ਵੀ ਸੂਰਤ ਪਿਛਾਂਹ ਨਾ ਹਟਣ ਦਾ ਦ੍ਰਿੜ੍ਹ ਫ਼ੈਸਲਾ ਸੁਣਾਉਂਦਿਆਂ ਹੋਇਆਂ ਸ਼ਹੀਦੀ ਕਮਰਕੱਸੇ ਕਰਨੇ ਸ਼ੁਰੂ ਕਰ ਦਿੱਤੇ।

ਸੰਤ ਜਰਨੈਲ ਸਿੰਘ ਸਮੇਤ ਅਕਾਲ ਤਖ਼ਤ ਦੇ ਭੋਰੇ ਅੰਦਰ ਮੌਜੂਦ ਦੋ ਦਰਜਨ ਦੇ ਕਰੀਬ ਧਰਮੀ ਯੋਧਿਆਂ ਦੇ ਹੱਥ ਅਰਦਾਸ ਲਈ ਜੁੜੇ। ਅਰਦਾਸ ਹੋਈ ਅਤੇ ਜੈਕਾਰਾ ਛੱਡਣ ਤੋਂ ਬਾਅਦ ਉਹੀ ਹੱਥ ਮੁੜ ਆਪੋ ਆਪਣੇ ਹਥਿਆਰਾਂ ਦੇ ਮੁੱਠਿਆਂ ਨੂੰ ਜਾ ਜੁੜੇ।

ਅੱਗੇ-ਅੱਗੇ ਸੰਤ ਤੇ ਪਿੱਛੇ ਉਨ੍ਹਾਂ ਦੇ ਸਿਦਕੀ ਸਿੰਘ ਜੈਕਾਰੇ ਗੁੰਜਾਉਂਦੇ ਸਾਹਮਣੇ ਵਿਹੜੇ ਵਿਚ ਨਿਕਲ ਆਏ। ਇਸ 'ਕੌਤਕ' ਨੂੰ ਦੇਖ ਕੇ ਇਕ ਵਾਰ ਤਾਂ ਦੁਸ਼ਮਣ ਦੇ ਪੈਰਾਂ ਥੱਲਿਓਂ ਜ਼ਮੀਨ ਖਿਸਕ ਗਈ। ਕੁਝ ਹੀ ਪਲਾਂ ਬਾਅਦ ਚੁਫੇਰਿਓਂ ਗੋਲੀਆਂ ਤੇ ਗਰਨੇਡਾਂ ਦੀ ਜ਼ੋਰਦਾਰ ਬੁਛਾੜ ਆਈ ਅਤੇ ਮਰਦ ਅਗੰਮੜੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖ ਵਿਰਸੇ ਦੀ ਲਾਜ ਪਾਲਦੇ ਤੇ ਆਪਣਾ ਕਿਹਾ ਹੋਇਆਂ ਵਚਨ ਨਿਭਾਉਂਦੇ ਹੋਏ ਨਿਸ਼ਾਨ ਸਾਹਿਬਾਨ ਤੋਂ ਕੁਝ ਹੀ ਫੁੱਟ ਦੀ ਦੂਰੀ ਉੱਤੇ ਸ਼ਹੀਦ ਹੋ ਗਏ। ਮਗਰੇ ਹੀ ਭਾਈ ਅਮਰੀਕ ਸਿੰਘ ਤੇ ਹੋਰ ਸਿੰਘ ਵੀ ਗੁਰੂ ਘਰ ਦੀ ਰੱਖਿਆ ਕਰਦੇ ਹੋਏ ਗੁਰੂ ਨੂੰ ਪਿਆਰੇ ਹੋ ਗਏ।

ਜਨਰਲ ਸੁਬੇਗ਼ ਸਿੰਘ ਦੀ ਮ੍ਰਿਤਕ ਦੇਹ ਅਕਾਲ ਤਖ਼ਤ ਸਾਹਿਬ ਦੇ ਭੋਰੇ ਵਿਚੋਂ ਬਰਾਮਦ ਹੋਈ ਦੱਸੀ ਗਈ। ਕੁਝ ਪੱਤਰਕਾਰਾਂ ਦੀਆਂ ਰਿਪੋਰਟਾਂ ਮੁਤਾਬਕ ਜਨਰਲ ਸੁਬੇਗ਼ ਸਿੰਘ ਦੇ ਗੁੱਟਾਂ ਉੱਤੇ ਰੱਸੇ ਦੇ ਨਿਸ਼ਾਨ ਸਨ। ਸਮਝਿਆ ਜਾਂਦਾ ਹੈ ਕਿ ਫ਼ੌਜ ਦੇ ਅਣਚਿਤਵੇ ਭਾਰੀ ਜਾਨੀ ਨੁਕਸਾਨ ਸਦਕਾ ਕਰੋਧ ਵਿਚ ਆਏ ਫ਼ੌਜੀ ਜਰਨੈਲਾਂ ਨੇ ਆਪਣੀ ਵਿਹੁ ਲਾਹੁਣ ਲਈ ਜਨਰਲ ਸੁਬੇਗ਼ ਸਿੰਘ ਨੂੰ ਸਖ਼ਤ ਜ਼ਖ਼ਮੀ ਹਾਲਤ ਵਿਚ ਗੁੱਟਾਂ ਤੋਂ ਰੱਸੀਆਂ ਨਾਲ ਬੰਨ੍ਹ ਕੇ ਘੜੀਸਿਆ ਅਤੇ ਫਿਰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ।

ਅਗਲੇ ਦਿਨ 7 ਜੂਨ ਦੀ ਸ਼ਾਮ ਨੂੰ ਸੰਤ ਜਰਨੈਲ ਸਿੰਘ ਤੇ ਭਾਈ ਅਮਰੀਕ ਸਿੰਘ ਦੇ ਮ੍ਰਿਤਕ ਸਰੀਰਾਂ ਦਾ ਫ਼ੌਜ ਦੀ ਕਰੜੀ ਨਿਗਰਾਨੀ ਹੇਠ ਨਗਰਪਾਲਿਕਾ ਦੇ ਚਾਟੀਵਿੰਡ ਸ਼ਮਸ਼ਾਨਘਾਟ ਵਿਖੇ ਦਾਹ ਸੰਸਕਾਰ ਕਰ ਦਿੱਤਾ ਗਿਆ। ਇਸ ਤਰ੍ਹਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਇਸ ਸ਼ਹਾਦਤ ਨਾਲ ਸਿੱਖ ਸੰਘਰਸ਼ ਦੇ ਇਕ ਦੌਰ ਦੀ ਸਮਾਪਤੀ ਹੋ ਗਈ। ਪਰ ਇਸ ਦੇ ਨਾਲ ਹੀ ਇਕ ਨਵਾਂ ਹੋਣੀ ਭਰਪੂਰ ਦੌਰ ਆਰੰਭ ਹੋ ਗਿਆ।

# ਜ਼ਖਮਾਂ ਨੂੰ ਰੌਸ਼ਨੀ ਵਿਚ ਵਿੱਚ ਬਦਲ ਕੇ ਅੱਗੇ ਵਧੀਏ

ਪਾਉਂਦੀ ਹੈ। ਉਸਦੀ ਦੂਜੀ ਕਿਤਾਬ "he Art of not being Governed" ਵੀ ਦਾਬੇ ਅਤੇ ਰਾਜਸੀ ਗ਼ੁਲਾਮੀ ਦਾ ਜੂਲਾ ਆਪਣੇ ਗਲ ਪਵਾਉਣ ਤੋਂ ਆਕੀ ਕੌਮਾਂ ਦੀ ਦਿਲ ਟੁੰਬਵੀਂ ਦਾਸਤਾਨ ਹੈ। ਜੇਮਜ਼ ਸੀ ਸਕਾਟ ਅਮਰੀਕਾ ਦੀ ਯੇਲ ਯੂਨੀਵਰਸਿਟੀ ਵਿਚ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਹਨ ਅਤੇ ਗ਼ੁਲਾਮ ਕੌਮਾਂ ਦੀਆਂ ਭਾਵਨਾਵਾਂ ਬਾਰੇ ਲਗਾਤਾਰ ਖੋਜ ਕਰ ਰਹੇ ਹਨ।

ਸਭਿਆਚਾਰਕ ਦਾਬੇ ਅਤੇ ਸਾਮਰਾਜੀ ਤਾਕਤਾਂ ਦੇ ਵਿਚਾਰਧਾਰਕ ਹਮਲੇ ਦੀਆਂ ਜੜ੍ਹਾਂ ਐਡਵਰਡ ਐਚ ਸਈਅਦ ਨੇ ਫੜੀਆਂ ਹਨ ਉਹ ਸਾਮਰਾਜੀ ਤਾਕਤਾਂ ਵਲੋਂ ਸਮੁੱਚੀ ਦੁਨੀਆਂ ਦੇ ਸਭਿਆਚਾਰਾਂ ਨੂੰ ਮਲੀਆਮੇਟ ਕਰਕੇ ਇਕੋ ਰੰਗ ਦੇ ਸਭਿਆਚਾਰ ਦਾ ਛੱਟਾ ਦੇਣ ਦੀਆਂ ਰਾਜਸੀ, ਫੌਜੀ ਅਤੇ ਵਿਚਾਰਧਾਰਕ ਕਾਰਵਾਈਆਂ ਦਾ ਪਾਜ ਆਪਣੀ ਪੁਸਤਕ "Culture and Imperialism" ਵਿਚ ਉਘੇੜਦਾ ਹੈ। ਭਾਰਤ ਨੂੰ ਇਕੋ ਸਰਬਸਾਂਝੀ ਕੌਮ ਦੇ ਤੌਰ 'ਤੇ ਸਿਰਜਣ ਦੀਆਂ ਚਾਹਵਾਨ ਤਾਕਤਾਂ ਵੀ ਉਸੇ ਢੰਗ ਨਾਲ ਘੱਟ ਗਿਣਤੀ ਕੌਮਾਂ 'ਤੇ ਆਪਣਾ ਤਾਜ਼ਾ ਹਮਲਾ ਕਰ ਰਹੀਆਂ ਹਨ।ਇਸਦੀ ਮਿਸਾਲ ਕੈਨੇਡਾ ਦੀ ਇਕ ਯੂਨੀਵਰਸਿਟੀ ਵਿਚ ਇਕ ਸਿੱਖ ਚੇਅਰ ਦੀ ਸਥਾਪਤੀ ਹੈ ਦੀ ਹੈ। ਕੈਨੇਡੀਅਨ ਯੂਨੀਵਰਸਿਟੀ ਵਿਚ ਸਥਾਪਤ ਹੋਈ ਸਿੱਖ ਚੇਅਰ ਦੇ ਮੁਖੀ ਦੀ ਭਾਰਤ ਸਰਕਾਰ ਨੇ ਉਦੋਂ ਤਕ ਨਿਯੁਕਤੀ ਨਹੀਂ ਹੋਣ ਦਿੱਤੀ ਜਦੋਂ ਤਕ ਉਸ ਨੂੰ ਅਜਿਹਾ ਵਿਦਵਾਨ ਨਹੀਂ ਮਿਲ ਗਿਆ ਜੋ ਸਿੱਖੀ ਅਤੇ ਗੁਰਬਾਣੀ ਦੀ ਵਿਆਖਿਆ ਭਾਰਤੀ ਨੇਸ਼ਨ ਸਟੇਟ ਦੇ ਵੱਡੇ ਪ੍ਰਾਜੈਕਟ ਅਨੁਸਾਰ ਕਰ ਸਕਦਾ ਹੋਵੇ। ਇਕ ਵਿਦੇਸ਼ੀ ਯੂਨੀਵਰਸਿਟੀ ਵਿਚ ਕਿਸੇ ਮੁਖੀ ਦੀ ਨਿਯੁਕਤੀ ਲਈ ਜੇ ਭਾਰਤੀ ਸਟੇਟ ਏਨੀ ਸੰਵੇਦਨਸ਼ੀਲ ਹੋ ਸਕਦੀ ਹੈ ਫਿਰ ਭਾਰਤੀ ਅਦਾਰਿਆਂ ਵਿਚ ਸੰਵੇਦਨਸ਼ੀਲ ਥਾਵਾਂ 'ਤੇ ਨਿਯੁਕਤੀਆਂ ਕਿਵੇਂ ਹੁੰਦੀਆਂ ਹੋਣਗੀਆਂ ਇਸ ਬਾਰੇ ਕੋਈ ਸ਼ੱਕ ਨਹੀਂ ਰਹਿ ਜਾਂਦਾ।

ਸੈਮੂਅਲ ਹਟਿੰਗਟਨ ਨੇ ਸੰਨ 1993 ਵਿਚ ਆਪਣੀ ਰਚਨਾ "Clash of Civilization" ਨਾਲ ਇਸਲਾਮ ਅਤੇ ਇਸਾਈਅਤ ਦੀ ਟੱਕਰ ਦੀ ਵਿਚਾਰਧਾਰਕ ਨੀਂਹ ਰੱਖ ਦਿੱਤੀ ਸੀ ਪਰ ਕੋਈ ਸਿੱਖ ਵਿਦਵਾਨ ਸਭਿਆਤਾਵਾਂ ਦੇ ਇਸ ਭੇੜ ਵਿਚ ਸਿੱਖ ਸਭਿਅਤਾ ਦੇ ਭਵਿੱਖ ਦੀ ਬਾਤ ਨਾ ਪਾ ਸਕਿਆ ਕਿਉਂਕਿ 1984 ਦੇ ਸਾਕੇ ਨੂੰ ਰੌਸ਼ਨੀ ਦੀ ਮਸ਼ਾਲ ਵਾਂਗ ਬਾਲਣ ਦਾ ਚਾਅ ਅਤੇ ਉਮੰਗ ਸਾਡੇ ਵਿਚ ਪੈਦਾ ਨਹੀਂ ਹੋ ਰਹੀ। ਪ੍ਰਸਿੱਧ ਪੱਤਰਕਾਰ ਰਾਬਰਟ ਫਿਕਸ ਨੇ "The Great War for Civilization" ਨਾਲ ਮੱਧ ਪੂਰਬ ਦੇ ਸੰਕਟ ਨਾਲ ਸੰਸਾਰ ਭਰ 'ਤੇ ਪੈ ਰਹੇ ਅਸਰਾਂ ਦਾ ਮੁਤਾਲਿਆ ਕੀਤਾ ਹੈ ਨਸਲਕੁਸ਼ੀ ਬਾਰੇ ਖੋਜ ਕਰ ਰਹੇ ਜਾਂ ਖੋਜ ਕਰਨ ਦੇ ਚਾਹਵਾਨ ਸਿੱਖ ਵਿਦਿਆਰਥੀਆਂ ਲਈ ਇਹ ਪੁਸਤਕ ਬਹੁਮੁੱਲੀ ਸਾਬਤ ਹੋ ਸਕਦੀ ਹੈ।

ਸਿੱਖ ਲਗਾਤਾਰ ਇਹ ਆਖ ਰਹੇ ਹਨ ਕਿ ਭਾਰਤੀ ਸਟੇਟ ਨੇ ਸਾਡੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਕੀਤੀ ਹੈ ਪਰ ਅਸੀਂ ਇਸ ਖੇਤਰ ਵਿਚ ਵੀ ਸਿਰਫ ਪ੍ਰਤੀਕਿਰਿਆਵਾਦੀ ਪਹੁੰਚ ਤੋਂ ਅੱਗੇ ਨਹੀਂ ਵਧ ਸਕੇ। ਠੀਕ ਹੈ ਕਿ ਪਿਛਲੇ ਸਮੇਂ ਦੌਰਾਨ ਮਨੁੱਖੀ ਅਧਿਕਾਰਾਂ ਦੀ ਲਹਿਰ ਵੀ ਇਕ ਜੰਗ ਦੀ ਸਥਿਤੀ ਵਿਚ ਰਹੀ ਹੈ ਪਰ ਉਸ ਜੰਗ ਤੋਂ ਬਾਅਦ ਵੀ ਕਾਨੂੰਨ ਦੇ ਕਿਸੇ ਸਿੱਖ ਵਿਦਿਆਰਥੀ ਦਾ ਅਜਿਹਾ ਖੋਜ ਕਾਰਜ ਸਾਹਮਣੇ ਨਹੀਂ ਆਇਆ ਜਿਹੋ ਜਿਹਾ ਜੈਫਰੀ ਰੌਬਰਟਸਨ ਦਾ ਆਇਆ ਹੈ। ਲੰਡਨ ਦੇ ਲਾਅ ਸਕੂਲ ਵਿਚ ਪ੍ਰੋਫੈਸਰ ਅਤੇ ਇੰਗਲੈਂਡ ਦੇ ਪ੍ਰਸਿੱਧ ਵਕੀਲ ਜੈਫਰੀ ਰੌਬਰਟਸਨ ਨੇ ਆਪਣੀਆਂ ਦੋ ਪ੍ਰਸਿੱਧ ਕਿਤਾਬਾਂ ਨਾਲ ਮਨੁੱਖੀ ਅਧਿਕਾਰਾਂ ਦੀ ਲਹਿਰ ਨੂੰ ਸੰਸਾਰ ਪੱਧਰੀ ਮਾਨਤਾ ਅਤੇ ਵਿਆਖਿਆ ਪ੍ਰਦਾਨ ਕਰ ਦਿੱਤੀ ਹੈ। ਆਪਣੀ ਪਹਿਲੀ ਕਿਤਾਬ "Crimes Against Humanity" ਰਾਹੀਂ ਉਨ੍ਹਾਂ ਨੇ ਸੰਸਾਰ ਭਰ ਵਿਚ ਸਰਕਾਰਾਂ ਵਲੋਂ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਦਾਰਸ਼ਨਿਕ ਵਿਆਖਿਆ ਪੇਸ਼ ਕੀਤੀ ਹੈ। ਜੋ ਹਰ ਹੈਂਕੜੀ ਬਿਰਤੀ ਵਾਲੀ ਸਰਕਾਰ 'ਤੇ ਲਾਗੂ ਹੁੰਦੀ ਹੈ। ਹੁਣ ਆਪਣੀ ਇਕ ਹੋਰ ਕਿਤਾਬ "he Justice Game" ਰਾਹੀਂ ਉਨ੍ਹਾਂ ਨੇ ਅਜਿਹੇ ਅਦਾਲਤੀ ਫੈਸਲਿਆਂ ਦਾ ਜ਼ਿਕਰ ਕੀਤਾ ਹੈ ਜੋ ਕਾਨੂੰਨ ਦੇ ਮਾਪਦੰਡ ਤੋਂ ਨਹੀਂ ਵਿਚਾਰੇ ਗਏ ਬਲਕਿ ਰਾਜਨੀਤੀ ਦੇ ਮਾਪਦੰਡਾਂ ਨਾਲ ਵੇਖੇ ਪਰਖੇ ਗਏ ਅਤੇ ਉਸੇ ਮਾਪਦੰਡ ਨਾਲ ਹੀ ਉਨ੍ਹਾਂ ਕੇਸਾਂ ਦੇ ਫੈਸਲੇ ਹੋਏ। ਸਿੱਖਾਂ ਨਾਲ ਇਹ ਕੁਝ ਪਿਛਲੇ ਤਿੰਨ ਦਹਾਕਿਆਂ ਤੋਂ ਵਰਤਦਾ ਆ ਰਿਹਾ ਹੈ ਅਤੇ ਕਾਨੂੰਨ ਦੇ ਸਿੱਖ ਵਿਦਿਆਰਥੀ ਸਿੱਖਾਂ ਦੇ ਸੰਦਰਭ ਵਿਚ ਹੋਏ ਅਦਾਲਤੀ ਫੈਸਲਿਆਂ ਦੇ ਰਾਜਸੀ ਪੱਖ ਨੂੰ ਵਿਦਵਤਾ ਭਰੇ ਢੰਗ ਨਾਲ ਉਭਾਰ ਸਕਦੇ ਹਨ। ਇਸੇ ਦਿਸ਼ਾ ਵਿਚ ਪਾਮੇਲਾ ਬਰੋਗਨ ਦੀ ਕਿਤਾਬ "he torturers lobby: How human rights-abusing nations are represented in Washington" ਨੂੰ ਰੱਖਿਆ ਜਾ ਸਕਦਾ ਹੈ। ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਦੇ ਬਾਵਜੂਦ ਭਾਰਤ ਸਰਕਾਰ ਨੂੰ ਅਮਰੀਕਾ ਤੇ ਕੌਮਾਂਤਰੀ ਸੰਸਥਾਵਾਂ ਵਿਚ ਜੋ ਮਾਣ ਸਤਿਕਾਰ ਮਿਲਦਾ ਰਿਹਾ ਹੈ ਉਸ ਦਾ ਵੀ ਅਧਿਐਨ ਕੀਤਾ ਜਾ ਸਕਦਾ ਹੈ।

ਸੰਸਾਰ ਪੱਧਰ 'ਤੇ ਨਸਲਕੁਸ਼ੀਆਂ ਦਾ ਵਰਤਾਰਾ ਹੁਣ ਬਹੁਤ ਮਹੀਨ ਅਤੇ ਸੱਭਿਅਕ ਹੋ ਗਿਆ ਹੈ। ਟੋਵ ਸਕੂਟਨਾਵ ਕੈਨਗਸ ਨੇ ਇਸ ਮਹੀਨ ਅਤੇ ਸੱਭਿਅਕ ਵਰਤਾਰੇ ਦੀ ਚੀਰਫਾੜ ਆਪਣੀ ਸੰਸਾਰ ਪ੍ਰਸਿੱਧ ਰਚਨਾ "Linguistic Genocide in Education" ਵਿਚ ਕੀਤੀ ਹੈ। ਸੰਸਾਰ ਭਰ ਦੀਆਂ ਬੋਲੀਆਂ ਬਾਰੇ ਸਮਝ ਰੱਖਣ ਵਾਲੀ ਇਸ ਬੀਬੀ ਦਾ ਆਖਣਾ ਹੈ ਕਿ ਪੂਰੀ ਦੁਨੀਆਂ ਵਿਚ ਬਹੁਗਿਣਤੀ ਵਾਲੀਆਂ ਸਰਕਾਰਾਂ ਅਤੇ ਤਾਕਤਾਂ ਘੱਟਗਿਣਤੀ ਦੀਆਂ ਬੋਲੀਆਂ ਦੀ ਨਸਲਕੁਸ਼ੀ ਕਰ ਰਹੀਆਂ ਹਨ ਤਾਂ ਕਿ ਭਵਿੱਖ ਵਿਚ ਬੋਲੀ ਦੇ ਆਧਾਰ 'ਤੇ ਵੱਖਰੇ ਮੁਲਕ ਬਣਾਉਣ ਦੀ ਮੰਗ ਨੂੰ 'ਸੱਭਿਅਕ' ਤਰੀਕੇ ਨਾਲ ਹੀ ਖਤਮ ਕਰ ਦਿੱਤਾ ਜਾਵੇ।

ਅਸੀਂ ਇਸੇ ਲੇਖ ਵਿਚ ਉਪਰ ਜ਼ਿਕਰ ਕਰ ਆਏ ਹਾਂ ਕਿ 1984 ਦੇ ਸਾਕੇ ਤੋਂ ਬਾਅਦ ਸਿੱਖ ਕੌਮ ਰੂਹਾਨੀ ਨਾਲੋਂ ਰਾਜਨੀਤਕ ਵੱਧ ਹੋ ਗਈ ਹੈ। ਅਸਲ ਵਿਚ ਇਹ ਵੀ ਕੌਮ ਦਾ ਸਿਰਫ ਆਪਣਾ ਕਸੂਰ ਨਹੀ ਹੈ ਕੌਮ ਦੀ ਮਾਨਸਿਕਤਾ ਨੂੰ ਭਟਕਾਉਣ ਦੇ ਸੁਚੇਤ ਰੂਪ ਵਿਚ ਵੱਡੇ ਯਤਨ ਹੋ ਰਹੇ ਹਨ ਜਿਨ੍ਹਾਂ ਦੀ ਥਾਹ ਪਾਉਣੀ ਸਿੱਖ ਵਿਦਵਾਨਾਂ ਲਈ ਵੱਡੀ ਚੁਣੌਤੀ ਹੈ। ਬੇਸ਼ੱਕ ਸੰਸਾਰ ਭਰ ਵਿਚ ਅਜਿਹੀ 'ਸੱਭਿਆਚਾਰ ਅਤੇ ਮਾਨਸਿਕ ਨਸਲਕੁਸ਼ੀ' ਦੇ ਸਬੰਧ ਵਿਚ ਬਹੁਤ ਸਾਰੀਆਂ ਕਿਤਾਬਾਂ ਮਿਲ ਜਾਂਦੀਆਂ ਹਨ ਪਰ ਫਰਾਂਸਿਸ ਸਟੌਨਰ ਸੌਂਡਰਸ ਦੀ ਕਿਤਾਬ "Who Paid the Piper" ਇਸ ਸਬੰਧੀ ਬਹੁਮੁਲੀ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਇਹ ਕਿਤਾਬ ਅਮਰੀਕੀ ਸੂਹੀਆ ਏਜੰਸੀ ਸੀ.ਆਈ.ਏ. ਵਲੋਂ ਯੂਰਪ ਵਿਚ ਕੀਤੇ "Cultural Cold War" ਦੇ ਤਜ਼ਰਬੇ 'ਤੇ ਅਧਾਰਤ ਹੈ ਜਿਸ ਰਾਹੀਂ ਅਮਰੀਕਾ ਨੇ ਯੂਰਪੀ ਲੋਕਾਂ ਦੀ ਮਾਨਸਿਕਤਾ ਨੂੰ ਤਬਦੀਲ ਕਰਨ ਦਾ ਯਤਨ ਕੀਤਾ ਸੀ।

ਨਸਲਕੁਸ਼ੀ ਅਤੇ ਕੌਮਵਾਦ ਦੇ ਸੰਕਲਪ ਸਬੰਧੀ ਉਪਰੋਕਤ ਕੁਝ ਕੁ ਕਿਤਾਬਾਂ ਦਾ ਵੇਰਵਾ ਦੇਣ ਤੋਂ ਸਾਡਾ ਭਾਵ ਉਸ ਬੌਧਿਕ ਚੁਣੌਤੀ ਦੀ ਵਿਆਖਿਆ ਕਰਨਾ ਹੈ ਜੋ 1984 ਦੇ ਵਰਤਾਰੇ ਨੇ ਸਿੱਖ ਕੌਮ ਦੇ ਸਾਹਮਣੇ ਪੇਸ਼ ਕੀਤੀ ਹੈ। ਇਸ ਵੇਲੇ ਕੌਮ ਦੇ ਜ਼ਿੰਮੇਵਾਰ ਹਿੱਸੇ ਲਈ ਸਰਪੰਚੀਆਂ ਪੰਚੀਆਂ ਦੀ ਪੱਧਰ ਦੀਆਂ ਲੰਗੜੀਆਂ ਜਿਹੀਆਂ ਕੁਰਸੀਆਂ ਪਿੱਛੇ ਲੜ ਮਰਨ ਦੀ ਲੋੜ ਨਹੀਂ ਹੈ ਬਲਕਿ ਇਕ ਵੱਡੇ ਸੱਚ ਦੀ ਭਾਲ ਅਤੇ ਵਿਆਖਿਆ ਲਈ ਪੁਰਜਾ ਪੁਰਜਾ ਕਟ ਮਰਨ ਦਾ ਸਮਾਂ ਹੈ ਤਾਂ ਕਿ 1984 ਦੇ ਵਰਤਾਰੇ ਨੂੰ ਰੌਸ਼ਨੀ ਵਿਚ ਬਦਲਿਆ ਜਾ ਸਕੇ।

ਅਖਬਾਰਾਂ ਜਾਂ ਰਸਾਲਿਆਂ ਵਿਚ ਕੀ ਆ ਰਿਹਾ ਹੈ ਜਾਂ ਟੀ.ਵੀ. ਸਾਨੂੰ ਕੀ ਪਰੋਸ ਰਹੇ ਹਨ ਇਸ ਸਭ ਕੁਝ ਤੋਂ ਪਾਸਾ ਵੱਟ ਕੇ ਸਾਨੂੰ ਆਪਣੇ ਸਿਰਫ ਆਪਣੇ ਸੱਚ ਦੀ ਖੋਜ ਕਰਨੀ ਪਵੇਗੀ। ਕਿਉਂਕਿ ਭਾਸ਼ਾ ਅਤੇ ਸੱਭਿਆਚਾਰਕ ਨਸਲਕੁਸ਼ੀ ਦੇ ਸਭ ਤੋਂ ਪ੍ਰਮੁੱਖ ਏਜੰਟ ਹਨ, "ਜਾਣਕਾਰੀ ਫੈਲਾਉਣ ਵਾਲੀ ਸਨਅਤ, ਰਸਮੀ ਵਿਦਿਅਕ ਢਾਂਚਾ ਅਤੇ ਮੀਡੀਆ"। ਸਿੱਖ ਕੌਮ ਨੂੰ ਇਨ੍ਹਾਂ ਏਜੰਟਾਂ ਦੀਆਂ ਇੱਛਾਵਾਂ ਤੋਂ ਪਾਰ ਦੇਖਣ ਦੀ ਸਮਰੱਥਾ ਪੈਦਾ ਕਰਨੀ ਪਵੇਗੀ।

ਐਡਵਰਡ ਐਚ ਸਈਅਦ ਨੇ ਆਪਣੇ ਲੇਖ 'ਬੁੱਧੀਜੀਵੀਆਂ ਦੀ ਭੂਮਿਕਾ' ਵਿਚ ਆਖਿਆ ਹੈ "ਬੁੱਧੀਜੀਵੀ ਨਾ ਤਾਂ ਸੁਲ੍ਹਾਨਾਮਾ ਕਰਨ ਵਾਲਾ ਹੋਵੇ ਨਾ ਆਮ ਸਹਿਮਤੀ ਬਣਾਉਣ ਵਾਲਾ ਬਲਕਿ ਬੁੱਧੀਜੀਵੀ ਅਜਿਹਾ ਹੋਣਾ ਚਾਹੀਦਾ ਹੈ ਜਿਸਦਾ ਸਾਰਾ ਵਜੂਦ ਸੌਖੇ ਫਾਰਮੂਲਿਆਂ, ਘਸੇਪਿਟੇ ਬਿਆਨਾਂ ਅਤੇ ਸ਼ਕਤੀਧਾਰੀਆਂ ਦੀਆਂ ਤਸਦੀਕਾਂ ਨੂੰ ਚੁਣੌਤੀ ਦੇਣ ਲਈ ਸਮਰਪਿਤ ਤੇ ਸਮਰੱਥ ਹੋਵੇ। ਜੋ ਆਪਣੀ ਗੱਲ ਮਲਵੀਂ ਜੀਭ ਨਾਲ ਨਹੀਂ ਬਲਕਿ ਹਿੱਕ ਥਾਪੜ ਕੇ ਜਨਤਕ ਤੌਰ 'ਤੇ ਆਖਣ ਦੀ ਜੁਰੱਅਤ ਤੇ ਸਮਰਥਾ ਰੱਖਦਾ ਹੋਵੇ।"

ਸਿੱਖ ਕੌਮ ਨੇ ਪਿਛਲੇ ੩੩ ਸਾਲਾਂ ਦੌਰਾਨ ਤਾਕਤਵਰਾਂ ਦੇ ਘਸੇਪਿਟੇ ਫਾਰਮੂਲਿਆਂ ਅਤੇ ਰੇਡੀਮੇਡ ਤਰਕਾਂ ਦਾ ਤਮਾਸ਼ਾ ਦੇਖ ਲਿਆ ਹੈ। ਪਰ 1984 ਦੇ ਵਰਤਾਰੇ ਦਾ ਸੱਚ ਇਨ੍ਹਾਂ ਤੋਂ ਪਾਰ ਦੇਖਣ ਦਾ ਸੁਨੇਹਾ ਦਿੰਦਾ ਹੈ। 1984 ਦਾ ਸੱਚ ਬੌਧਿਕ ਅਤੇ ਰੂਹਾਨੀ ਰੌਸ਼ਨੀ ਦੀ ਉਹ ਮਸ਼ਾਲ ਜਗਾਉਣ ਦਾ ਹੋਕਾ ਦਿੰਦਾ ਹੈ, ਜਿਸ ਵਿਚੋਂ ਸਿੱਖ ਕੌਮ ਦੀ ਹੋਣੀ ਦਾ ਤਰਕਸ਼ ਲਟਾਲਟ ਬਲਦਾ ਹੋਵੇ।

ਕੌਮ ਦੇ ਸਨਮੁਖ ਬੁੱਧੀ ਦੀ ਵੱਡੀ ਜੰਗ ਲਈ ਮੈਦਾਨ ਖਾਲੀ ਪਿਆ ਹੈ। ਇਸ ਮੈਦਾਨ ਵਿਚ ਕਿੰਨੇ ਮੋਰਚਿਆਂ 'ਤੇ ਲੜਾਈ ਲੜਨ ਦੀ ਲੋੜ ਹੈ ਅਤੇ ਕਿਉਂ ਲੋੜ ਹੈ ਇਹ ਅਸੀਂ ਉਪਰ ਦੇਖ ਆਏ ਹਾਂ। ਜੇ ਅਸੀਂ ਵੀ 'ਭਵਿੱਖ ਦੇ ਅਧਿਆਪਕਾਂ, ਰਾਜਨੀਤੀਵਾਨਾਂ, ਵਪਾਰੀਆਂ, ਮਾਪਿਆਂ ਅਤੇ ਭਾਈਚਾਰੇ ਦੇ ਮੁਖੀਆਂ ਨੂੰ ਆਪਣੇ ਅਤੀਤ ਅਤੇ ਇਤਿਹਾਸ ਦੀ ਜਾਣਕਾਰੀ ਨਾਲ ਲੈਸ ਕਰਨਾ ਚਾਹੁੰਦੇ ਹਾਂ ਤਾਂ 1984 ਦੇ ਜ਼ਖਮਾਂ ਨੂੰ ਰੌਸ਼ਨੀ ਵਿਚ ਬਦਲਣ ਲਈ ਯਤਨਸ਼ੀਲ ਹੋਣਾ ਪਵੇਗਾ। ਵਿਦਵਤਾ ਦੇ ਡੂੰਘੇ ਸਮੁੰਦਰਾਂ ਵਿਚ ਤਾਰੀਆਂ ਲਾਉਣ ਤੋਂ ਬਿਨਾਂ ਗਿਆਨ ਦੇ ਸੁੱਚੇ ਮੋਤੀ ਸਾਡੀ ਝੋਲੀ ਨਹੀਂ ਪੈਣਗੇ।

ਆਓ ਜੂਨ 1984 ਦੇ ਘੱਲੂਘਾਰੇ ਦੀ ੩੩ਵੀ ਵਰ੍ਹੇਗੰਢ ਤੇ ਅਗਲੀਆਂ ਪੀੜ੍ਹੀਆਂ ਨੂੰ ਇਸਦੇ ਜ਼ਖਮਾਂ ਦੀ ਸਿਰਫ ਪੀੜ ਹੀ ਹਸਤਾਂਤਰਿਤ ਨਾ ਕਰੀਏ ਬਲਕਿ ਉਸ ਪੀੜ ਦਾ ਫਲਸਫਾ ਵੀ ਉਨ੍ਹਾ ਦੀ ਝੋਲੀ ਪਾਈਏ।

## ਰਸੋਈਏ ਦੀ 'ਖੱਡ' 'ਚ ਡਿੱਗ ਸਕਦਾ ਹੈ ਰਾਣਾ ਗੁਰਜੀਤ ਸਿੰਘ

ਰਾਣਾ ਦੇ ਮਾਮਲੇ ਵਿਚ ਕੋਈ ਵਿਚ ਦਾ ਰਸਤਾ ਕੱਢਣ ਦੀ ਕੋਸ਼ਿਸ਼ ਕੀਤੀ ਗਈ। 3 ਦਿਨ ਪਹਿਲਾਂ ਮੁੱਖ ਮੰਤਰੀ ਨੇ ਆਪਣੇ ਅਫਸਰਾਂ ਦੀ ਡਿਊਟੀ ਲਗਾ ਕੇ ਇਸ ਮਾਮਲੇ ਦਾ ਸਨਅਤੀ ਵਿਭਾਗ ਤੋਂ ਰਿਕਾਰਡ ਤਲਬ ਕੀਤਾ। ਜਦੋਂ ਇਹ ਸਾਫ਼ ਹੋ ਗਿਆ ਕਿ ਰਾਣਾ ਦੇ ਰਸੋਈ ਅਮਿਤ ਬਹਾਦੁਰ ਦੀ ਟਰਾਂਜ਼ੈਕਸ਼ਨ ਨੂੰ ਲੈ ਕੇ ਪੇਚ ਫਸ ਸਕਦਾ ਹੈ, ਤਾਂ ਅਚਾਨਕ ਕੈਪਟਨ ਨੇ ਇਕ ਹੋਰ ਮੀਟਿੰਗ ਕਰਕੇ ਨਿਆਂਇਕ ਜਾਂਚ ਬਿਠਾ ਦਿੱਤੀ, ਜਿਸ ਨਾਲ ਬੱਜਟ ਸੈਸ਼ਨ ਕੱਢਣ ਤੱਕ ਦਾ ਸਮਾਂ ਲੈ ਲਿਆ।

ਕੈਪਟਨ ਸਰਕਾਰ ਨੂੰ ਬਹੁਮਤ ਮਿਲਦਿਆਂ ਹੀ ਸਿਆਸੀ ਵਿਸ਼ਲੇਸ਼ਕਾਂ ਅਤੇ ਪੰਜਾਬ ਦਰਦੀਆਂ ਵਲੋਂ ਲੁੱਟ-ਖਸੁੱਟ ਦੇ ਜੋ ਕਿਆਸ ਲਾਏ ਗਏ ਸਨ, ਉਹ ਮਹਿਜ਼ 3 ਮਹੀਨਿਆਂ ਵਿਚ ਸਾਹਮਣੇ ਆ ਰਹੇ ਹਨ। ਕਿਸੇ ਵੀ ਸਰਕਾਰ ਲਈ ਆਪਣੇ ਵਾਅਦੇ ਪੂਰੇ ਕਰਨਾ, ਕੰਮ-ਕਾਰ ਕਰ ਕੇ ਦਿਖਾਉਣ ਲਈ 3-4 ਮਹੀਨਿਆਂ ਦਾ ਸਮਾਂ ਬੇਸ਼ੱਕ ਬਹੁਤ ਥੋੜ੍ਹਾ ਹੁੰਦਾ ਹੈ ਪਰ ਭ੍ਰਿਸ਼ਟਾਚਾਰ, ਘਪਲੇਬਾਜ਼ੀਆਂ, ਸੌਦੇਬਾਜ਼ੀਆਂ, ਧੱਕੇਸ਼ਾਹੀਆਂ ਲਈ ਕੋਈ ਸਮਾਂ ਮਿੱਥਣ ਦੀ ਲੋੜ ਨਹੀਂ। ਕੈਪਟਨ ਦੀ ਅਗਵਾਈ ਹੇਠ ਸੱਤਾ ਵਿਚ ਆਈ ਕਾਂਗਰਸ ਸਰਕਾਰ ਦੇ ਮੰਤਰੀਆਂ-ਵਿਧਾਇਕਾਂ, ਛੋਟੇ-ਵੱਡੇ ਲੀਡਰਾਂ ਨੇ ਆਪਣੇ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ ਹਨ। ਹਰ ਚੀਜ਼ 'ਤੇ ਕਬਜ਼ਿਆਂ ਲਈ ਕਾਂਗਰਸੀਆਂ ਤੇ ਅਕਾਲੀ-ਭਾਜਪਾ ਲੀਡਰਾਂ ਵਿਚਾਲੇ ਖੂਨੀ ਝੜਪਾਂ ਤਾਂ ਆਮ ਵਰਤਾਰਾ ਹੋ ਗਿਆ ਹੈ। ਪਰ 10 ਵਰ੍ਹਿਆਂ ਤੋਂ ਰੇਤੇ-ਬੱਜਰੀ ਲਈ ਹੋ ਰਹੀ ਗੁੰਡਾਗਰਦੀ ਨੂੰ ਪਾਣੀ ਪੀ ਪੀ ਕੇ ਕੋਸਣ ਵਾਲੀ ਕਾਂਗਰਸ ਨੇ ਮਹਿਜ਼ 3 ਮਹੀਨਿਆਂ ਵਿਚ ਹੀ ਆਪਣਾ ਜਲਵਾ ਦਿਖਾ ਦਿੱਤਾ ਹੈ। ਇਨ੍ਹਾਂ ਦੇ ਹੌਸਲੇ ਵੀ ਏਨੇ ਬੁਲੰਦ ਹਨ ਕਿ ਘਪਲਾ ਕਰਨ ਲੱਗਿਆਂ ਇਕ ਵਾਰ ਵੀ ਨਹੀਂ ਸੋਚਿਆ ਕਿ ਜੇ ਰੌਲਾ ਪਿਆ ਤਾਂ ਕੀ ਹੋਵੇਗਾ?

ਇਹ ਗੱਲ ਕਿਸੇ ਲਈ ਵੀ ਹਜ਼ਮ ਕਰਨੀ ਔਖੀ ਹੈ ਕਿ ਰਾਣਾ ਗੁਰਜੀਤ ਸਿੰਘ ਦਾ ਨੇਪਾਲੀ ਰਸੋਈਆ ਅਮਿਤ ਬਹਾਦੁਰ ਕਰੋੜਾਂ ਰੁਪਏ ਦੀ ਬੋਲੀ ਲਗਾ ਕੇ ਖੱਡ ਖ਼ਰੀਦ ਲੈਂਦਾ ਹੈ। ਉਸ ਨੇ ਈ-ਨਿਲਾਮੀ ਰਾਹੀਂ 26 ਕਰੋੜ ਰੁਪਏ ਦੀ ਬੋਲੀ ਦੇ ਕੇ ਰੇਤ ਦੀ ਖੱਡ ਹਾਸਲ ਕੀਤੀ ਹੈ, ਉਸ ਦੇ ਬੈਂਕ ਖ਼ਾਤੇ ਵਿੱਚ ਭਾਵੇਂ ਮਹਿਜ਼ 4000 ਰੁਪਏ ਹੋਣ, ਪਰ ਦਸਤਾਵੇਜ਼ਾਂ ਮੁਤਾਬਕ ਉਹ ਤਿੰਨ ਕੰਪਨੀਆਂ ਦਾ ਡਾਇਰੈਕਟਰ ਹੈ। ਇਨ੍ਹਾਂ ਵਿਚੋਂ ਇਕ ਕੰਪਨੀ ਰਾਣਾ ਦੀਆਂ ਹੋਰ ਕੰਪਨੀਆਂ ਵਾਲੇ ਹੀ ਸਿਰਨਾਵੇਂ 'ਤੇ ਰਜਿਸਟਰਡ ਹੈ।

ਇਨ੍ਹਾਂ ਤਿੰਨ ਕੰਪਨੀਆਂ ਵਿਚੋਂ ਦੋ ਦਾ ਈਮੇਲ ਪਤਾ ਵੀ ਰਾਣਾ ਦੀਆਂ ਕੰਪਨੀਆਂ ਵਾਲਾ ਹੀ ਹੈ। ਰਾਣਾ ਨੇ ਬਹਾਦੁਰ ਨਾਲ ਕੋਈ ਵੀ ਸਬੰਧ ਹੋਣ ਤੋਂ ਇਨਕਾਰ ਕਰਦਿਆਂ ਦਾਅਵਾ ਕੀਤਾ ਕਿ ਬਹਾਦੁਰ ਤੇ ਤਿੰਨ ਹੋਰ ਮੁਲਾਜ਼ਮ ਕਾਫ਼ੀ ਸਮਾਂ ਪਹਿਲਾਂ ਉਨ੍ਹਾਂ ਕੋਲੋਂ ਕੰਮ ਛੱਡ ਕੇ ਜਾ ਚੁੱਕੇ ਹਨ।

ਰਜਿਸਟਰਾਰ ਆਫ਼ ਕੰਪਨੀਜ਼ ਦੇ ਦਫ਼ਤਰ ਵਿੱਚ ਮੌਜੂਦ ਰਿਕਾਰਡ ਮੁਤਾਬਕ ਖੱਡਾਂ ਦੀ ਨਿਲਾਮੀ ਹਾਸਲ ਕਰਨ ਵਾਲੇ ਰਾਣਾ ਦੇ ਚਾਰ ਮੁਲਾਜ਼ਮਾਂ ਵਿੱਚੋਂ ਦੋ ਅਮਿਤ ਬਹਾਦੁਰ ਤੇ ਬਲਰਾਜ ਸਿੰਘ ਫਲਾਅਲੈਸ ਟਰੇਡਰਜ਼ ਪ੍ਰਾਈਵੇਟ ਲਿਮਟਿਡ ਨਾਮੀ ਕੰਪਨੀ ਦੇ ਡਾਇਰੈਕਟਰ ਹਨ। ਗ਼ੌਰਤਲਬ ਹੈ ਕਿ ਬੋਲੀ ਦੀ 55 ਫ਼ੀਸਦੀ ਰਕਮ ਜਮ੍ਹਾਂ ਕਰਾਉਣ ਦੀ ਗੱਲ ਆਉਣ ਉਤੇ ਬਲਰਾਜ ਬੋਲੀ ਤੋਂ ਪਿਛਾਂਹ ਹਟ ਗਿਆ ਸੀ। ਰਿਕਾਰਡ ਮੁਤਾਬਕ ਬਹਾਦੁਰ 17 ਅਗਸਤ, 2015 ਤੇ ਬਲਰਾਜ 25 ਜੂਨ, 2016 ਨੂੰ ਡਾਇਰੈਕਟਰ ਬਣਿਆ ਤੇ ਕੰਪਨੀ ਦਾ ਪਤਾ ਐਸਸੀਓ 51-52, ਸੈਕਟਰ 8-ਸੀ, ਦਰਜ ਹੈ। ਇਹੋ ਪਤਾ ਰਾਣਾ ਦੀ ਕੰਪਨੀ ਰਾਣਾ ਐਨਰਜੀ ਦਾ ਹੈ।

ਇੰਨਾ ਹੀ ਨਹੀਂ, ਇਹ ਦੋਵੇਂ ਦੋ ਹੋਰ ਕੰਪਨੀਆਂ ਦੇ ਵੀ ਡਾਇਰੈਕਟਰ ਹਨ। ਇਨ੍ਹਾਂ ਵਿਚੋਂ ਸੈਂਚਰੀ ਐਗਰੋਜ਼ ਪ੍ਰਾਈਵੇਟ ਲਿਮਟਿਡ ਦਾ ਈਮੇਲ ਪਤਾ ਰਾਣਾ ਗਰੁੱਪ ਵਾਲਾ ਹੀ ਹੈ। ਇਸ ਦਾ ਸਿਰਨਾਵਾਂ ਐਸਸੀਓ 1114, ਸੈਕਟਰ 22-ਬੀ ਚੰਡੀਗੜ੍ਹ ਦਾ ਹੈ ਪਰ ਇਸ ਥਾਂ ਬੱਚਿਆਂ ਦੇ ਸਾਮਾਨ ਦਾ ਮਸ਼ਹੂਰ ਮਾਲ 'ਰਾਮਾ ਸਟੋਰਜ਼' ਹੈ। ਸਟੋਰ ਦੇ ਮਾਲਕ ਵਰਿੰਦਰ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਤੇ ਉਤੇ ਅਜਿਹੀ ਕੋਈ ਕੰਪਨੀ ਰਜਿਸਟਰਡ ਨਹੀਂ ਹੈ ਤੇ ਦਹਾਕੇ ਤੋਂ ਵੱਧ ਸਮੇਂ ਤੋਂ ਉਨ੍ਹਾਂ ਸ਼ੋਅਰੂਮ ਕਿਰਾਏ ਉਤੇ ਵੀ ਨਹੀਂ ਦਿੱਤਾ। ਅਮਿਤ ਬਹਾਦੁਰ ਤੇ ਬਲਰਾਜ ਇਕ ਹੋਰ ਕੰਪਨੀ ਆਰਜੇ ਟੈਕਸਫੈਬ ਪ੍ਰਾਈਵੇਟ ਲਿਮਟਿਡ ਦੇ ਵੀ ਡਾਇਰੈਕਟਰ ਹਨ, ਜਿਸ ਦਾ ਵੱਖਰਾ ਈਮੇਲ ਪਤਾ ਹੈ।

### ਰਾਜਬੀਰ ਇੰਟਰਪ੍ਰਾਈਜਜ਼ ਨੇ ਤੋੜੀ ਚੁੱਪ :

ਖੱਡਾਂ ਦੀ ਨਿਲਾਮੀ ਦੌਰਾਨ ਪਹਿਲੀ ਵਾਰ ਰਾਜਬੀਰ ਇੰਟਰਪ੍ਰਾਈਜਜ਼ ਨਾਂ ਦੀ ਕੰਪਨੀ ਨੇ ਚੁੱਪ ਤੋੜੀ ਹੈ ਤੇ ਦਾਅਵਾ ਕੀਤਾ ਹੈ ਕਿ ਖੱਡਾਂ ਲੈਣ ਲਈ ਜੋ ਵੀ ਨਿਵੇਸ਼ ਕੀਤਾ ਗਿਆ ਹੈ, ਉਹ ਉਨ੍ਹਾਂ ਦੀ ਕੰਪਨੀ ਵਲੋਂ ਕੀਤਾ ਗਿਆ ਹੈ। ਸੂਬੇ ਵਿਚ ਮਾਇਨਿੰਗ ਵਿਵਾਦਾਂ ਦੌਰਾਨ ਰਾਜਬੀਰ ਇੰਟਰਪ੍ਰਾਈਜਜ਼, ਰਾਜਬੀਰ ਇੰਟਰਪ੍ਰਾਈਜਜ਼ ਮੋਹਾਲੀ ਅਤੇ ਨਿਊ ਰਾਜਬੀਰ ਇੰਟਰਪ੍ਰਾਈਜਜ਼ ਵਲੋਂ ਬਿਆਨ ਜਾਰੀ ਕਰ ਕੇ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਸੈਦਪੁਰ, ਬੇਹਲੂਰ ਖੁਰਦ ਅਤੇ ਮਹਿੰਦੀਪੁਰ ਖੱਡਾਂ ਵਿਚ ਕਰੀਬ 30 ਕਰੋੜ ਦਾ ਨਿਵੇਸ਼ ਕੀਤਾ ਹੈ। ਅਮਿਤ ਬਹਾਦੁਰ ਦਾ ਨਾਂ ਲਾਏ ਜਾਣ 'ਤੇ ਪ੍ਰਤੀਕਿਰਿਆ ਦਿੰਦਿਆਂ ਰਾਜਬੀਰ ਇੰਟਰਪ੍ਰਾਈਜਜ਼ ਦੀਆਂ ਤਿੰਨਾਂ ਯੂਨਿਟਾਂ ਨੇ ਸਪਸ਼ਟ ਕੀਤਾ ਹੈ ਕਿ ਕਾਰੋਬਾਰ ਵਿਚ ਲਾਈ ਗਈ ਪੂੰਜੀ ਸਾਹਿਲ ਸਿੰਗਲਾ ਅਤੇ ਕੈਪਟਨ ਜੇ.ਐਸ. ਰੰਧਾਵਾ ਵਲੋਂ ਮੈਨੇਜ ਕੀਤੀ ਗਈ ਹੈ। ਕਿਹਾ ਗਿਆ ਹੈ ਕਿ ਰਾਜਬੀਰ ਇੰਟਰਪ੍ਰਾਈਜਜ਼ ਦੇ ਤਿੰਨ ਭਾਈਵਾਲ ਹਨ, ਜਿਨ੍ਹਾਂ ਵਿਚੋਂ ਸਾਹਿਲ ਸਿੰਗਲਾ ਤੇ ਸੰਜੀਤ ਸਿੰਘ ਰੰਧਾਵਾ ਨਿਵੇਸ਼ਕ ਹਨ ਤੇ ਅਮਿਤ ਬਹਾਦੁਰ ਵਰਕਿੰਗ ਭਾਈਵਾਲ ਹੈ। ਸਾਫ਼ ਕੀਤਾ ਗਿਆ ਹੈ ਕਿ ਨਾ ਹੀ ਅਮਿਤ ਬਹਾਦੁਰ ਤੇ ਨਾ ਕੁਲਵਿੰਦਰਪਾਲ ਸਿੰਘ ਨੇ ਕੋਈ ਪੈਸਾ ਨਿਵੇਸ਼ ਕੀਤਾ ਹੈ, ਉਹ ਸਿਰਫ਼ ਵਰਕਿੰਗ ਪਾਰਟਨਰ ਹਨ। ਕੰਪਨੀ ਦਾ ਕਹਿਣਾ ਹੈ ਕਿ ਮਾਈਨਿੰਗ ਵਿਚ ਲਾਏ ਗਏ ਇਕ ਇਕ ਪੈਸੇ ਦਾ ਹਿਸਾਬ ਹੈ ਤੇ ਸਹੀ ਚੈਨਲ ਰਾਹੀਂ ਲਾਇਆ ਗਿਆ ਹੈ। ਉਧਰ ਅਮਿਤ ਨੇ ਵੀ ਕਿਹਾ ਕਿ ਉਹ ਕਿਤੇ ਵੀ ਰਸੋਈਆ ਨਹੀਂ ਰਿਹਾ। ਉਹ ਲੇਬਰ ਕੰਟਰੈਕਟਰ ਵਜੋਂ ਕੰਮ ਕਰਦਾ ਰਿਹਾ ਹੈ, ਜਿਸ ਦੀ ਆਮਦਨ ਕਰੀਬ 9 ਲੱਖ ਰੁਪਏ ਸੀ।

### ਖੱਡਾਂ ਦੀ ਘਪਲੇਬਾਜ਼ੀ ਨੇ ਮੰਤਰੀ ਮੰਡਲ ਦੇ ਵਿਸਤਾਰ 'ਤੇ ਧੂੜ ਸੁੱਟੀ :

ਰੇਤ ਦੀਆਂ ਖੱਡਾਂ ਦੇ ਠੇਕੇ ਹਾਸਲ ਕਰਨ ਕਰਕੇ ਉਠੇ ਸਿਆਸੀ ਤੂਫ਼ਾਨ ਕਾਰਨ ਅਮਰਿੰਦਰ ਮੰਤਰੀ ਮੰਡਲ ਦੇ ਵਿਸਥਾਰ ਦਾ ਪ੍ਰੋਗਰਾਮ ਫਿਲਹਾਲ ਖਟਾਈ ਵਿਚ ਪੈਂਦਾ ਨਜ਼ਰ ਆ ਰਿਹਾ ਹੈ। ਅਮਰਿੰਦਰ ਮੰਤਰੀ ਮੰਡਲ ਵਿਚ ਮੁੱਖ ਮੰਤਰੀ ਸਣੇ 10 ਮੰਤਰੀ ਹਨ। ਇਸ ਵਿਚ ਅਜੇ ਅੱਠ ਹੋਰ ਕੈਬਨਿਟ ਮੰਤਰੀ ਸ਼ਾਮਲ ਕੀਤੇ ਜਾਣ ਦੀ ਸੰਭਾਵਨਾ ਹੈ। ਮੰਤਰੀ ਮੰਡਲ ਦੇ ਅਗਲੇ ਮਹੀਨੇ ਦੇ ਮੱਧ ਤੋਂ ਆਰੰਭ ਹੋਣ ਜਾ ਰਹੇ ਵਿਧਾਨ ਸਭਾ ਸੈਸ਼ਨ ਤੋਂ ਪਹਿਲਾਂ ਵਿਸਤਾਰ ਹੋ ਸਕਦਾ ਹੈ।

ਇਕ ਪਾਸੇ ਵਿਰੋਧੀ ਧਿਰ ਆਮ ਆਦਮੀ ਪਾਰਟੀ ਤੇ ਅਕਾਲੀ ਦਲ ਰਾਣਾ ਗੁਰਜੀਤ ਸਿੰਘ ਤੋਂ ਅਸਤੀਫ਼ੇ ਦੀ ਮੰਗ ਕਰ ਰਹੇ ਹਨ, ਉਥੇ ਕਾਂਗਰਸ ਦੇ ਅੰਦਰ ਵੀ ਇਸੇ ਮੁੱਦੇ ਨੂੰ ਲੈ ਕੇ ਘੁਸਰ-ਮੁਸਰ ਹੋ ਰਹੀ ਹੈ। ਕਈ ਕਾਂਗਰਸੀ ਵਿਧਾਇਕ ਦੱਬੀ ਜ਼ੁਬਾਨ ਕਹਿ ਰਹੇ ਹਨ ਕਿ ਲੁਧਿਆਣਾ ਸਿਟੀ ਸੈਂਟਰ ਸਕੈਮ ਵਿਚ ਤਤਕਾਲੀਨ ਮੰਤਰੀ ਚੌਧਰੀ ਜਗਜੀਤ ਸਿੰਘ ਦੀ ਕਾਫੀ ਵਿਵਾਦ ਭਰੀ ਭੂਮਿਕਾ ਸੀ। ਜੇਕਰ ਸਮਾਂ ਰਹਿੰਦੇ ਅਮਰਿੰਦਰ ਨੇ ਚੌਧਰੀ ਜਗਜੀਤ ਸਿੰਘ ਖ਼ਿਲਾਫ਼ ਕਾਰਵਾਈ ਕਰਦਿਆਂ ਆਪਣੇ ਮੰਤਰੀ ਮੰਡਲ ਤੋਂ ਵੱਖ ਕਰ ਦਿੱਤਾ ਹੁੰਦਾ ਤਾਂ ਸਾਲ 2007 ਵਿਚ ਕਾਂਗਰਸ ਪਾਰਟੀ ਮੁੜ ਵਿਧਾਨ ਸਭਾ ਚੋਣਾਂ ਜਿੱਤ ਸਕਦੀ ਸੀ ਪਰ ਅਮਰਿੰਦਰ ਨੇ ਅਜਿਹਾ ਨਹੀਂ ਕੀਤਾ ਤੇ ਸਿਟੀ ਸੈਂਟਰ ਸਕੈਮ ਕਾਂਗਰਸ ਨੂੰ ਚੋਣਾਂ ਵਿਚ ਲੈ ਬੈਠਿਆ।

ਇਸ ਵਾਰ ਮਾਮਲਾ ਰਾਣਾ ਗੁਰਜੀਤ ਦੇ ਇਰਦ-ਗਿਰਦ ਘੁੰਮ ਰਿਹਾ ਹੈ। ਜੇਕਰ ਉਨ੍ਹਾਂ ਵਿਰੁੱਧ ਮੁੱਖ ਮੰਤਰੀ ਵਲੋਂ ਕੋਈ ਠੋਸ ਕਾਰਵਾਈ ਨਾ ਕੀਤੀ ਗਈ ਤਾਂ ਜਨਤਾ ਵਿਚ ਬਹੁਤ ਹੀ ਗਲਤ ਸੰਦੇਸ਼ ਜਾਵੇਗਾ, ਜਿਸ ਦੇ ਨਤੀਜੇ ਆਉਣ ਵਾਲੇ ਸਮੇਂ ਵਿਚ ਸਾਹਮਣੇ ਆ ਸਕਦੇ ਹਨ।

ਰਾਣਾ ਗੁਰਜੀਤ ਦੀਆਂ ਅਮਰਿੰਦਰ ਨਾਲ ਨਜ਼ਦੀਕੀਆਂ ਜਗ-ਜ਼ਾਹਰ ਹਨ। ਇਸ ਲਈ ਸਿਆਸੀ ਹਲਕਿਆਂ ਵਿਚ ਇਹ ਆਮ ਧਾਰਨਾ ਹੈ ਕਿ ਅਮਰਿੰਦਰ ਸਿੰਘ ਆਪਣੇ ਕੈਬਨਿਟ ਸਾਥੀ ਦੇ ਵਿਰੁੱਧ ਕੋਈ ਸਖ਼ਤ ਕਾਰਵਾਈ ਕਰਨ ਤੋਂ ਗੁਰੇਜ਼ ਕਰਨਗੇ।

## ਰਾਣਾ ਗੁਰਜੀਤ ਖ਼ਿਲਾਫ਼ ਕਾਰਵਾਈ ਦੀ ਮੰਗ ਨੂੰ ਲੈ ਕੇ 'ਆਪ' ਵਿਧਾਇਕਾਂ ਨੇ ਦਿੱਤੀਆਂ ਗ੍ਰਿਫ਼ਤਾਰੀਆਂ

ਮੰਗ ਨੂੰ ਲੈ ਕੇ ਮੁੱਖ ਮੰਤਰੀ ਦੀ ਕੋਠੀ ਵੱਲ ਮਾਰਚ ਦਾ ਪ੍ਰੋਗਰਾਮ ਸੀ। 'ਆਪ' ਪੰਜਾਬ ਦੇ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਮਾਨ ਅਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਐਡਵੋਕੇਟ ਐੱਚਐੱਸ ਫੂਲਕਾ ਦੀ ਅਗਵਾਈ ਹੇਠ ਵਿਧਾਇਕਾਂ ਨੇ ਪੰਜਾਬ ਵਿਧਾਨ ਸਭਾ ਤੋਂ ਕੈਪਟਨ ਦੀ ਕੋਠੀ ਵੱਲ ਰੋਸ ਮਾਰਚ ਸ਼ੁਰੂ ਕੀਤਾ। ਵਿਧਾਇਕ ਅੱਗੇ ਵਧੇ ਤਾਂ ਡੀਐੱਸਪੀ ਰਾਮ ਗੋਪਾਲ ਦੀ ਅਗਵਾਈ ਹੇਠ ਪੁਲੀਸ ਨੇ ਵਿਧਾਨ ਸਭਾ ਦਾ ਬਾਹਰਲਾ ਗੇਟ ਬੰਦ ਕਰ ਦਿੱਤਾ, ਪਰ ਮਾਨਸਾ ਦੇ ਵਿਧਾਇਕ ਨਾਜਰ ਸਿੰਘ ਮਨਸ਼ਾਹੀਆ ਤੇ ਗੜ੍ਹਸ਼ੰਕਰ ਦੇ ਵਿਧਾਇਕ ਜੈ ਕ੍ਰਿਸ਼ਨ ਰੋੜੀ ਗੇਟ ਟੱਪ ਗਏ। ਤਲਵੰਡੀ ਸਾਬੋ ਦੀ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਤੇ ਬੁਢਲਾਡਾ ਦੇ ਵਿਧਾਇਕ ਬੁੱਧ ਰਾਮ ਨੇ ਵੀ ਗੇਟ ਟੱਪਣ ਦਾ ਯਤਨ ਕੀਤਾ ਅਤੇ ਸਮੂਹ ਵਿਧਾਇਕਾਂ ਨੇ ਪੁਲੀਸ ਨੂੰ ਪਿੱਛੇ ਧੱਕ ਕੇ ਗੇਟ ਖੋਲ੍ਹ ਦਿੱਤਾ। ਪੁਲੀਸ ਵੱਲੋਂ ਮੁੜ ਘੇਰਾਬੰਦੀ ਕਰਨ 'ਤੇ ਵਿਧਾਇਕਾਂ ਨੇ ਗ੍ਰਿਫ਼ਤਾਰੀਆਂ ਦੇ ਦਿੱਤੀਆਂ। ਇਸ ਦੌਰਾਨ ਭਗਵੰਤ ਮਾਨ ਨੇ ਐਲਾਨ ਕੀਤਾ ਕਿ ਉਹ ਇਹ ਮੁੱਦਾ ਪੰਜਾਬ ਦੇ ਰਾਜਪਾਲ ਵੀਪੀ ਸਿੰਘ ਬਦਨੌਰ ਕੋਲ ਲੈ ਕੇ ਜਾਣਗੇ ਅਤੇ 5 ਜੂਨ ਨੂੰ ਪੰਜਾਬ ਭਰ ਵਿੱਚ ਜ਼ਿਲ੍ਹਾ ਪੱਧਰੀ ਮੁਜ਼ਾਹਰੇ ਹੋਣਗੇ। ਸ੍ਰੀ ਫੂਲਕਾ ਨੇ ਮੁੱਖ ਮੰਤਰੀ ਨੂੰ ਮਿਲਣ ਜਾ ਰਹੇ ਵਿਧਾਇਕਾਂ ਨੂੰ ਕੈਦੀ ਬਣਾਉਣ ਨਾਲ ਕੈਪਟਨ ਸਰਕਾਰ ਦਾ ਅਸਲ ਚਿਹਰਾ ਸਾਹਮਣੇ ਆ ਗਿਆ ਹੈ। ਡੀਐੱਸਪੀ ਰਾਮ ਗੋਪਾਲ ਨੇ ਵਿਧਾਇਕਾਂ ਨੂੰ ਜਦੋਂ ਧੁੱਪੇ ਖੜ੍ਹੀ ਬੱਸ ਵਿੱਚ ਹੀ 25 ਮਿੰਟ ਬੰਦ ਰੱਖਿਆ ਤਾਂ ਵਿਧਾਇਕਾ ਪ੍ਰੋ. ਬਲਜਿੰਦਰ ਕੌਰ, ਪੰਜਾਬ ਦੇ ਮੀਤ ਪ੍ਰਧਾਨ ਤੇ ਵਿਧਾਇਕ ਅਮਨ ਅਰੋੜਾ, ਵਿਧਾਇਕ ਸੁਖਪਾਲ ਖਹਿਰਾ, ਕੁਲਵੰਤ ਸਿੰਘ ਪੰਡੋਰੀ ਅਤੇ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਬਲਵਿੰਦਰ ਸਿੰਘ ਬੈਂਸ ਆਦਿ ਨੇ ਬੱਸ ਵਿੱਚੋਂ ਉਤਰ ਕੇ ਕੈਪਟਨ ਦੀ ਕੋਠੀ ਵੱਲ ਸ਼ੂਟ ਵੱਟ ਲਈ। ਜਿਸ ਮਗਰੋਂ ਪੁਲੀਸ ਨੇ ਇਕ ਕਿਲੋਮੀਟਰ ਤੱਕ ਪਿੱਛਾ ਕਰਕੇ ਸੈਕਟਰ-2 ਤੇ 3 ਦੇ ਚੌਕ 'ਤੇ ਬੜੀ ਮੁਸ਼ਕਲ ਨਾਲ ਉਨ੍ਹਾਂ ਨੂੰ ਘੇਰਿਆ। ਵਿਧਾਇਕ ਉਥੇ ਹੀ ਸੜਕ 'ਤੇ ਧਰਨਾ ਮਾਰ ਕੇ ਬੈਠ ਗਏ ਤੇ ਚੁਫੇਰੇ ਜਾਮ ਲੱਗ ਗਿਆ। ਪੁਲੀਸ ਨੇ ਵਿਧਾਇਕਾਂ ਨੂੰ ਘੜੀਸ ਕੇ ਵਾਹਨਾਂ ਵਿਚ ਸੁੱਟਿਆ ਅਤੇ ਸੈਕਟਰ-17 ਦੇ ਥਾਣੇ ਬੰਦ ਕਰ ਦਿੱਤਾ। ਅਖੀਰ ਬਾਅਦ ਦੁਪਹਿਰ 2 ਵਜੇ ਦੇ ਕਰੀਬ ਵਿਧਾਇਕਾਂ ਨੂੰ ਰਿਹਾਅ ਕੀਤਾ ਗਿਆ।

'ਆਪ' ਪੰਜਾਬ ਦੇ ਨਵਨਿਯੁਕਤ ਪ੍ਰਧਾਨ ਭਗਵੰਤ ਮਾਨ ਦੀ ਅਗਵਾਈ ਹੇਠ ਸਮੁੱਚੀ ਪਾਰਟੀ ਮੰਗਲਵਾਰ ਨੂੰ ਲੰਮੇ ਸਮੇਂ ਬਾਅਦ ਇਕਜੁੱਟ ਨਜ਼ਰ ਆਈ। ਦੱਸਣਯੋਗ ਹੈ ਕਿ ਅੰਮ੍ਰਿਤਸਰ ਵਿੱਚ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਕੀਤੀ ਰੈਲੀ ਦੌਰਾਨ ਵੀ ਪਹਿਲਾਂ ਦੇ ਉਲਟ ਸਟੇਜ ਜਾਂ ਹਾਲ ਵਿੱਚ ਕਿਸੇ ਤਰ੍ਹਾਂ ਦੀ ਆਪਾਧਾਪੀ ਨਜ਼ਰ ਨਹੀਂ ਆਈ।

## ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸੰਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ 'ਚ ਚੌਥਾ ਮਹਾਨ ਨਗਰ ਕੀਰਤਨ 11 ਜੂਨ ਨੂੰ

ਬੇਨਤੀ ਹੈ ਕਿ ਸ਼ਹੀਦਾਂ ਦੀ ਯਾਦ ਵਿਚ ਸਜਾਏ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਕੌਮੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੋ ਜੀ। ਨਗਰ ਕੀਰਤਨ ਵਿਚ ਪਹੁੰਚਣ ਲਈ ਵੱਖੋ ਵੱਖਰੇ ਗੁਰਦੁਆਰਾ ਸਾਹਿਬ ਤੋਂ ਵਿਸ਼ੇਸ਼ ਬੱਸਾਂ ਰਵਾਨਾ ਹੋਣਗੀਆਂ। ਇਸ ਤੋਂ ਇਲਾਵਾ ਸੰਗਤਾਂ ਵਾਟ ਦੁਆਰਾ ਵੀ ਪਹੁੰਚ ਸਕਦੀਆਂ ਹਨ। ਬਾਰਟ ਦੁਆਰਾ ਪਹੁੰਚਣ ਲਈ ਮਿੰਟਗੁਮਰੀ ਬਾਰਟ ਸਟੇਸ਼ਨ ਤੇ ਉਤਰ ਕੇ 2nd ਸਟਰੀਟ ਤੇ ਪਹੁੰਚਿਆ ਜਾ ਸਕਦਾ ਹੈ ਅਤੇ ਵਾਪਸੀ ਤੇ ਸਿਵਿਕ ਸੈਂਟਰ ਵਾਟ ਸਟੇਸ਼ਨ ਤੋਂ ਬਾਰਟ ਲਈ ਜਾ ਸਕਦੀ ਹੈ। ਗੁਰੂ ਦੀਆਂ ਸੰਗਤਾਂ ਲਈ ਲੰਗਰ, ਚਾਹ ਪਾਣੀ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਪ੍ਰਬੰਧਕਾਂ ਵੱਲੋਂ ਸੰਗਤਾਂ ਦੇ ਚਰਨਾਂ ਵਿਚ ਵਿਸ਼ੇਸ਼ ਤੌਰ ਤੇ ਬੇਨਤੀ ਕੀਤੀ ਜਾਂਦੀ ਹੈ ਨਗਰ ਕੀਰਤਨ ਵਿਚ ਸ਼ਾਮਲ ਸੰਗਤਾਂ ਸਫ਼ਾਈ ਅਤੇ ਡਿਸਪਲਿਨ ਦਾ ਖਾਸ ਖਿਆਲ ਰੱਖਣ।

## ਘੱਲੂਘਾਰਾ ਦਿਵਸ ਸ਼ਾਂਤਮਈ ਤਰੀਕੇ ਨਾਲ ਮਨਾਉਣ ਲਈ ਪ੍ਰੋ. ਬਡੂੰਗਰ ਵਲੋਂ ਸਿਮਰਨਜੀਤ ਸਿੰਘ ਮਾਨ ਤੇ ਦਲ ਖਾਲਸਾ ਆਗੂਆਂ ਨਾਲ ਮੁਲਾਕਾਤ

ਸਿਮਰਨਜੀਤ ਸਿੰਘ ਮਾਨ ਤੇ ਉਨ੍ਹਾਂ ਦੇ ਪਾਰਟੀ ਵਰਕਰਾਂ ਨਾਲ ਮੀਟਿੰਗ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਕੁਝ ਵਰ੍ਹਿਆਂ ਤੋਂ ਗਰਮ ਖਿਆਲੀ ਧੜਿਆਂ ਅਤੇ ਸ਼੍ਰੋਮਣੀ ਕਮੇਟੀ ਦਰਮਿਆਨ ਇਸ ਦਿਨ ਟਕਰਾਅ ਵਾਲੇ ਹਾਲਾਤ ਪੈਦਾ ਹੁੰਦੇ ਰਹੇ ਹਨ। ਪ੍ਰਧਾਨ ਬਡੂੰਗਰ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਸਮੇਂ ਦੀ ਸਰਕਾਰ ਵੱਲੋਂ ਹਮਲਾ ਕਰਨਾ ਸੌੜੀ ਸੋਚ ਦਾ ਪ੍ਰਗਟਾਵਾ ਸੀ। ਉਨ੍ਹਾਂ ਕਿਹਾ ਕਿ 6 ਜੂਨ ਦਾ ਦਿਹਾੜਾ ਸਾਡੀ ਭਾਵੁਕਤਾ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ 6 ਜੂਨ ਦੀ ਯਾਦ ਵਿੱਚ ਘੱਲੂਘਾਰਾ ਸਮਾਗਮ ਕੋਈ ਆਮ ਸਮਾਗਮਾਂ ਵਾਂਗ ਨਹੀਂ ਬਲਕਿ ਇਹ ਇਕ ਵੈਰਾਗਮਈ ਭਾਵਨਾ ਵਾਲਾ ਹੈ। ਇਸ ਲਈ ਇਹ ਦਿਹਾੜਾ ਸ਼ਹੀਦਾਂ ਪ੍ਰਤੀ ਸਤਿਕਾਰ ਦਾ ਪ੍ਰਗਟਾਵਾ ਕਰਦਿਆਂ ਸ਼ਰਧਾ, ਸੰਜੀਦਗੀ ਤੇ ਸ਼ਾਂਤੀ ਨਾਲ ਮਨਾਇਆ ਜਾਵੇ।

### ਸੰਤ ਭਿੰਡਰਾਂਵਾਲਿਆਂ ਤੇ 25 ਹਜ਼ਾਰ ਸਿੱਖ ਸ਼ਹੀਦਾਂ ਨੂੰ ਦਿੱਤੀ ਜਾਵੇਗੀ ਸ਼ਰਧਾਂਜਲੀ

ਇਸ ਮੌਕੇ ਸਿਮਰਨਜੀਤ ਸਿੰਘ ਮਾਨ ਨੇ ਪ੍ਰੋ. ਬਡੂੰਗਰ ਵੱਲੋਂ ਬੁਲਾਈ ਮੀਟਿੰਗ ਦੀ ਕਾਰਵਾਈ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੀਟਿੰਗ ਵਿਚ ਇਹ ਫ਼ੈਸਲਾ ਲਿਆ ਗਿਆ ਹੈ ਕਿ 6 ਜੂਨ 1984 ਨੂੰ ਸ਼ਹੀਦ ਹੋਏ ਸਿੱਖ ਕੌਮ ਦੇ ਮਹਾਨ ਜਰਨੈਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ 25 ਹਜ਼ਾਰ ਬੇਗੁਨਾਹ ਸ਼ਹੀਦ ਹੋਏ ਸਿੱਖਾਂ ਲਈ ਅਰਦਾਸ ਸ਼ਾਂਤਮਈ ਢੰਗ ਨਾਲ ਕੀਤੀ ਜਾਵੇਗੀ। ਸ. ਮਾਨ ਨੇ ਇਹ ਵੀ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ ਪਹਿਲਾਂ ਵੀ ਅਜਿਹੀਆਂ ਮੀਟਿੰਗਾਂ ਕਰਦੀ ਹੁੰਦੀ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਘੱਲੂਘਾਰਾ ਦਿਵਸ 'ਤੇ ਹੋਣ ਵਾਲੇ ਰੋਸ ਮੁਜ਼ਾਹਰੇ ਨਾ ਹੁੰਦੇ। ਉਨ੍ਹਾਂ ਪ੍ਰੋ. ਬਡੂੰਗਰ ਨੂੰ ਇਸ ਮੌਕੇ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਉਨ੍ਹਾਂ ਨਾਲ ਪਾਰਟੀ ਦੇ ਸਕੱਤਰ ਜਨਰਲ ਪ੍ਰੋ. ਮਹਿੰਦਰਪਾਲ ਸਿੰਘ, ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸੁਰਜੀਤ ਸਿੰਘ ਕਾਲਾਬੂਲਾ, ਪਾਰਟੀ ਦੇ ਮੀਡੀਆ ਤੇ ਮੁੱਖ ਸਲਾਹਕਾਰ ਇਕਬਾਲ ਸਿੰਘ ਟਿਵਾਣਾ, ਯੂਥ ਅਕਾਲੀ ਦਲ (ਅ) ਦੇ ਸੀਨੀਅਰ ਆਗੂ ਰਣਦੇਵ ਸਿੰਘ ਦੇਬੀ, ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੈਨੇਜਰ ਨੱਥਾ ਸਿੰਘ, ਇਲਾਕਾ ਸਕੱਤਰ ਧਰਮ ਸਿੰਘ ਕਲੌੜ ਮੌਜੂਦ ਸਨ। ਵਰਨਣਯੋਗ ਹੈ ਕਿ ਪ੍ਰੋ. ਬਡੂੰਗਰ ਵੱਲੋਂ ਪਹਿਲੀ ਵਾਰ ਸਿਮਰਨਜੀਤ ਸਿੰਘ ਮਾਨ ਨਾਲ ਮੀਟਿੰਗ ਕਰਕੇ ਰਲ ਕੇ ਸ਼ਹੀਦਾਂ ਲਈ ਅਰਦਾਸ ਕਰਵਾਉਣ ਦਾ ਯਤਨ ਕੀਤਾ ਗਿਆ ਹੈ ਤੇ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਵੀ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਹ ਦਿਵਸ ਮਨਾਇਆ ਜਾਂਦਾ ਹੈ ਉਦੋਂ-ਉਦੋਂ ਅਕਾਲੀ ਦਲ (ਅੰਮ੍ਰਿਤਸਰ) ਤੇ ਹੋਰ ਕਈ ਸਿੱਖ ਰਾਜਸੀ ਜਥੇਬੰਦੀਆਂ ਲਈ ਸ਼੍ਰੋਮਣੀ ਕਮੇਟੀ ਵੱਲੋਂ ਟਾਸਕ ਫੋਰਸ ਲਗਾ ਕੇ ਉਨ੍ਹਾਂ ਲਈ ਕਥਿਤ ਤੌਰ 'ਤੇ ਰੁਕਾਵਟ ਪੇਸ਼ ਕੀਤੀ ਜਾਂਦੀ ਰਹੀ ਹੈ, ਜਿਸ ਦੇ ਚੱਲਦਿਆਂ ਇਨ੍ਹਾਂ ਦੋਵੇਂ ਜਥੇਬੰਦੀਆਂ ਵਿਚ ਟਕਰਾਅ ਹੁੰਦਾ ਆਇਆ ਹੈ।

## 'ਦਿ ਬਲੈਕ ਪ੍ਰਿੰਸ' : ਪ੍ਰਚਾਰ ਮੁਹਿੰਮ ਦੀ ਸ਼ੁਰੂਆਤ

ਮੈਨੂੰ ਇਹ ਕਿਰਦਾਰ ਬਹੁਤ ਹੀ ਦਿਲਚਸਪ ਲੱਗਿਆ। ਮੈਂ ਬਹੁਤ ਮੁਤਾਸਰ ਹੋਈ। ਇਸ ਫ਼ਿਲਮ ਨਾਲ ਜਿਹੜੇ ਵੀ ਲੋਕ ਜੁੜੇ ਹਨ, ਭਾਵੇਂ ਉਹ ਇਸ ਦੇ ਨਿਰਮਾਤਾ ਜਸਜੀਤ ਸਿੰਘ ਹੋਣ, ਇਸ ਦੇ ਡਾਇਰੈਕਟਰ ਕਵੀ ਰਾਜ਼ ਹੋਣ ਤੇ ਖ਼ੁਦ ਸਤਿੰਦਰ ਸਰਤਾਜ ਨੇ... ਇਨ੍ਹਾਂ ਲਈ ਇਹ ਮਹਿਜ਼ ਫ਼ਿਲਮ ਨਹੀਂ ਸੀ...ਇਨ੍ਹਾਂ ਨੇ ਇਤਿਹਾਸ ਦੇ ਉਨ੍ਹਾਂ ਪੰਨਿਆਂ ਨੂੰ ਛੋਹਿਆ, ਉਸ ਅਣਕਹੀ ਦਾਸਤਾਨ 'ਤੇ ਰੌਸ਼ਨੀ ਪਾਈ...ਜੋ ਸਦੀਆਂ ਤੋਂ ਸ਼ਾਇਦ ਅਣਗੌਲਿਆ ਸੀ। ਇਨ੍ਹਾਂ ਨੇ ਆਪਣੀ ਬਿਹਤਰੀਨ ਸਮਰੱਥਾ ਨਾਲ ਇਨ੍ਹਾਂ ਇਤਿਹਾਸਕ ਪਲਾਂ ਨਾਲ ਇਨਸਾਫ਼ ਕੀਤਾ ਹੈ। ਮੈਨੂੰ ਲਗਦਾ ਸੀ ਕਿ ਇਹ ਫ਼ਿਲਮ ਬਣਾਉਣ ਨੂੰ ਬਹੁਤ ਸਮਾਂ ਲਗਾਉਣਗੇ ਪਰ ਇਨ੍ਹਾਂ ਨੇ ਤੈਅ ਸਮੇਂ ਅੰਦਰ ਇਹ ਫ਼ਿਲਮ ਮੁਕੰਮਲ ਕੀਤੀ ਹੈ ਤੇ ਬੜੀ ਜੀਅ-ਜਾਨ ਨਾਲ ਮਿਹਨਤ ਨਜ਼ਰ ਆਉਂਦੀ ਹੈ।"

ਸ਼ਬਾਨਾ ਨੇ ਕਿਹਾ, "ਮੈਨੂੰ ਮਹਾਰਾਜਾ ਦਲੀਪ ਸਿੰਘ ਦੀ ਮਾਂ ਮਹਾਰਾਣੀ ਜਿੰਦਾਂ ਦਾ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ। ਇਹ ਬਹੁਤ ਹੀ ਭਾਵੁਕ ਕਿਰਦਾਰ ਹੈ। ਬਹੁਤ ਦਮਦਾਰ ਕਿਰਦਾਰ ਹੈ। ਇਸ ਦੇ ਕਈ ਸ਼ੇਡ ਹਨ। ਮਹਾਰਾਣੀ ਜਿੰਦਾਂ ਕੋਲ ਬਹੁਤ ਕੁਝ ਹੈ...ਮਹਾਰਾਜਾ ਰਣਜੀਤ ਸਿੰਘ ਫ਼ੌਤ ਹੋ ਚੁੱਕੇ ਹਨ...ਬੇਟਾ ਕੋਲ ਨਹੀਂ ਤਾਂ ਤੁਹਾਨੂੰ ਲਗਦਾ ਹੈ ਕਿ ਉਹ ਵਿਚਾਰੀ ਔਰਤ ਹੈ ਪਰ ਅਜਿਹਾ ਨਹੀਂ...ਉਹ ਵਿਚਾਰੀ ਨਹੀਂ...ਉਹਦੇ ਕੋਲ ਹਾਲੇ ਵੀ ਉਹ ਤਾਕਤ ਹੈ...ਮੌਕੇ ਦੀ ਭਾਲ ਵਿਚ ਹੈ...ਉਹਦਾ ਬੇਟਾ ਆਉਂਦਾ ਹੈ...ਪਰ ਬੇਟੇ ਅੰਦਰ ਮਾਂ ਲਈ ਕੋਈ ਜਜ਼ਬਾਤ ਨਹੀਂ...ਜ਼ਾਹਰ ਹੈ ਉਹ ਕਦੇ ਮਾਂ ਨਾਲ ਰਿਹਾ ਹੀ ਨਹੀਂ...ਉਹ ਆਪਣੇ ਬੇਟੇ ਨੂੰ ਦਸਦੀ ਹੈ ਕਿ ਤੂੰ ਸਿਰਫ਼ ਰਾਜਕੁਮਾਰ ਨਹੀਂ ਹੈ...ਤੂੰ ਪੰਜਾਬ ਸਲਤਨਤ ਦਾ ਮਹਾਰਾਜਾ ਹੈ ਤੇ ਤੂੰ ਉਹ ਸਭ ਕੁਝ ਵਾਪਸ ਹਾਸਲ ਕਰਨਾ ਹੈ। ਜਦੋਂ ਮੈਂ ਕਵੀ ਰਾਜ਼ ਜੀ ਨੂੰ ਪੁੱਛਿਆ ਕਿ ਤੁਸੀਂ ਇਸ ਰੋਲ ਲਈ ਮੈਨੂੰ ਹੀ ਕਿਉਂ ਚੁਣਿਆ ਤਾਂ ਉਨ੍ਹਾਂ ਕਿਹਾ ਕਿ ਇਕ ਮਾਂ ਦੀਆਂ ਭਾਵਨਾਵਾਂ ਨੂੰ ਜਿਸ ਸ਼ਿੱਦਤ ਨਾਲ ਤੁਸੀਂ ਨਿਭਾ ਸਕਦੇ ਹੋ, ਮੈਨੂੰ ਨਹੀਂ ਲਗਦਾ ਕਿ ਉਹ ਕੋਈ ਹੋਰ ਕਰ ਸਕਦਾ ਹੈ।"

ਪੰਜਾਬੀ ਫ਼ਿਲਮ ਕਰਨ ਬਾਰੇ ਸ਼ਬਾਨਾ ਦਾ ਕਹਿਣਾ ਹੈ, "ਸਹੀ ਅਰਥਾਂ ਵਿਚ ਮੇਰੀ ਇਹ ਪਹਿਲੀ ਪੰਜਾਬੀ ਫ਼ਿਲਮ ਹੈ ਕਿਉਂਕਿ ਇਸ ਤੋਂ ਪਹਿਲਾਂ ਮੈਂ ਗੁਰਿੰਦਰ ਚੱਢਾ ਦੀ ਫ਼ਿਲਮ ਕੀਤੀ ਸੀ ਪਰ ਉਹ ਅੰਗਰੇਜ਼ੀ ਵਿਚ ਸੀ ਪਰ ਬਾਅਦ ਵਿਚ ਉਹ ਪੰਜਾਬੀ ਤੇ ਹਿੰਦੀ ਵਿਚ ਡਬ ਹੋਈ ਪਰ ਇਸ ਫ਼ਿਲਮ ਵਿਚ ਮੈਂ ਖ਼ੁਦ ਪੰਜਾਬੀ ਬੋਲੀ ਤੇ ਲੰਬੇ ਲੰਬੇ ਡਾਇਲਾਗ ਮੈਂ ਬੋਲੇ। ਮੇਰੇ ਲਈ ਪੰਜਾਬੀ ਬੋਲਣਾ ਆਸਾਨ ਨਹੀਂ ਸੀ ਕਿਉਂਕਿ ਕੋਈ ਵੀ ਭਾਸ਼ਾ ਸਿੱਖਣ-ਬੋਲਣ ਲਈ ਵਕਤ ਲਗਦਾ ਹੈ ਪਰ ਇਸ ਮਾਮਲੇ ਵਿਚ ਮੇਰੀ ਸਰਤਾਜ ਨੇ ਬਹੁਤ ਮਦਦ ਕੀਤੀ।"

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪੰਜਾਬ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੇ ਸਸਕਾਰ ਨੂੰ ਲੈ ਕੇ ਵਿਵਾਦ ਛਿੜ ਗਿਆ ਹੈ। ਯੂ.ਕੇ. ਦੀ ਇੱਕ ਪੰਜਾਬੀ ਸੰਸਥਾ ਚਾਹੁੰਦੀ ਹੈ ਕਿ ਦਲੀਪ ਸਿੰਘ ਦੀਆਂ ਅਸਥੀਆਂ ਨੂੰ ਇੰਗਲੈਂਡ ਤੋਂ ਵਾਪਸ ਪੰਜਾਬ ਵਿੱਚ ਲਿਆਂਦਾ ਜਾਵੇ। ਉਨ੍ਹਾਂ ਮੁਤਾਬਕ ਦਲੀਪ ਸਿੰਘ ਆਪਣੀ ਮੌਤ ਵੇਲੇ ਮੁੜ ਤੋਂ ਸਿੱਖ ਬਣ ਗਏ ਸਨ। ਉਹ ਚਾਹੁੰਦੇ ਸੀ ਕਿ ਸਿੱਖ ਧਰਮ ਅਨੁਸਾਰ ਹੀ ਉਨ੍ਹਾਂ ਦੀਆਂ ਅੰਤਿਮ ਰਸਮਾਂ ਕੀਤੀਆਂ ਜਾਣ। ਸ਼ਬਾਨਾ ਮੁਤਾਬਕ ਜੋ ਬੀਤ ਚੁੱਕਿਆ ਹੈ, ਉਸ ਨੂੰ ਛੱਡ ਅੱਗੇ ਵਧਣਾ ਜ਼ਰੂਰੀ ਹੈ। ਉਨ੍ਹਾਂ ਕਿਹਾ, "ਬੀਤੇ ਜ਼ਮਾਨੇ ਵਿੱਚ ਜੋ ਗਲਤੀਆਂ ਹੋਈਆਂ, ਉਨ੍ਹਾਂ ਨੂੰ ਅਸੀਂ ਆਪਣੇ ਦਿਲ ਵਿੱਚ ਬਿਠਾ ਲੈਂਦੇ ਹਾਂ ਤੇ ਬਦਲਾ ਲੈਣ ਦੀ ਕੋਸ਼ਿਸ਼ ਕਰਦੇ ਹਾਂ। ਇਹ ਗਲਤ ਹੈ, ਸਾਡੇ ਵਿੱਚ ਇੰਨਾ ਸਬਰ ਹੋਣਾ ਚਾਹੀਦਾ ਹੈ ਕਿ ਜੋ ਬੀਤ ਚੁੱਕਿਆ ਹੈ, ਉਸ ਨੂੰ ਉਸੇ ਤਰ੍ਹਾਂ ਆਪਣਾਇਆ ਜਾਵੇ। ਉਸ ਨੂੰ ਹਮੇਸ਼ਾ ਲਈ ਫੜ ਕੇ ਨਹੀਂ ਬੈਠਿਆ ਜਾ ਸਕਦਾ, ਇਸ ਨਾਲ ਹੋਰ ਨਫ਼ਰਤ ਪੈਦਾ ਹੁੰਦੀ ਹੈ।"

ਸਤਿੰਦਰ ਸਰਤਾਜ ਨੇ ਹਾਲਾਂਕਿ ਕਿਹਾ ਕਿ ਇਹ ਸੰਸਥਾ 1991 ਤੋਂ ਇਸ ਕੰਮ ਵਿੱਚ ਸ਼ਿੱਦਤ ਨਾਲ ਲੱਗੀ ਹੋਈ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਫ਼ਿਲਮ ਦੀ ਰਿਲੀਜ਼ ਤੋਂ ਬਾਅਦ ਇਸ ਨੂੰ ਹੁੰਗਾਰਾ ਮਿਲੇਗਾ ਤੇ ਉਹ ਸਫਲ ਹੋ ਪਾਉਣਗੇ। ਲੁਧਿਆਣਾ ਵਿਚ ਫ਼ਿਲਮ ਦੇ ਪ੍ਰਚਾਰ ਦੌਰਾਨ ਸਤਿੰਦਰ ਸਰਤਾਜ ਦਸਦੇ ਹਨ ਕਿ ਉਨ੍ਹਾਂ ਦੀ ਇਹ ਪਹਿਲੀ ਫ਼ਿਲਮ ਹੈ ਤੇ ਉਹ ਇਸ ਲਈ ਬੇਹੱਦ ਉਤਸ਼ਾਹਤ ਹਨ। ਉਨ੍ਹਾਂ ਨੇ ਹਾਲੀਵੁੱਡ ਦੇ ਕਲਾਕਾਰਾਂ ਨਾਲ ਕੰਮ ਕੀਤਾ ਜੋ ਮੌਕੇ 'ਤੇ ਹੀ ਆਪਣੇ ਡਾਇਲਾਗ ਘੜ ਲੈਂਦੇ ਸਨ ਤੇ ਸਤਿੰਦਰ ਆਪਣੇ ਡਾਇਲਾਗ 'ਤੇ ਰੱਟਾ ਮਾਰਦੇ ਸਨ। ਸਤਿੰਦਰ ਸਰਤਾਜ ਨੇ ਇਸ ਗੱਲ 'ਤੇ ਖ਼ੁਸ਼ੀ ਪ੍ਰਗਟਾਈ ਕਿ ਫ਼ਿਲਮ ਨਿਰਮਾਤਾ ਜਸਜੀਤ ਸਿੰਘ, ਡਾਇਰੈਕਟਰ ਕਵੀ ਰਾਜ਼ ਨੇ ਉਨ੍ਹਾਂ ਵਿਚ ਵਿਸ਼ਵਾਸ ਕਰਕੇ ਇਹ ਰੋਲ ਨਿਭਾਉਣ ਲਈ ਦਿੱਤਾ।

'ਦਿ ਬਲੈਕ ਪ੍ਰਿੰਸ' 21 ਜੁਲਾਈ ਨੂੰ ਭਾਰਤ, ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਫੀਜੀ ਵਿਚ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਭਾਸ਼ਾ ਦੇ ਵਿਚ ਰਿਲੀਜ਼ ਹੋਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਫ਼ਿਲਮ ਹਾਲੇ 21 ਜੁਲਾਈ ਨੂੰ ਰਿਲੀਜ਼ ਹੋਣੀ ਹੈ, ਪਰ ਇਸ ਦੀ ਕੌਮੀ ਤੇ ਕੌਮਾਂਤਰੀ ਫ਼ਿਲਮ ਫੈਸਟੀਵਲਾਂ ਵਿਚ ਤਾਰੀਫ਼ ਨਾਲ ਫ਼ਿਲਮ ਦੀ ਪੂਰੀ ਟੀਮ ਖ਼ੁਸ਼ ਹੈ। ਫ਼ਿਲਮ ਦੇ ਨਿਰਦੇਸ਼ਕ ਕਵੀ ਰਾਜ਼ ਨੇ ਬੜੀ ਹੀ ਸੁਚੱਜੇ ਤਰੀਕੇ ਨਾਲ ਇਤਿਹਾਸ ਨੂੰ ਬਾਖ਼ੂਬੀ ਪੇਸ਼ ਕਰਕੇ ਕੀਤਾ ਹੈ ਅਤੇ ਫ਼ਿਲਮ ਸਾਗਾ ਮਿਊਜ਼ਿਕ ਕੰਪਨੀ ਤੇ ਯੂਨੀਸਿਸ ਇਨਫੋਸੋਲਿਊਸ਼ਨਜ਼ ਵੱਲੋਂ ਰਿਲੀਜ਼ ਕੀਤੀ ਜਾ ਰਹੀ ਹੈ। ਅਦਾਕਾਰ ਸਤਿੰਦਰ ਸਰਤਾਜ ਨੇ ਕਿਹਾ ਕਿ ਫ਼ਿਲਮ ਵਿਚ 1947 ਵਿਚ ਅੰਗਰੇਜ਼ਾਂ ਤੋਂ ਆਜ਼ਾਦੀ ਪ੍ਰਾਪਤ ਕਰਕੇ ਮਹਾਰਾਜਾ ਰਣਜੀਤ ਸਿੰਘ ਦੇ ਵਾਰਸਾਂ ਵੱਲੋਂ ਪਾਏ ਗਏ ਯੋਗਦਾਨ ਬਾਰੇ ਖ਼ੁਲਾਸਾ ਕਰੇਗੀ। ਜ਼ਿਕਰਯੋਗ ਹੈ ਕਿ ਫ਼ਿਲਮ ਲਈ ਸ਼ਬਾਨਾ ਆਜ਼ਮੀ ਨੂੰ ਲਾਸ ਏਂਜਲੈਸ ਫ਼ਿਲਮ ਐਵਾਰਡ ਵਿਚ ਸਰਵੋਤਮ ਅਦਾਕਾਰਾ ਅਤੇ ਸਤਿੰਦਰ ਸਰਤਾਜ ਨੂੰ ਲੰਡਨ ਇੰਡੀਪੈਂਡੈਂਟ ਫ਼ਿਲਮ ਫੈਸਟੀਵਲ ਵਿਚ ਸਰਵੋਤਮ ਨਿਊ ਕਮਰ ਦਾ ਪੁਰਸਕਾਰ ਮਿਲ ਚੁੱਕਾ ਹੈ।


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

# Classified

## ਲੜਕੀ ਦੀ ਲੋੜ

ਸਿੱਖ ਰਾਮਗੜੀਆ ਲੜਕਾ, 30/5'9", ਭਾਰਤ ਤੋਂ ਇਲੈਕਟ੍ਰੋਨਿਕ ਐਂਡ ਕਮਿਊਨੀਕੇਸ਼ਨ ਇੰਜਨੀਅਰਿੰਗ ਵਿਚ ਬੀ.ਟੈਕ। ਕੈਨੇਡਾ ਵਿਚ ਕਾਨੂੰਨੀ ਤਾਲਾਕ।(ਸਿਰਫ਼ 5 ਦਿਨ ਇਕੱਠੇ ਰਹੇ)। ਮੌਜੂਦਾ ਸਮੇਂ ਵਰਕ ਪਰਮਿਟ 'ਤੇ। ਸਿਰਫ਼ ਕੈਨੇਡਾ ਤੇ ਅਮਰੀਕਾ ਦੀ ਲੜਕੀ ਨੂੰ ਤਰਜੀਹ ਦਿੱਤੀ ਜਾਵੇਗੀ।
ਸੰਪਰਕ : ਅਮਰੀਕਾ : 714-232-2482
ਵਟਸਐਪ : 97791-30287, saggu.gagan@gmail.com

---

ਸਹਾਰਨਪੁਰ ਦੇ ਚੰਗੇ ਸਰਦੇ ਪੁੱਜਦੇ ਭੁੱਲਰ ਪਰਿਵਾਰ ਦੇ ਐਲ. ਐਲ. ਬੀ., ਐਲ. ਐਮ. ਐਲ., ਬੀ.ਏ. ਪਾਸ ਜੱਟ ਸਿੱਖ ਲੜਕੇ 28 ਸਾਲ 5'10" ਲਈ ਪੜ੍ਹੀ ਲਿਖੀ ਤੇ ਚੰਗੇ ਪਰਿਵਾਰ ਨਾਲ ਸਬੰਧ ਰਖਦੀ ਲੜਕੀ ਦੀ ਲੋੜ ਹੈ। ਲੜਕਾ ਦਿੱਲੀ ਦੀਆਂ ਜਿਲ੍ਹਾ ਕਚਹਿਰੀਆਂ ਤੇ ਹਾਈਕੋਰਟ 'ਚ ਵਕਾਲਤ ਕਰਦਾ ਹੈ। ਸ਼ਰਾਬ ਜਾਂ ਕਿਸੇ ਨਸ਼ੇ ਨੂੰ ਮੂੰਹ ਨਹੀਂ ਲਾਉਂਦਾ।
ਖ਼ਾਨਦਾਨੀ ਪਿਛੋਕੜ ਵਾਲਾ ਭੁੱਲਰ ਪਰਿਵਾਰ ਬਹੁਤ ਹੀ ਸਤਿਕਾਰਤ ਤੇ ਸਲੀਕੇ ਵਾਲਾ, ਪੜ੍ਹਿਆ ਲਿਖਿਆ, ਇਲਾਕੇ 'ਚ ਸਤਿਕਾਰਤ ਤੇ ਮਾਣ ਇਜ਼ਤ ਵਾਲਾ ਹੈ। ਪਰਿਵਾਰ ਦਾ ਸਹਾਰਨਪੁਰ (ਯੂ.ਪੀ.) ਵਿੱਚ ਚੰਗਾ ਬਿਜਨਸ, ਜ਼ਮੀਨ ਜਾਇਦਾਦ ਤੋਂ ਇਲਾਵਾ ਪੰਜਾਬ 'ਚ ਮਲੋਟ ਨੇੜੇ ਵੀ ਜ਼ਮੀਨ ਹੈ। ਲੜਕੀ ਚੰਗੇ ਪਰਿਵਾਰ ਦੀ ਪੜ੍ਹੀ ਲਿਖੀ, ਖੁਲ੍ਹਦਿਲੇ ਵਿਚਾਰਾਂ ਵਾਲੀ, ਮਿਲਣਸਾਰ ਅਤੇ ਪਰਿਵਾਰਕ ਕਦਰਾਂ ਕੀਮਤਾਂ ਵਾਲੀ ਹੋਵੇ।
**ਹੋਰ ਜਾਣਕਾਰੀ ਲਈ ਫੋਨ: 09045898878**
**E-mail: navi_singh001@yahoo.com**

## BRIDE WANTED

Ramgarhia Sikh parents from Los Angles seeks matrimonial for their son 25years, height 5' 10" born and brought up in Los Angles , working as Assistant Manager in Marketing. Sikh Families welcome.
Please contact ginamudhar@yahoo.com Or phone 818-943-0264

---

Seeking a Matrimonial match in Canada & USA only, for a Sikh Ramgharia boy, 30/5'9" having B-Tech in Electronics & Communication Engineering from India. Legally divorced in Canada (together for 5 days only). Currently on work permit. Contact:
USA: 714-232-2482, WhatsApp: 9779130287,
Email : saggu.gagan@gmail.com

---

Jat Sikh Bhular boy 28 years old Height: 5' 10" Complexion, Non drinker/ Non smoker, Qualifications : L.L.M., L.L.B., B.A., Schooling from YPS (Mohali) and Saharanpur , Practicing as an Advocate at High court & District courts in New Delhi, is looking for a Well Educated Girl from good status family , Should be open minded, moderately traditional and caring. Bhullars are Upper Middle Class, Moderate Nuclear very well behaved, educated, highly respected and very well known family having good business, residential and urban property, agricultural land in Saharanpur (U.P.) and in Punjab near Malout.
**For More information :**
**Call Mobile No. 09045898878**
**E-mail: navi_singh001@yahoo.com**

**For Classified Contact**
**510.240.5949**

## BOY WANTED

Seeking matrimonial for Jat Sikh girl, 35 years, 5'6". Well educated, working in a semi-conductor MNC in Malaysia. Comes from a well-respected family, settled in Malaysia. Sister settled in the US. Cast no bar. Boy should be well settled, preferably from Canada/US. Contact mendhir2017@gmail.com,
Phone : 949-689-0841, 949-864-9735

## ਲੜਕੀ ਦੀ ਲੋੜ

ਲਾਸ ਏਂਜਲਸ ਤੋਂ ਰਾਮਗੜੀਆ ਸਿੱਖ ਪਰਿਵਾਰ ਨੂੰ ਆਪਣੇ ਲਾਸ ਏਂਜਲਸ ਵਿਚ ਜਨਮੇ-ਪਲੇ 25 ਸਾਲਾ ਲੜਕੇ, 5' 10" ਲਈ ਕੰਨਿਆ ਦੀ ਲੋੜ ਹੈ। ਲੜਕਾ ਮਾਰਕੀਟਿੰਗ ਵਿਚ ਅਸਿਸਟੈਂਟ ਮੈਨੇਜਰ। ਸਿੱਖ ਪਰਿਵਾਰਾਂ ਦਾ ਸਵਾਗਤ। ginamudhar@yahoo.com ਜਾਂ ਫ਼ੋਨ ਨੰਬਰ 818-943-0264 'ਤੇ ਸੰਪਰਕ ਕਰੋ।

**Office for Lease in Union City, CA**



Nice clean office
1200 to 1500 Sq feet in the business area of Union City.
Best for Trucking company if extra warehouse needed.
Call at:
**510-875-3279**

### 'ਤੇਰਾ ਭਾਣਾ ਮੀਠਾ ਲਾਗੇ। ਹਰਿ ਨਾਮ ਪਦਾਰਥ ਨਾਨਕ ਮਾਂਗੇ।'

ਪ੍ਰਭਾਵ ਆਮ ਲੋਕਾਂ ਵਿੱਚ ਬਹੁਤ ਤੇਜ਼ੀ ਨਾਲ ਵਧ ਰਿਹਾ ਸੀ ਅਤੇ ਵੱਡੀ ਗਿਣਤੀ ਲੋਕ ਸਿੱਖ ਧਰਮ ਅਪਣਾ ਰਹੇ ਸਨ। ਦਸਵੰਧ ਦੀ ਪ੍ਰਥਾ ਕਰਕੇ ਗੁਰੂ ਘਰ ਦੀ ਆਮਦਨ ਵੀ ਬਹੁਤ ਵਧ ਰਹੀ ਸੀ। ਨਕਸ਼ਬੰਦੀ ਫ਼ਿਰਕੇ ਦੇ ਮੋਹਰੀਆਂ, ਜਿਸ ਦਾ ਉਸ ਸਮੇਂ ਮੁਖੀ ਸ਼ੇਖ ਅਹਿਮਦ ਸਰਹਿੰਦੀ ਮੁਜੱਦਿਦ ਅਲਫ਼ ਸਾਨੀ ਸੀ, ਦਾ ਇਸ ਹਾਲਾਤ ਵਿੱਚ ਇਹ ਮਹਿਸੂਸ ਕਰਨਾ ਕਿ ਗੁਰੂ ਘਰ ਦਾ ਵਧ ਰਿਹਾ ਪ੍ਰਭਾਵ ਇਸਲਾਮ ਲਈ ਵੰਗਾਰ ਬਣ ਸਕਦਾ, ਕੁਦਰਤੀ ਸੀ। ਉਸ ਨੇ ਤੇ ਹੋਰ ਕਈ ਕੱਟੜਵਾਦੀਆਂ ਨੇ ਬਾਦਸ਼ਾਹ ਦੇ ਗੁਰੂ ਘਰ ਖਿਲਾਫ਼ ਕੰਨ ਭਰਦਿਆਂ ਕਿਹਾ ਕਿ ਗੁਰੂ ਜੀ ਦਾ ਵਧ ਰਿਹਾ ਰਸੂਖ ਬਾਦਸ਼ਾਹ ਦੇ ਤਾਜੋ-ਤਖ਼ਤ ਲਈ ਖ਼ਤਰਾ ਬਣ ਸਕਦਾ ਹੈ। ਉਨ੍ਹਾਂ ਜਹਾਂਗੀਰ ਦੇ ਮਨ ਵਿੱਚ ਇਹ ਗੱਲ ਬਿਠਾ ਦਿੱਤੀ ਕਿ ਗੁਰੂ ਜੀ ਬਾਦਸ਼ਾਹਤ ਦੇ ਸੁਪਨੇ ਵੇਖਣ ਲੱਗ ਪਏ ਹਨ ਅਤੇ ਸਿੱਖਾਂ ਨੇ ਉਨ੍ਹਾਂ ਨੂੰ ਸੱਚੇ ਪਾਦਸ਼ਾਹ ਵੀ ਕਹਿਣਾ ਸ਼ੁਰੂ ਕਰ ਦਿੱਤਾ ਹੈ। ਜਹਾਂਗੀਰ ਨੇ ਅਪਣੀ ਆਤਮ ਕਥਾ 'ਤੁਜ਼ਕ-ਏ-ਜਹਾਂਗੀਰੀ' ਵਿੱਚ ਇਸ ਤੱਥ ਦਾ ਸਪਸ਼ਟ ਜ਼ਿਕਰ ਕੀਤਾ ਹੈ।
ਇਸ ਦੌਰਾਨ ਬਲਦੀ 'ਤੇ ਤੇਲ ਪਾਉਣ ਦਾ ਕੰਮ ਜਹਾਂਗੀਰ ਦੇ ਬਾਗੀ ਪੁੱਤਰ ਖੁਸਰੋ ਦੇ ਗੁਰੂ ਜੀ ਕੋਲ ਆਉਣ ਅਤੇ ਲੰਗਰ ਛਕਣ ਦੀ ਘਟਨਾ ਨੇ ਕਰ ਦਿੱਤਾ। ਜਹਾਂਗੀਰ ਦੇ ਸ਼ੱਕ ਨੂੰ ਯਕੀਨ ਵਿੱਚ ਬਦਲਣ ਲਈ ਗੁਰੂ ਘਰ ਦੇ ਦੋਖੀਆਂ ਨੂੰ ਇੱਕ ਹੋਰ ਹਥਿਆਰ ਮਿਲ ਗਿਆ। ਉਨ੍ਹਾਂ ਇੱਕ ਨਾਲ ਦਸ ਸੱਚੀਆਂ ਝੂਠੀਆਂ ਲਾ ਕੇ ਇਹ ਗੱਲ ਬਾਦਸ਼ਾਹ ਤੱਕ ਪਹੁੰਚਾਈ। ਬਾਦਸ਼ਾਹ ਨੂੰ ਦੱਸਿਆ ਗਿਆ ਕਿ ਗੁਰੂ ਅਰਜਨ ਦੇਵ ਜੀ ਨੇ ਬਾਗੀ ਖੁਸਰੋ ਨਾਲ ਪਤਾ ਨਹੀਂ ਕੀ ਕੀ ਮਤੇ ਕੀਤੇ ਹਨ, ਗੁਰੂ ਸਾਹਿਬ ਨੇ ਉਸ ਦੀ ਸਫ਼ਲਤਾ ਲਈ ਅਰਦਾਸ ਕੀਤੀ ਹੈ, ਉਸ ਦੇ ਮੱਥੇ 'ਤੇ ਕੇਸਰ ਦਾ ਤਿਲਕ ਲਗਾ ਕੇ ਉਸ ਨੂੰ ਆਸ਼ੀਰਵਾਦ ਦਿੱਤਾ ਹੈ ਅਤੇ ਇੱਥੋਂ ਤੱਕ ਕਿ ਉਸ ਦੀ ਮਾਇਕ ਤੌਰ 'ਤੇ ਸਹਾਇਤਾ ਵੀ ਕੀਤੀ ਹੈ। ਇਤਿਹਾਸਕ ਸਰੋਤਾਂ ਦੇ ਅਧਿਐਨ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਹ ਸਭ ਝੂਠ ਦਾ ਪੁਲੰਦਾ ਸੀ। ਸੱਚ ਸਿਰਫ਼ ਇੰਨਾ ਸੀ ਕਿ ਅਫ਼ਗਾਨਿਸਤਾਨ ਵੱਲ ਜਾਣ ਦੀ ਅਪਣੀ ਕੋਸ਼ਿਸ਼ ਦੌਰਾਨ ਖੁਸਰੋ, ਗੋਇੰਦਵਾਲ ਸਾਹਿਬ ਵਿਖੇ ਰੁਕਿਆ ਅਤੇ ਆਮ ਸੰਗਤ ਦੀ ਤਰ੍ਹਾਂ ਉਸ ਨੇ ਅਤੇ ਉਸ ਦੇ ਸਾਥੀਆਂ ਨੇ ਲੰਗਰ ਵਿੱਚ ਪ੍ਰਸ਼ਾਦਾ ਛਕਿਆ ਕਿਉਂਕਿ ਗੁਰੂ ਘਰ ਦੇ ਲੰਗਰ ਦੇ ਦਰਵਾਜ਼ੇ ਹਰ ਆਮ ਖਾਸ ਲਈ, ਹਰ ਵੇਲੇ ਖੁੱਲ੍ਹੇ ਰਹਿੰਦੇ ਹਨ।
ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਧਿਆਤਮਿਕ ਇਤਿਹਾਸ ਵਿੱਚ ਚਾਨਣ ਮੁਨਾਰਾ ਹੈ। ਘੋਰ ਜ਼ੁਲਮ ਨੂੰ ਗੁਰੂ ਜੀ ਵਾਂਗ ਅਹਿੰਸਾਮਈ ਤਰੀਕੇ ਨਾਲ ਸ਼ਾਂਤ ਚਿੱਤ ਰਹਿ ਕੇ ਬਰਦਾਸ਼ਤ ਕਰਨ ਦੀ, ਅਸਹਿ ਤਸੀਹੇ ਸਹਿਣ ਕਰਦੇ ਹੋਏ ਵੀ 'ਤੇਰਾ ਭਾਣਾ ਮੀਠਾ ਲਾਗੇ' ਕਹਿ ਕੇ ਸਿਰਜਣਹਾਰੇ ਦਾ ਸ਼ੁਕਰਾਨਾ ਕਰਨ ਅਤੇ ਇਸ ਤਕਲ਼ੀਫ਼ ਨੂੰ ਸਹਿਣ ਕਰਨ ਦੀ ਤਾਕਤ ਪਾਉਣ ਲਈ ਨਾਮ ਦੀ ਜਾਚਨਾ ਕਰਨ ਦੀ ਅਦੁੱਤੀ ਮਿਸਾਲ ਹੋਰ ਕਿਤੇ ਨਹੀਂ ਮਿਲਦੀ। ਪ੍ਰੰਤੂ ਇਸ ਦੁਖਾਂਤ ਨੇ ਸਿੱਖ ਵਿਚਾਰਧਾਰਾ ਵਿੱਚ ਇਤਿਹਾਸਕ ਮੋੜ ਲਿਆਂਦਾ। ਸਿੱਖ ਵਿਚਾਰਧਾਰਾ ਕੇਵਲ ਭਗਤੀ ਮਾਰਗ ਨਾ ਰਹਿ ਕੇ ਭਗਤੀ ਮਾਰਗ ਅਤੇ ਸ਼ਕਤੀ ਮਾਰਗ ਦਾ ਸੁਮੇਲ ਬਣ ਗਈ। ਸਿੱਖਾਂ ਨੇ ਇਹ ਸਮਝ ਲਿਆ ਕਿ ਭਗਤੀ ਦੀ ਰਾਖੀ ਲਈ ਸ਼ਕਤੀ ਦਾ ਹੋਣਾ ਵੀ ਜ਼ਰੂਰੀ ਹੈ। ਗੁਰੂ ਹਰਗੋਬਿੰਦ ਸਾਹਿਬ ਦਾ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਨਾ, ਜ਼ਾਲਮਾਂ ਖ਼ਿਲਾਫ਼ ਯੁੱਧ ਲੜਨਾ ਅਤੇ ਜਿੱਤਣਾ, ਗੁਰੂ ਗੋਬਿੰਦ ਸਿੰਘ ਦਾ ਖਾਲਸਾ ਸਾਜਣਾ ਅਤੇ ਅੰਤ ਬਾਬਾ ਬੰਦਾ ਸਿੰਘ ਬਹਾਦਰ ਦਾ ਮੁਗਲ ਸਾਮਰਾਜ ਦੀਆਂ ਜੜ੍ਹਾਂ ਨੂੰ ਪੰਜਾਬ ਵਿਚੋਂ ਉਖੇੜਨਾ, ਇਸੇ ਦੁਖਾਂਤ ਦੇ ਰੁੱਖ ਨੂੰ ਲੱਗੇ ਫਲ਼ ਹਨ। ਜੇ ਗੁਰੂ ਅਰਜਨ ਦੇਵ ਜੀ ਇਹ ਸ਼ਹਾਦਤ ਨਾ ਦਿੰਦੇ ਤਾਂ ਹੋ ਸਕਦਾ ਕਿ ਪੰਜਾਬ ਹੀ ਨਹੀਂ ਬਲਕਿ ਸਮੁੱਚੇ ਭਾਰਤ ਦਾ ਇਤਿਹਾਸ ਕੁਝ ਹੋਰ ਹੁੰਦਾ।
ਲੇਖਕ ਰਿਮਟ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਵਿਚ ਪ੍ਰੋਫੈਸਰ ਹੈ।

# ਸ਼ਹੀਦ ਭਗਤ ਸਿੰਘ ਦਾ ਪਿਸਤੌਲ 'ਚੁੱਪ-ਚਪੀਤੇ' ਹੁਸੈਨੀਵਾਲਾ ਵਿੱਚ ਸਥਾਪਤ ਕੀਤਾ

**ਫ਼ਿਰੋਜ਼ਪੁਰ/ਬਿਊਰੋ ਨਿਊਜ਼ :**
ਲੰਮੀ ਵਿਚਾਰ ਚਰਚਾ ਤੋਂ ਬਾਅਦ ਆਖਰ ਸ਼ਹੀਦ ਭਗਤ ਸਿੰਘ ਦੇ ਪਿਸਤੌਲ ਨੂੰ ਫ਼ਿਰੋਜ਼ਪੁਰ ਦੀ ਹੁਸੈਨੀਵਾਲਾ ਸਰਹੱਦ 'ਤੇ ਨਵੇਂ ਬਣੇ ਮਿਊਜ਼ੀਅਮ ਵਿਚ ਐਤਵਾਰ ਸ਼ਾਮ ਨੂੰ ਰਿਟਰੀਟ ਸਮੇਂ 'ਚੁੱਪ-ਚੁਪੀਤੇ' ਸਥਾਪਤ ਕਰ ਦਿੱਤਾ ਗਿਆ। ਇਸ ਦੌਰਾਨ ਬੀਐਸਐਫ ਅਧਿਕਾਰੀਆਂ ਵੱਲੋਂ ਸਾਦਾ ਸਮਾਗਮ ਕੀਤਾ ਗਿਆ, ਜਿਸ ਵਿਚ ਬੀਐਸਐਫ਼ ਦੇ ਸਥਾਨਕ ਡੀਆਈਜੀ ਬੀ.ਐਸ.ਰਾਜਪੁਰੋਹਿਤ ਮੁੱਖ ਮਹਿਮਾਨ ਸਨ। ਦੱਸਣਯੋਗ ਹੈ ਕਿ ਇਸ ਸਮਾਰੋਹ ਦਾ ਸੱਦਾ ਸਥਾਨਕ ਸਿਵਲ ਜਾਂ ਪੁਲੀਸ ਪ੍ਰਸ਼ਾਸਨ ਦੇ ਕਿਸੇ ਵੀ ਵੱਡੇ ਅਧਿਕਾਰੀ ਨੂੰ ਨਹੀਂ ਦਿੱਤਾ ਗਿਆ।
ਹਿੰਦ-ਪਾਕਿ ਜ਼ੀਰੋ ਲਾਈਨ 'ਤੇ ਨਵੇਂ ਬਣੇ ਮਿਊਜ਼ੀਅਮ ਵਿਚ ਭਗਤ ਸਿੰਘ ਦੇ ਪਿਸਤੌਲ ਤੋਂ ਇਲਾਵਾ ਉਨ੍ਹਾਂ ਵੱਲੋਂ ਮਹਾਤਮਾ ਗਾਂਧੀ ਨੂੰ ਲਿਖੀਆਂ ਕੁਝ ਚਿੱਠੀਆਂ ਤੇ ਉਨ੍ਹਾਂ ਦੇ ਜਵਾਬ ਵੀ ਰੱਖੇ ਗਏ ਹਨ। ਇਸ ਪਿਸਤੌਲ ਨਾਲ 17 ਦਸੰਬਰ 1928 ਨੂੰ ਪੰਜਾਬ ਸਿਵਲ ਸਕੱਤਰੇਤ ਲਾਹੌਰ ਦੇ ਬਾਹਰ ਭਗਤ ਸਿੰਘ ਤੇ ਉਸਦੇ ਸਾਥੀਆਂ ਨੇ ਜੌਹਨ ਸਾਂਡਰਸ ਦਾ ਕਤਲ ਕੀਤਾ ਸੀ। ਪਿਛਲੇ ਦਿਨੀਂ ਇਹ ਪਿਸਤੌਲ ਅਖ਼ਬਾਰਾਂ ਦੀਆਂ ਸੁਰਖ਼ੀਆਂ ਵਿਚ ਰਿਹਾ। ਜ਼ਿਕਰਯੋਗ ਹੈ ਕਿ ਹੁਸੈਨੀਵਾਲਾ ਵਿਚ ਨਵੇਂ ਬਣੇ ਮਿਊਜ਼ੀਅਮ ਅੰਦਰ ਬੀਐਸਐਫ਼ ਦੇ ਸਰਹੱਦੀ ਅਤੇ ਪੰਜਾਬ, ਰਾਜਸਥਾਨ ਤੇ ਪੱਛਮੀ ਬੰਗਾਲ ਸਰਹੱਦ ਦੇ ਮਾਡਲਾਂ ਤੋਂ ਇਲਾਵਾ ਬੀਐਸਐਫ਼ ਦੇ ਹਥਿਆਰ ਵੀ ਰੱਖੇ ਹੋਏ ਹਨ। ਇਸ ਤੋਂ ਇਲਾਵਾ ਮਿਊਜ਼ੀਅਮ ਦੇ ਗੇਟ 'ਤੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਬੁੱਤ ਸਥਾਪਤ ਕੀਤੇ ਗਏ ਹਨ। ਡੀਆਈਜੀ ਨੇ ਦੱਸਿਆ ਕਿ ਇਹ ਮਿਊਜ਼ੀਅਮ ਆਮ ਜਨਤਾ ਲਈ ਹਫ਼ਤੇ ਦੇ ਸੱਤੇ ਦਿਨ ਖੁੱਲ੍ਹਾ ਰੱਖਿਆ ਜਾਵੇਗਾ।




**ਕ੍ਰਾਂਤੀਕਾਰੀਆਂ ਬਾਰੇ ਕਿਤਾਬਾਂ ਲਿਖਣ ਵਾਲਾ ਲੇਖਕ ਨਿਰਾਸ਼ :**
ਸ਼ਹੀਦ ਭਗਤ ਸਿੰਘ ਦੇ ਪਿਸਤੌਲ ਨੂੰ ਹੁਸੈਨੀਵਾਲਾ ਮਿਊਜ਼ੀਅਮ ਵਿਚ ਸਥਾਪਤ ਕੀਤੇ ਜਾਣ ਤੋਂ ਲੇਖਕ ਰਾਕੇਸ਼ ਕੁਮਾਰ ਨਿਰਾਸ਼ ਹੈ। ਉਸ ਦਾ ਕਹਿਣਾ ਹੈ ਕਿ ਇਸ ਪਿਸਤੌਲ ਨੂੰ ਫ਼ਿਰੋਜ਼ਪੁਰ ਸ਼ਹਿਰ ਦੇ ਅੰਦਰੂਨੀ ਹਿੱਸੇ ਵਿਚ ਸਥਿਤ ਕ੍ਰਾਂਤੀਕਾਰੀਆਂ ਦੇ ਗੁਪਤ ਟਿਕਾਣੇ 'ਤੇ ਸਥਾਪਤ ਕੀਤਾ ਜਾਣਾ ਚਾਹੀਦਾ ਸੀ।



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.





Mortgage Rates ਇਤਿਹਾਸਕ Low ਹਨ
Residential and Commerical
No Tax Returns
Credit Score as low as 500
ਇਕ ਤੋਂ ਵੱਧ Lenders ਦੇ rates ਲਵੋ
Self Employed - No W2 - Stated Income Loans available
ਇਕ ਸਾਲ ਦੇ Tax returns ਨਾਲ ਆਪਣਾ Loan approve ਕਰਵਾਓ।
3% down payment ਦੇ ਨਾਲ ਆਪਣਾ ਨਵਾਂ ਘਰ ਖਰੀਦੋ, ਕੋਈ PMI ਨਹੀਂ
Foreign National Loans available

ratebeat MORTGAGE
RateBeat LLC (NMLS ID: 1267188)
(877) 877-7575

Gas Stations - Hotels/Motels
Multi-Family-Retail
Warehouse- Self-Storage
Auto Service

ਅੱਜ ਹੀ ਕਾਲ ਕਰੋ
Nirmal Singh Mann
(NMLS 357314)
EQUAL HOUSING LENDER
(877) 877-7575, www.ratebeat.com




25 year Power Warranty

## Empowering the Sun from all Directions™

SUNPREME CONFIDENTIAL



ਅਮਰੀਕਾ 'ਚ ਬਿਜਲੀ ਦੇ ਬਿਲਾਂ ਨੂੰ

## Solar Café with Bifacial Solar Panels.

SUNPREME CONFIDENTIAL

# ਅਲਵਿਦਾ ਕਹੋ

We are representing SunPREME Solar Panel

ਆਪਣੇ ਘਰਾਂ ਅਤੇ ਕਾਰੋਬਾਰ ਉਪਰ ਸੋਲਰ ਸਿਸਟਮ ਲਗਾਉਣ ਲਈ ਅਤੇ ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ। ਕੇਅਰ ਕੀਮਤ ਤੇ ਕੁਆਲਟੀ ਦੀ ਪੱਕੀ ਗਰੰਟੀ

- Go Solar with Sunpreme's Premium Quality Solar Panels, 25 Year Power Warranty and Most Competitive Prices.
- Residential, Commercial and Solar Farms with Sunpreme High Performance Bifacial Smart Panels.
- Customer Satisfaction Guaranteed.

Please Call

**ਸਤਨਾਮ ਸਿੰਘ ਖਾਲਸਾ 510-706-1300**


THATH
ਵੱਖਰੇ
BIKKAR
BADSHAH
ENTERTAINMENT
BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com